@Qpatrika · @qaumipatrika punjabi · instagram.com/ qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 19 February 2026

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਵੀਰਵਾਰ 19 ਫਰਵਰੀ 2026, 7 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 106, qpatrika@gmail.com ਫੋਨ : 9971359517 www.qaumipatrika.org

## ਰਾਹੁਲ ਗਾਂਧੀ ਨੂੰ ਸੰਸਦ ਚਲਾਉਣ 'ਚ ਕੋਈ ਦਿਲਚਸਪੀ ਨਹੀਂ : ਕਿਰਨ ਰਿਜਿਜੂ

ਨਵੀਂ ਦਿੱਲੀ 18 ਫਰਵਰੀ। ਸੰਸਦੀ ਮਾਮਲਿਆਂ ਦੇ ਮੰਤਰੀ ਕਿਰਨ ਰਿਜਿਜੂ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ 'ਤੇ ਗੰਭੀਰ ਦੋਸ਼ ਲਗਾਉਂਦੇ ਹੋਏ ਕਿਹਾ ਹੈ ਕਿ ਉਨ੍ਹਾਂ ਨੂੰ ਸੰਸਦ ਦੀ ਕਾਰਵਾਈ ਸੁਚਾਰੂ ਢੰਗ ਨਾਲ ਚਲਾਉਣ 'ਚ ਕੋਈ ਦਿਲਚਸਪੀ ਨਹੀਂ ਹੈ। ਰਿਜਿਜੂ ਅਨੁਸਾਰ, ਰਾਹੁਲ ਗਾਂਧੀ ਨੂੰ ਕੁਝ ਗੈਰ-ਸਰਕਾਰੀ ਸੰਗਠਨਾਂ ਨੇ ਇਹ ਸਿਖਾ ਦਿੱਤਾ ਹੈ ਕਿ ਅਜਿਹਾ ਕਰਨ ਨਾਲ ਉਨ੍ਹਾਂ ਦੀ ਪਾਰਟੀ ਦੇ 'ਚੰਗੇ ਦਿਨ' ਆਉਣਗੇ, ਜਿਸ ਕਾਰਨ ਉਹ ਲਗਾਤਾਰ ਸਦਨ ਦੀ ਕਾਰਵਾਈ ਵਿਚ ਵਿਘਨ ਪਾ ਰਹੇ ਹਨ। ਕੇਂਦਰੀ



ਮੰਤਰੀ ਨੇ ਸਪੱਸ਼ਟ ਕੀਤਾ ਕਿ ਸਰਕਾਰ ਨੇ ਸਦਨ ਨੂੰ ਸ਼ਾਂਤ ਕਰਨ ਲਈ ਕਾਂਗਰਸ ਦੇ ਸੀਨੀਅਰ ਆਗੂ ਕੇ. ਸੀ. ਵੇਣੂਗੋਪਾਲ ਅਤੇ ਹੋਰਾਂ ਨਾਲ ਗੱਲਬਾਤ ਸਮੇਤ ਕਈ ਕੋਸ਼ਿਸ਼ਾਂ ਕੀਤੀਆਂ ਹਨ, ਪਰ ਇਨ੍ਹਾਂ ਦਾ ਕੋਈ ਫਾਇਦਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਹੁਣ ਸਰਕਾਰ ਕਾਂਗਰਸ ਨੂੰ ਮਨਾਉਣ ਲਈ ਕੋਈ ਵਾਧੂ ਕਦਮ ਨਹੀਂ ਚੁੱਕੇਗੀ ਕਿਉਂਕਿ ਪਾਰਟੀ ਲਗਾਤਾਰ ਚੋਣਾਂ ਹਾਰਨ ਕਾਰਨ ਨਿਰਾਸ਼ਾ ਵਿਚ ਹੈ। ਰਿਜਿਜੂ ਨੇ ਦਾਅਵਾ ਕੀਤਾ ਕਿ ਅਗਲੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀਆਂ ਸੀਟਾਂ ਹੋਰ ਵੀ ਘੱਟ ਜਾਣਗੀਆਂ। ਰਿਜਿਜੂ ਨੇ ਇਹ ਵੀ ਦਾਅਵਾ ਕੀਤਾ ਕਿ ਵਿਰੋਧੀ ਧਿਰ ਦੀਆਂ ਛੋਟੀਆਂ ਪਾਰਟੀਆਂ ਰਾਹੁਲ ਗਾਂਧੀ ਦੇ ਵਤੀਰੇ ਤੋਂ ਦੁਖੀ ਹਨ ਕਿਉਂਕਿ ਹੰਗਾਮੇ ਕਾਰਨ ਉਨ੍ਹਾਂ ਦਾ ਬੋਲਣ ਦਾ ਕੀਮਤੀ ਸਮਾਂ ਬਰਬਾਦ ਹੋ ਰਿਹਾ ਹੈ। ਉਨ੍ਹਾਂ ਅਨੁਸਾਰ ਸਾਰੀਆਂ ਵਿਰੋਧੀ ਪਾਰਟੀਆਂ ਕਾਂਗਰਸ ਦੇ ਨਾਲ ਨਹੀਂ ਹਨ ਅਤੇ ਕਈਆਂ ਨੇ ਤਾਂ ਲੋਕ ਸਭਾ ਸਪੀਕਰ ਵਿਰੁੱਧ ਲਿਆਂਦੇ ਮਤੇ 'ਤੇ ਦਸਤਖਤ ਵੀ ਨਹੀਂ ਕੀਤੇ। ਜ਼ਿਕਰਯੋਗ ਹੈ ਕਿ ਬਜਟ ਸੈਸ਼ਨ ਦੌਰਾਨ ਟਕਰਾਅ ਉਦੋਂ ਵਧਿਆ ਜਦੋਂ ਰਾਹੁਲ ਗਾਂਧੀ ਸਾਬਕਾ ਫੌਜ ਮੁਖੀ ਐੱਮ. ਐੱਮ. ਨਰਵਣੇ ਦੀਆਂ ਅਣਪ੍ਰਕਾਸ਼ਿਤ ਯਾਦਾਂ ਦੇ ਅੰਸ਼ਾਂ ਦਾ ਹਵਾਲਾ ਦੇ ਕੇ ਬੋਲਣਾ ਚਾਹੁੰਦੇ ਸਨ, ਜਿਸ ਦੀ ਇਜਾਜ਼ਤ ਸਪੀਕਰ ਨੇ ਨਹੀਂ ਦਿੱਤੀ। ਇਸ ਤੋਂ ਬਾਅਦ ਅਨੁਸ਼ਾਸਨਹੀਣਤਾ ਲਈ ਵਿਰੋਧੀ ਧਿਰ ਦੇ 8 ਮੈਂਬਰਾਂ ਨੂੰ ਸੈਸ਼ਨ ਦੇ ਬਾਕੀ ਸਮੇਂ ਲਈ ਮੁਅੱਤਲ ਕਰ ਦਿੱਤਾ ਗਿਆ। ਵਿਰੋਧੀ ਧਿਰ ਨੇ ਸਪੀਕਰ ਓਮ ਬਿਰਲਾ 'ਤੇ ਪੱਖਪਾਤੀ ਹੋਣ ਦਾ ਦੋਸ਼ ਲਗਾਉਂਦੇ ਹੋਏ ਉਨ੍ਹਾਂ ਵਿਰੁੱਧ ਬੇਭਰੋਸਗੀ ਮਤਾ ਪੇਸ਼ ਕੀਤਾ, ਜਿਸ ਕਾਰਨ ਸਪੀਕਰ ਨੇ ਖੁਦ ਨੂੰ ਸਦਨ ਦੀ ਪ੍ਰਧਾਨਗੀ ਤੋਂ ਵੱਖ ਕਰ ਲਿਆ।

# 'ਤਿਆਰੀ ਹੀ ਹੈ ਡਰ ਦਾ ਇਲਾਜ' ਏਆਈ ਨਾਲ ਨੌਕਰੀਆਂ 'ਤੇ ਖ਼ਤਰੇ ਨੂੰ ਲੈ ਕੇ ਪ੍ਰਧਾਨ ਮੰਤਰੀ ਮੋਦੀ ਨੇ ਨੌਜਵਾਨਾਂ ਨੂੰ ਦਿੱਤਾ ਜਿੱਤ ਦਾ ਮੰਤਰ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਨੈਸ਼ਨਲ ਡੈਸਕ 18 ਫਰਵਰੀ। ਇੰਡੀਆ ਏਆਈ ਇੰਪੈਕਟ ਸਮਿਟ 2026 ਸ਼ੁਰੂ ਹੋ ਗਿਆ ਹੈ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਸੰਬੰਧੀ ਨੌਜਵਾਨਾਂ ਨੂੰ ਦਰਪੇਸ਼ ਚਿੰਤਾਵਾਂ, ਸੰਭਾਵਨਾਵਾਂ ਅਤੇ ਚੁਣੌਤੀਆਂ ਬਾਰੇ ਵਿਸਥਾਰ ਵਿੱਚ ਗੱਲ ਕੀਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਏਆਈ ਤੋਂ ਡਰਨ ਦੀ ਕੋਈ ਲੋੜ ਨਹੀਂ ਹੈ, ਸਗੋਂ ਇਸ ਲਈ ਤਿਆਰੀ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਏਆਈ ਭਵਿੱਖ ਦੀ ਸਮੱਸਿਆ ਨਹੀਂ ਹੈ, ਸਗੋਂ ਸਮੇਂ ਦੀ ਲੋੜ ਹੈ। ਇਸ ਲਈ ਸਰਕਾਰ ਲੋਕਾਂ ਨੂੰ ਹੁਨਰਮੰਦ ਬਣਾਉਣ ਅਤੇ ਮੁੜ-ਹੁਨਰਮੰਦ ਬਣਾਉਣ ਵਿੱਚ ਨਿਵੇਸ਼ ਕਰ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਏਆਈ ਮਨੁੱਖੀ ਸਭਿਅਤਾ ਵਿੱਚ ਇੱਕ ਮਹੱਤਵਪੂਰਨ ਮੋੜ 'ਤੇ ਖੜ੍ਹਾ ਹੈ। ਇਹ ਲੋਕਾਂ ਦੀਆਂ ਸਮਰੱਥਾਵਾਂ ਨੂੰ ਬੇਮਿਸਾਲ ਤਰੀਕਿਆਂ ਨਾਲ ਵਧਾ ਸਕਦਾ ਹੈ, ਪਰ ਸਹੀ ਮਾਰਗਦਰਸ਼ਨ ਜ਼ਰੂਰੀ ਹੈ। ਉਨ੍ਹਾਂ ਕਿਹਾ, ਤਕਨਾਲੋਜੀ ਦਾ ਅੰਤਮ ਟੀਚਾ 'ਸਾਰਿਆਂ ਲਈ ਭਲਾਈ ਅਤੇ ਖੁਸ਼ੀ' ਹੋਣਾ ਚਾਹੀਦਾ ਹੈ। ਸੰਮੇਲਨ ਦਾ ਧਿਆਨ ਸਿਰਫ਼ ਨਵੀਆਂ ਤਕਨਾਲੋਜੀਆਂ ਬਣਾਉਣ 'ਤੇ ਨਹੀਂ ਹੈ, ਸਗੋਂ ਸਮਾਜ ਨੂੰ ਲਾਭ ਪਹੁੰਚਾਉਣ ਵਾਲੇ ਨਤੀਜਿਆਂ ਨੂੰ ਪ੍ਰਾਪਤ ਕਰਨ 'ਤੇ ਹੈ। ਇਹ ਸੰਮੇਲਨ ਲੋਕ, ਗ੍ਰਹਿ ਅਤੇ ਤਰੱਕੀ 'ਤੇ ਅਧਾਰਤ ਹੈ, ਜਿਸਦਾ ਅਰਥ ਹੈ ਲੋਕ,



ਵਾਤਾਵਰਣ ਅਤੇ ਵਿਕਾਸ। ਭਾਰਤ ਚਾਹੁੰਦਾ ਹੈ ਕਿ ਏਆਈ ਦੇ ਲਾਭ ਦੁਨੀਆ ਦੇ ਹਰ ਹਿੱਸੇ ਤੱਕ ਪਹੁੰਚਣ, ਨਾ ਕਿ ਸਿਰਫ਼ ਕੁਝ ਦੇਸ਼ਾਂ ਜਾਂ ਲੋਕਾਂ ਤੱਕ। ਪਹਿਲੇ ਗਲੋਬਲ ਏਆਈ ਸੰਮੇਲਨ ਦੇ ਰੂਪ ਵਿੱਚ ਭਾਰਤ ਇੱਕ ਅਜਿਹਾ ਪਲੇਟਫਾਰਮ ਬਣਾ ਰਿਹਾ ਹੈ ਜੋ ਘੱਟ ਪ੍ਰਤੀਨਿਧਤਾ ਵਾਲੇ ਦੇਸ਼ਾਂ ਅਤੇ ਭਾਈਚਾਰਿਆਂ ਦੀਆਂ ਆਵਾਜ਼ਾਂ ਨੂੰ ਮਜ਼ਬੂਤ ਕਰਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਸਵੀਕਾਰ ਕੀਤਾ ਕਿ ਨੌਜਵਾਨ ਏਆਈ ਕਾਰਨ ਨੌਕਰੀਆਂ ਦੇ ਖੁੱਸਣ ਬਾਰੇ ਚਿੰਤਤ ਹਨ। ਉਨ੍ਹਾਂ ਕਿਹਾ, ਡਰ ਦਾ ਸਭ ਤੋਂ ਵਧੀਆ ਇਲਾਜ ਤਿਆਰੀ ਹੈ। ਸਰਕਾਰ ਨੌਜਵਾਨਾਂ ਨੂੰ ਏਆਈ-ਸੰਚਾਲਿਤ ਭਵਿੱਖ ਲਈ ਨਵੇਂ ਹੁਨਰ ਸਿਖਾ ਰਹੀ ਹੈ। ਡਿਜੀਟਲ ਸਿਖਲਾਈ, ਤਕਨੀਕੀ ਸਿੱਖਿਆ ਅਤੇ ਨਵੀਆਂ ਤਕਨਾਲੋਜੀਆਂ ਵਿੱਚ ਸਿਖਲਾਈ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਸਮਝਾਇਆ ਕਿ ਇਤਿਹਾਸ ਗਵਾਹ ਹੈ, ਜਦੋਂ ਵੀ ਨਵੀਆਂ ਤਕਨਾਲੋਜੀਆਂ ਉਭਰੀਆਂ ਹਨ, ਕੁਦਰਤ ਵਿੱਚ ਕੁਝ ਨੌਕਰੀਆਂ ਬਦਲੀਆਂ ਹਨ, ਪਰ ਨਵੀਆਂ ਕਿਸਮਾਂ ਦੀਆਂ ਨੌਕਰੀਆਂ ਵੀ ਪੈਦਾ ਹੋਈਆਂ ਹਨ। ਏਆਈ ਡਾਕਟਰਾਂ, ਅਧਿਆਪਕਾਂ ਅਤੇ ਵਕੀਲਾਂ ਨੂੰ ਵਧੇਰੇ ਲੋਕਾਂ ਤੱਕ ਪਹੁੰਚਣ ਵਿੱਚ ਮਦਦ ਕਰੇਗਾ। ਇਹ ਨੌਕਰੀਆਂ ਨੂੰ ਖਤਮ ਨਹੀਂ ਕਰੇਗਾ, ਸਗੋਂ ਉਨ੍ਹਾਂ ਦੇ ਕੰਮ ਕਰਨ ਦੇ ਤਰੀਕੇ ਨੂੰ ਬਦਲ ਦੇਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ 2047 ਤੱਕ ਵਿਕਸਤ ਭਾਰਤ ਨੂੰ ਪ੍ਰਾਪਤ ਕਰਨ ਵਿੱਚ ਏਆਈ ਮਹੱਤਵਪੂਰਨ ਭੂਮਿਕਾ ਨਿਭਾਏਗਾ। ਏਆਈ ਪਹਿਲਾਂ ਹੀ ਸਿਹਤ ਸੰਭਾਲ ਵਿੱਚ ਪ੍ਰਭਾਵ ਪਾ ਰਿਹਾ ਹੈ। ਉਦਾਹਰਣ ਵਜੋਂ ਡੇਅਰੀ ਬ੍ਰਾਂਡ ਅਮੂਲ ਹਜ਼ਾਰਾਂ ਪਿੰਡਾਂ ਵਿੱਚ 3.6 ਮਿਲੀਅਨ ਔਰਤਾਂ ਤੱਕ ਪਹੁੰਚਣ ਲਈ 19 ਦੀ ਵਰਤੋਂ ਕਰ ਰਿਹਾ ਹੈ। ਜਦੋਂਕਿ ਦੁਨੀਆ 19 ਦੁਆਰਾ ਵਧਦੀ ਅਸਮਾਨਤਾ ਬਾਰੇ ਚਿੰਤਤ ਹੈ, ਭਾਰਤ ਇਸ ਨੂੰ ਘਟਾਉਣ ਲਈ 19 ਦੀ ਵਰਤੋਂ ਕਰ ਰਿਹਾ ਹੈ। ਸਰਕਾਰ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ 19 ਹਰ ਪਿੰਡ, ਹਰ ਜ਼ਿਲ੍ਹੇ ਅਤੇ ਹਰ ਨਾਗਰਿਕ ਨੂੰ ਸਿਹਤ, ਸਿੱਖਿਆ ਅਤੇ ਆਰਥਿਕ ਮੌਕਿਆਂ ਤੱਕ ਪਹੁੰਚ ਪ੍ਰਦਾਨ ਕਰੇ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ 19 ਵਿੱਚ ਪੱਖਪਾਤ ਅਤੇ ਸੀਮਾਵਾਂ ਸਬੰਧੀ ਚਿੰਤਾਵਾਂ ਅੱਜ ਵੀ ਪ੍ਰਸੰਗਿਕ ਹਨ। 19 ਸਿਸਟਮ ਕਈ ਵਾਰ ਅਣਜਾਣੇ ਵਿੱਚ ਲਿੰਗ, ਭਾਸ਼ਾ ਜਾਂ ਸਮਾਜਿਕ-ਆਰਥਿਕ ਪਿਛੋਕੜ ਦੇ ਅਧਾਰ ਤੇ ਵਿਤਕਰੇ ਨੂੰ ਉਤਸ਼ਾਹਿਤ ਕਰ ਸਕਦੇ ਹਨ। ਇਹਨਾਂ ਮੁੱਦਿਆਂ 'ਤੇ ਏਆਈ ਪ੍ਰਭਾਵ ਸੰਮੇਲਨ 2026 ਵਿੱਚ ਵਿਸ਼ਵ ਪੱਧਰ 'ਤੇ ਚਰਚਾ ਕੀਤੀ ਜਾ ਰਹੀ ਹੈ।

## ਭਾਜਪਾ ਨੇ ਪੰਜਾਬ ਵਿਚ ਕਰ 'ਤਾ ਵੱਡਾ ਐਲਾਨ, 117 ਵਿਧਾਨ ਸਭਾ ਹਲਕਿਆਂ 'ਚ ਕੀਤੀਆਂ ਨਿਯੁਕਤੀਆਂ

ਚੰਡੀਗੜ੍ਹ/ਮੋਗਾ 18 ਫਰਵਰੀ। ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਆਉਣ ਵਾਲੇ ਸਮੇਂ ਵਿਚ ਮੋਗਾ ਵਿਚ ਪ੍ਰਸਤਾਵਿਤ ਸੂਬਾ ਪੱਧਰੀ ਰੈਲੀ ਨੂੰ ਲੈ ਕੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਇਸ ਰੈਲੀ ਦੀ ਸਫਲਤਾ ਲਈ ਪਾਰਟੀ ਵੱਲੋਂ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਲਈ 'ਪ੍ਰਦੇਸ਼ ਰੈਲੀ ਵਿਧਾਨ ਸਭਾ ਇੰਚਾਰਜ' ਨਿਯੁਕਤ ਕੀਤੇ ਗਏ ਹਨ। ਇਸ ਸੂਚੀ ਵਿਚ ਕਈ ਦਿੱਗਜ ਆਗੂਆਂ ਨੂੰ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹਨ। ਜਾਰੀ ਹੋਈ ਸੂਚੀ ਮੁਤਾਬਕ ਗਿੱਦੜਬਾਹਾ ਹਲਕੇ ਲਈ ਮਨਪ੍ਰੀਤ ਸਿੰਘ ਬਾਦਲ ਨੂੰ ਇੰਚਾਰਜ ਲਗਾਇਆ ਗਿਆ ਹੈ। ਖਬਰ ਵਿਚ ਇੰਚਾਰਜਾਂ ਦੀ ਪੂਰੀ ਲਿਸਟ ਦੇਖੀ ਜਾ ਸਕਦੀ ਹੈ। ਪਟਿਆਲਾ ਤੋਂ ਬੀਬਾ ਜੈ ਇੰਦਰ ਕੌਰ ਅਤੇ ਪਟਿਆਲਾ ਦਿਹਾਤੀ ਲਈ ਸਤਵੀਰ ਸਿੰਘ ਖੱਟੜਾ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਤੋਂ ਇਲਾਵਾ ਤਲਵੰਡੀ ਸਾਬੋ ਤੋਂ ਪਰਮਪਾਲ ਕੌਰ ਮਲੂਕਾ ਨੂੰ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਜਦਕਿ ਜਲੰਧਰ ਪੱਛਮੀ ਤੋਂ ਸ਼ੀਤਲ ਅੰਗੁਰਾਲ ਅਤੇ ਹੁਸ਼ਿਆਰਪੁਰ ਤੋਂ ਤੀਕਸ਼ਣ ਸੂਦ ਨੂੰ ਇੰਚਾਰਜ ਬਣਾਇਆ ਗਿਆ ਹੈ। ਅੰਮ੍ਰਿਤਸਰ ਉੱਤਰੀ ਲਈ ਸੁਖਮਿੰਦਰ ਸਿੰਘ ਪਿੰਟੂ ਅਤੇ ਕਾਦੀਆਂ ਲਈ ਫਤਿਹ ਜੰਗ ਸਿੰਘ ਬਾਜਵਾ ਦੇ ਨਾਮ ਸ਼ਾਮਲ ਹਨ। ਸੂਚੀ ਅਨੁਸਾਰ ਹਲਕਾ ਸੁਜਾਨਪੁਰ ਤੋਂ ਦਿਨੇਸ਼ ਸਿੰਘ ਬੱਬੂ ਅਤੇ ਹਲਕਾ ਸ਼ੁਤਰਾਣਾ ਤੋਂ ਨਰਾਇਣ ਸਿੰਘ ਨਰਸੋਤ ਨੂੰ ਇੰਚਾਰਜ ਲਗਾ ਕੇ ਪੂਰੇ ਪੰਜਾਬ ਨੂੰ ਕਵਰ ਕੀਤਾ ਗਿਆ ਹੈ। ਇਹ ਨਿਯੁਕਤੀਆਂ ਦਰਸਾਉਂਦੀਆਂ ਹਨ ਕਿ ਪਾਰਟੀ ਇਸ ਰੈਲੀ ਰਾਹੀਂ ਸੂਬੇ ਵਿਚ ਆਪਣਾ ਸ਼ਕਤੀ ਪ੍ਰਦਰਸ਼ਨ ਕਰਨ ਦੀ ਪੂਰੀ ਤਿਆਰੀ ਵਿਚ ਹੈ।

## ਝੂਠੀ ਜਾਂਚ ਰਿਪੋਰਟ ਪੇਸ਼ ਕਰਨ ਵਾਲਿਆਂ ਵਿਰੁੱਧ ਐਫਆਈਆਰ ਹੋਵੇ ਦਰਜ: ਮੁੱਖ ਮੰਤਰੀ ਯੋਗੀ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਗੋਰਖਪੁਰ 18 ਫਰਵਰੀ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸਨੀਵਾਰ ਨੂੰ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਜੇਕਰ ਕਿਸੇ ਵੀ ਮਾਮਲੇ ਦੀ ਜਾਂਚ ਦੌਰਾਨ ਗਲਤ ਰਿਪੋਰਟ ਦਰਜ ਕੀਤੀ ਜਾਂਦੀ ਹੈ ਤਾਂ ਸਬੰਧਤ ਅਧਿਕਾਰੀ ਵਿਰੁੱਧ ਐਫਆਈਆਰ ਦਰਜ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਹਰ ਮਾਮਲੇ ਦੀ ਨਿਰਪੱਖਤਾ ਨਾਲ ਜਾਂਚ ਹੋਣੀ ਚਾਹੀਦੀ ਹੈ। ਕਿਸੇ ਵੀ ਮਾਮਲੇ ਵਿੱਚ ਲਾਪਰਵਾਹੀ ਜਾਂ ਢਿੱਲ-ਮੱਠ ਅਸਵੀਕਾਰਨਯੋਗ ਹੈ। ਇਸ ਸਬੰਧੀ ਜਾਰੀ ਬਿਆਨ ਅਨੁਸਾਰ, ਮੁੱਖ ਮੰਤਰੀ ਆਦਿੱਤਿਆਨਾਥ ਨੇ ਸਨੀਵਾਰ ਸਵੇਰੇ ਗੋਰਖਨਾਥ ਮੰਦਰ ਵਿੱਚ ਜਨਤਕ ਦਰਸਨ ਦੌਰਾਨ ਲੋਕਾਂ ਦੀਆਂ ਸਿ਼ਕਾਇਤਾਂ ਸੁਣੀਆਂ ਅਤੇ ਪ੍ਰਸਾਸਨਿਕ ਅਤੇ ਪੁਲਸ ਅਧਿਕਾਰੀਆਂ ਨੂੰ ਇਹ ਨਿਰਦੇਸ ਦਿੱਤੇ। ਮੰਦਰ ਕੰਪਲੈਕਸ ਵਿੱਚ ਮਹੰਤ ਦਿਗਵਿਜੈਨਾਥ ਸਮ੍ਰਿਤੀ ਭਵਨ ਦੇ ਬਾਹਰ ਆਯੋਜਿਤ ਜਨਤਾ ਦਰਸਨ ਦੌਰਾਨ ਮੁੱਖ ਮੰਤਰੀ ਨੇ ਸਾਰਿਆਂ ਨੂੰ ਭਰੋਸਾ ਦਿੱਤਾ ਕਿ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਹਰ ਸਮੱਸਿਆ ਦਾ ਪ੍ਰਭਾਵਸਾਲੀ ਢੰਗ ਨਾਲ ਹੱਲ ਕੀਤਾ ਜਾਵੇਗਾ। ਉਨ੍ਹਾਂ ਨੇ ਮੌਕੇ 'ਤੇ ਮੌਜੂਦ ਪ੍ਰਸਾਸਨ ਅਤੇ ਪੁਲਸ ਅਧਿਕਾਰੀਆਂ ਨੂੰ ਜਨਤਕ ਸਮੱਸਿਆਵਾਂ ਨੂੰ ਸਮੇਂ ਸਿਰ ਨਿਰਪੱਖ ਅਤੇ ਗੁਣਵੱਤਾਪੂਰਨ ਢੰਗ ਨਾਲ ਹੱਲ ਕਰਨ ਦੇ ਨਿਰਦੇਸ ਦਿੱਤੇ। ਜਨਤਾ ਦਰਸਨ ਦੌਰਾਨ



ਕੁਝ ਮਾਮਲੇ ਅਜਿਹੇ ਵੀ ਸਾਹਮਣੇ ਆਏ ਸਨ, ਜਿੱਥੇ ਸਿ਼ਕਾਇਤਾਂ ਕੀਤੀਆਂ ਗਈਆਂ ਸਨ ਕਿ ਝੂਠੀ ਰਿਪੋਰਟ ਦਰਜ ਕੀਤੀ ਗਈ ਹੈ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਮਾਮਲੇ ਦੀ ਜਾਂਚ ਕਰਨ ਅਤੇ ਝੂਠੀ ਰਿਪੋਰਟ ਦਰਜ ਕਰਵਾਉਣ ਵਾਲੇ ਵਿਅਕਤੀ ਵਿਰੁੱਧ ਐਫਆਈਆਰ ਦਰਜ ਕਰਨ ਦੇ ਨਿਰਦੇਸ ਦਿੱਤੇ। ਉਨ੍ਹਾਂ ਕਿਹਾ ਕਿ ਪੀੜਤਾਂ ਦੀ ਮਦਦ ਕਰਨ ਵਿੱਚ ਕੋਈ ਢਿੱਲ ਜਾਂ ਲਾਪਰਵਾਹੀ ਨਹੀਂ ਹੋਣੀ ਚਾਹੀਦੀ। ਜੇਕਰ ਜਨਤਾ ਦੀਆਂ ਸਮੱਸਿਆਵਾਂ ਦੇ ਹੱਲ ਵਿੱਚ ਕਿਸੇ ਵੀ ਤਰ੍ਹਾਂ ਦੀ ਦੇਰੀ ਹੁੰਦੀ ਹੈ, ਤਾਂ ਸਬੰਧਤ ਅਧਿਕਾਰੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਜੇਕਰ ਕਿਸੇ ਪੀੜਤ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਕੋਈ ਮੁਸਕਲ ਆਉਂਦੀ ਹੈ ਤਾਂ ਉਸਦੀ ਪਛਾਣ ਕਰਕੇ ਹੱਲ ਕੀਤਾ ਜਾਣਾ ਚਾਹੀਦਾ ਹੈ। ਜੇਕਰ ਜਾਣਬੁੱਝ ਕੇ ਕਿਸੇ ਵੀ ਪੱਧਰ 'ਤੇ ਮਾਮਲਾ ਲਟਕਾਇਆ ਜਾਂਦਾ ਹੈ ਤਾਂ ਸਬੰਧਤ ਅਧਿਕਾਰੀ ਵਿਰੁੱਧ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਹਦਾਇਤ ਕੀਤੀ ਕਿ ਜਮੀਨ ਹੜੱਪਣ ਦੀਆਂ ਸਿ਼ਕਾਇਤਾਂ 'ਤੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਵਾਰ ਵੀ ਕੁਝ ਲੋਕ ਜਨਤਾ ਦਰਸਨ ਵਿੱਚ ਇਲਾਜ ਲਈ ਵਿੱਤੀ ਸਹਾਇਤਾ ਦੀ ਬੇਨਤੀ ਕਰਨ ਲਈ ਆਏ। ਇਸ 'ਤੇ ਮੁੱਖ ਮੰਤਰੀ ਯੋਗੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਹਸਪਤਾਲ ਦੇ ਖਰਚਿਆਂ ਦਾ ਵੇਰਵਾ ਜਲਦੀ ਤੋਂ ਜਲਦੀ ਇਕੱਠਾ ਕਰਕੇ ਸਰਕਾਰ ਨੂੰ ਉਪਲਬਧ ਕਰਵਾਇਆ ਜਾਵੇ ਅਤੇ ਇਲਾਜ ਲਈ ਮੁੱਖ ਮੰਤਰੀ ਦੇ ਅਖਤਿਆਰੀ ਫੰਡ ਤੋਂ ਲੋੜੀਂਦੀ ਮਦਦ ਮੁਹੱਈਆ ਕਰਵਾਈ ਜਾਵੇਗੀ।

## ਸੁਖਬੀਰ ਬਾਦਲ ਵੱਲੋਂ 2027 'ਚ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਫਗਵਾੜਾ ਨੂੰ ਜ਼ਿਲ੍ਹਾ ਬਣਾਉਣ ਦਾ ਭਰੋਸਾ

ਫਗਵਾੜਾ 18 ਫਰਵਰੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਹਲਕਾ ਇੰਚਾਰਜ ਫਗਵਾੜਾ ਸ਼ਹਿਰੀ ਰਣਜੀਤ ਸਿੰਘ ਖੁਰਾਣਾ ਅਤੇ ਦਿਹਾਤੀ ਇੰਚਾਰਜ ਰਜਿੰਦਰ ਸਿੰਘ ਚੰਦੀ ਦੀ ਅਗਵਾਈ 'ਚ ਹਲਕਾ ਫਗਵਾੜਾ ਦੇ ਸੀਨੀਅਰ ਅਹੁਦੇਦਾਰਾਂ ਅਤੇ ਵਰਕਰਾਂ ਨੇ ਵਿਸ਼ੇਸ ਮੀਟਿੰਗ ਕੀਤੀ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਫਗਵਾੜਾ ਨੂੰ ਜ਼ਿਲ੍ਹਾ ਬਣਾਉਣ ਦੀ ਮੰਗ ਰੱਖੀ, ਜਿਸ 'ਤੇ ਬਾਦਲ ਨੇ ਕਿਹਾ ਕੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੈਨੀਫਸਟੋ ਵਿਚ ਫਗਵਾੜਾ ਨੂੰ ਪਹਿਲ ਦੇ ਆਧਾਰ 'ਤੇ ਜ਼ਿਲ੍ਹਾ ਬਣਾਉਣ ਦੀ ਤਜਵੀਜ਼ ਸੀ ਅਤੇ ਹੁਣ ਵੀ 2027 ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਫਗਵਾੜਾ ਨੂੰ ਪਹਿਲੇ 3 ਮਹੀਨੇ ਦੇ ਅੰਦਰ ਜ਼ਿਲ੍ਹਾ ਬਣਾਇਆ ਜਾਵੇਗਾ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਕਿਸੇ ਨਾਲ ਕੀਤਾ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਦੋਸ਼ ਲਗਾਇਆ ਕਿ ਇਹ ਸਰਕਾਰ ਅਤੇ ਆਮ ਆਦਮੀ ਪਾਰਟੀ ਝੂਠ ਦੀਆਂ ਪੰਡਾਂ ਹਨ, ਜਿਸ ਦੀ ਸੱਚਾਈ ਹੁਣ ਸਾਰਾ ਪੰਜਾਬ ਜਾਣ ਚੁੱਕਾ ਹੈ। ਸੁਖਬੀਰ ਸਿੰਘ ਬਾਦਲ ਨੇ ਵਰਕਰਾਂ ਨੂੰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਹੁਣ ਤੋਂ ਹੀ ਕਮਰ ਕੱਸੇ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਮਜ਼ਬੂਤ ਬਣਾਉਣ ਅਤੇ ਲੋਕਾਂ ਤੱਕ ਆਪਣੀ ਨੀਤੀ ਅਤੇ ਵਿਚਾਰਧਾਰਾ ਪਹੁੰਚਾਉਣ ਲਈ ਹਰ ਵਰਕਰ ਨੂੰ ਸਰਗਰਮ ਭੂਮਿਕਾ ਨਿਭਾਉਣੀ ਹੋਵੇਗੀ। ਇਸ ਦੌਰਾਨ ਸਮੂਹ ਪਾਰਟੀ ਅਹੁਦੇਦਾਰਾਂ, ਵਰਕਰਾਂ ਅਤੇ ਸਮਰਥਕਾਂ ਨੇ ਇਕ ਸੁਰ ਵਿਚ ਕਿਹਾ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਅਤੇ ਆਉਣ ਵਾਲੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ।

## ਪੰਜਾਬ 'ਚ ਵੀ ਹੋਵੇਗੀ ਭਾਜਪਾ ਦੀ ਸਰਕਾਰ : ਸੀਐੱਮ ਸੈਣੀ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 18 ਫਰਵਰੀ। ਮੁੱਖ ਮੰਤਰੀ ਨਾਇਬ ਸੈਣੀ ਹਰਿਆਣਾ ਬਜਟ ਸੈਸ਼ਨ ਨੂੰ ਲੈ ਕੇ ਕੋਈ ਕਸਰ ਨਹੀਂ ਛੱਡ ਰਹੇ ਹਨ। ਪਿਛਲੇ ਕਈ ਦਿਨਾਂ ਤੋਂ ਉਹ ਖੇਤਰ ਵਿੱਚ ਹਨ, ਰਾਜ ਦੇ ਹਰ ਵਰਗ ਨਾਲ ਜੁੜ ਰਹੇ ਹਨ ਅਤੇ ਸੁਝਾਅ ਇਕੱਠੇ ਕਰ ਰਹੇ ਹਨ, ਜਿਸ ਵਿੱਚ ਮੰਤਰੀ ਅਤੇ ਉਨ੍ਹਾਂ ਦੇ ਸਭ ਤੋਂ ਭਰੋਸੇਮੰਦ ਮੁੱਖ ਪ੍ਰਮੁੱਖ ਸਕੱਤਰ, ਰਾਜੇਸ਼ ਖੁੱਲਰ ਸ਼ਾਮਲ ਹਨ। ਚੰਡੀਗੜ੍ਹ ਦੇ ਹਰਿਆਣਾ ਨਿਵਾਸ ਵਿਖੇ ਉਨ੍ਹਾਂ ਨੇ ਵਿਰੋਧੀ ਧਿਰ 'ਤੇ ਤਿੱਖਾ ਹਮਲਾ ਕੀਤਾ। ਅੰਕੜਿਆਂ ਨਾਲ ਆਪਣੀ ਸਰਕਾਰ ਅਤੇ ਮੁੱਖ ਵਿਰੋਧੀ ਪਾਰਟੀ ਕਾਂਗਰਸ ਸਰਕਾਰ ਦੌਰਾਨ ਪੇਸ਼ ਕੀਤੇ ਗਏ ਬਜਟ ਅਤੇ ਵਿੱਤੀ ਪ੍ਰਬੰਧਨ ਨੂੰ ਸ਼ੀਸ਼ਾ ਦਿਖਾਉਣ ਦੀ ਆਪਣੀ ਯੋਗਤਾ ਦਾ ਪ੍ਰਦਰਸ਼ਨ ਕੀਤਾ। ਮੁੱਖ ਮੰਤਰੀ ਨੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ 2024-25 ਲਈ ਹਰਿਆਣਾ ਦਾ ਵਿੱਤੀ ਘਾਟਾ 2.83 ਫੀਸਦੀ ਸੀ, ਜਦੋਂ ਕਿ 2014-15 ਵਿੱਚ 2.88 ਫੀਸਦੀ ਸੀ। ਰਾਜ ਦੀ ਕਰਜ਼ਾ ਉਧਾਰ ਲੈਣ ਦੀ ਸੀਮਾ 3% ਹੈ, ਅਤੇ ਵਰਤਮਾਨ ਵਿੱਚ 3% ਹੈ। ਇਸੇ ਤਰ੍ਹਾਂ, 16ਵੇਂ ਵਿੱਤ ਕਮਿਸ਼ਨ ਵਿੱਚ ਹਰਿਆਣਾ ਦਾ ਕੇਂਦਰ ਤੋਂ ਟੈਕਸ ਮਾਲੀਆ ਸਾਲ 2026-31 ਵਿੱਚ



1.093% ਤੋਂ ਵਧ ਕੇ 1.361% ਹੋ ਗਿਆ ਹੈ, ਜੋ ਕਿ ਇਤਿਹਾਸਕ 24.52% ਵਾਧਾ ਦਰਸਾਉਂਦਾ ਹੈ। ਇਸੇ ਤਰ੍ਹਾਂ, ਕਾਂਗਰਸ ਦੇ ਸ਼ਾਸਨ ਦੌਰਾਨ, ਹਰਿਆਣਾ 12ਵੇਂ ਵਿੱਤ ਕਮਿਸ਼ਨ ਵਿੱਚ 1.075%, 2010 ਵਿੱਚ 13ਵੇਂ ਵਿੱਚ 15ਵੇਂ ਅਤੇ 15ਵੇਂ ਵਿੱਚ 1.048% ਦੇ ਨਾਲ ਦੇਸ਼ ਭਰ ਵਿੱਚ 16ਵੇਂ ਸਥਾਨ 'ਤੇ ਸੀ। ਹਾਲਾਂਕਿ, 14ਵੇਂ ਵਿੱਤ ਕਮਿਸ਼ਨ ਵਿੱਚ, ਇਹ 17ਵੇਂ ਅਤੇ 15ਵੇਂ ਵਿੱਚ 21ਵੇਂ ਸਥਾਨ 'ਤੇ ਸੀ। ਅੱਜ, ਸਾਡੀ ਸਰਕਾਰ ਦੇ ਅਧੀਨ, 16ਵੇਂ ਵਿੱਤ ਕਮਿਸ਼ਨ ਵਿੱਚ ਰਾਜ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਵਾਧਾ ਹੋਇਆ ਹੈ। ਅੱਜ ਹਰਿਆਣਾ ਪਹਿਲੇ ਸਥਾਨ 'ਤੇ ਹੈ। ਸੈਣੀ ਨੇ ਕਿਹਾ ਕਿ 2004 ਅਤੇ 2005 ਵਿੱਚ ਹਰਿਆਣਾ ਵਿੱਚ ਸਰਕਾਰੀ ਅਤੇ ਗੈਰ-ਸਰਕਾਰੀ ਉੱਦਮਾਂ ਵਿੱਚ 90 ਲੱਖ 61 ਹਜ਼ਾਰ ਲੋਕ ਕੰਮ ਕਰ ਰਹੇ ਸਨ। ਇਸੇ ਤਰ੍ਹਾਂ 2014-15 ਵਿੱਚ, ਇਹ ਘੱਟ ਕੇ 8.693 ਮਿਲੀਅਨ ਰਹਿ ਗਿਆ। ਹੁਣ 2023-24 ਵਿੱਚ ਹਰਿਆਣਾ ਵਿੱਚ ਰੁਜ਼ਗਾਰ ਦਾ ਅੰਕੜਾ 11 ਮਿਲੀਅਨ ਤੱਕ ਪਹੁੰਚ ਗਿਆ ਹੈ। ਇਸ ਤੋਂ ਇਲਾਵਾ ਕਾਂਗਰਸ ਦੇ ਸ਼ਾਸਨ ਦੌਰਾਨ, 368,000 ਲੋਕਾਂ ਨੇ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ। ਇਸ ਤੋਂ ਇਲਾਵਾ, ਸਾਡੀ ਸਰਕਾਰ ਦੇ ਅਧੀਨ, 2023 ਅਤੇ 2024 ਵਿੱਚ 2.7 ਮਿਲੀਅਨ ਲੋਕਾਂ ਨੇ ਨਵੇਂ ਰੁਜ਼ਗਾਰ ਦੇ ਮੌਕੇ ਪ੍ਰਾਪਤ ਕੀਤੇ ਹਨ, ਜੋ ਕਿ ਇੱਕ ਮਹੱਤਵਪੂਰਨ ਪ੍ਰਾਪਤੀ ਹੈ।

Contd..........page-3



# ਰਾਧਾ ਸੁਆਮੀ ਸਤਿਸੰਗ ਭਵਨ ਨੇੜੇ ਵਾਪਰਿਆ ਹਾਦਸਾ, ਟੈਂਪੂ ਤੇ ਥਾਰ ਦੀ ਜ਼ਬਰਦਸਤ ਟੱਕਰ, ਇਕ ਦੀ ਮੌਤ

**ਕੌਮੀ ਪਤ੍ਰਿਕਾ**

ਬੰਗਾ 18 ਫਰਵਰੀ। ਬੰਗਾ-ਨਵਾਂਸ਼ਹਿਰ ਨੈਸ਼ਨਲ ਹਾਈਵੇਅ 'ਤੇ ਸਥਿਤ ਪਿੰਡ ਖਟਕੜ ਕਲਾਂ ਵਿਖੇ ਇਕ ਸਵਾਰੀਆਂ ਨਾਲ ਭਰੇ ਟੈਂਪੂ ਅਤੇ ਥਾਰ ਗੱਡੀ ਵਿਚਕਾਰ ਹੋਈ ਭਿਆਨਕ ਟੱਕਰ ਹੋ ਗਈ। ਇਸ ਹਾਦਸੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 6 ਵਿਅਕਤੀ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ। ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਇਕ ਮਹਿੰਦਰਾ ਥਾਰ ਗੱਡੀ ਨੰਬਰ ਪੀ. ਬੀ. 16 ਐੱਫ. 0092 ਜਿਸ ਨੂੰ ਭੁਪਿੰਦਰ ਬੜਵਾਲ ਨਾਮੀ ਵਿਅਕਤੀ ਚਲਾ ਰਿਹਾ ਸੀ, ਜੋਕਿ ਨਵਾਂਸ਼ਹਿਰ ਦੀ ਤਰਫੋਂ ਲਵਲੀ ਯੂਨੀਵਰਸਿਟੀ ਜਲੰਧਰ ਨੂੰ ਜਾ ਰਿਹਾ ਸੀ। ਉਸ ਨੇ ਦੱਸਿਆ ਜਿਵੇਂ ਹੀ ਉਹ ਸਮੇਤ ਗੱਡੀ ਪਿੰਡ ਖਟਕੜ ਕਲਾਂ ਦੇ ਨੇੜੇ ਬਣੇ ਰਾਧਾ ਸੁਆਮੀ ਸਤਿਸੰਗ ਭਵਨ ਪੁੱਜਾ ਤਾਂ ਇਕ ਨਵੀਂ ਸਕਾਰਪੀਓ ਗੱਡੀ ਨੇ ਉਸ ਨੂੰ ਸਾਈਡ ਮਾਰ ਦਿੱਤੀ, ਜਿਸ ਤੋਂ ਬਾਅਦ ਉਸ ਦੀ ਗੱਡੀ ਬੇਕਾਬੂ ਹੋ ਗਈ ਅਤੇ ਸੜਕ ਵਿਚਕਾਰ ਬਣੇ ਹੋਏ ਡਿਵਾਈਡਰ ਨੂੰ ਟੱਪ ਕੇ ਦੂਜੇ ਪਾਸੇ ਬੰਗਾ ਸਾਈਡ ਵੱਲੋਂ ਆ ਰਹੇ ਇਕ ਸਵਾਰੀਆਂ ਨਾਲ ਭਰੇ ਹੋਏ ਟੈਂਪੂ ਪੀ. ਸੀ. ਐੱਚ. 3005 ਨਾਲ ਟਕਰਾ ਗਈ। ਚਸ਼ਮਦੀਦਾਂ ਮੁਤਾਬਕ ਟੱਕਰ ਇੰਨੀ ਕੁ ਜ਼ਬਰਦਸਤ ਸੀ ਸਵਾਰੀਆਂ ਨਾਲ ਭਰੇ ਹੋਏ ਟੈਂਪੂ ਦੀਆਂ ਤਿੰਨ ਪਲਟੀਆਂ ਪੈ ਗਈਆਂ ਅਤੇ ਉਸ ਵਿੱਚ ਸਵਾਰ ਇਕ ਵਿਅਕਤੀ ਦੀ ਮੌਤ ਜਦਕਿ ਟੈਂਪੂ ਵਿੱਚ ਸਵਾਰ ਟੈਂਪੂ ਚਾਲਕ ਸਮੇਤ 6 ਸਵਾਰੀਆਂ ਦੇ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ। ਟੈਂਪੂ ਵਿੱਚ ਸਵਾਰ ਜ਼ਖ਼ਮੀਆ ਵਿੱਚ ਟੈਂਪੂ ਚਾਲਕ ਹਰਜਿੰਦਰ ਸਿੰਘ ਪੁੱਤਰ ਰੇਸ਼ਮ ਸਿੰਘ ਨਿਵਾਸੀ ਜੱਬੋਵਾਲ, ਕੋਮਲਪ੍ਰੀਤ ਪੁੱਤਰੀ ਕੇਵਲ ਸਿੰਘ ਨਿਵਾਸੀ ਪਿੰਡ ਬੈਂਸਾਂ, ਕਸ਼ਮੀਰ ਕੌਰ ਪਤਨੀ ਰਾਜ ਕੁਮਾਰ ਨਿਵਾਸੀ ਮਜਾਰੀ ਨਜ਼ਦੀਕ ਬੰਗਾ, ਸਰਬਜੀਤ ਕੌਰ ਪੁੱਤਰੀ ਅਮਰੀਕ ਸਿੰਘ ਨਿਵਾਸੀ ਪਿੰਡ ਬਗੌਰਾ , ਪੁਨੀਤ ਕੌਰ ਪੁੱਤਰੀ ਹਰਮੇਸ਼ ਲਾਲ ਨਿਵਾਸੀ ਪਿੰਡ ਕਾਹਮਾ, ਪੂਜਾ ਪੁੱਤਰੀ ਸੰਤੋਖ ਸਿੰਘ ਨਿਵਾਸੀ ਕਾਹਮਾ, ਥਾਰ ਚਾਲਕ ਭੁਪਿੰਦਰ ਬੜਵਾਲ ਆਦਿ ਦਾ ਨਾਮ ਸ਼ਾਮਲ ਹਨ। ਜਦਕਿ ਉਪਰੋਕਤ ਹਾਦਸੇ ਦੌਰਾਨ ਮਾਰੇ ਗਏ ਵਿਅਕਤੀ ਇਕ ਅਧਖੜ ਉਮਰ ਦੇ ਵਿਆਕਤੀ ਦੀ ਕੋਸ਼ਿਸ਼ ਪਛਾਣ ਨਹੀਂ ਹੋ




ਸਕੀ, ਜਿਨ੍ਹਾਂ ਨੂੰ ਮੌਕੇ 'ਤੇ ਹਾਜ਼ਰ ਰਾਹਗੀਰਾਂ ਬਲ ਐੱਸ. ਐੱਸ. ਐੱਫ. ਦੇ ਅਧਿਕਾਰੀਆਂ ਦੀ ਮਦਦ ਨਾਲ ਸਿਵਲ ਹਸਪਤਾਲ ਬੰਗਾ ਪਹੁੰਚਾਇਆ, ਜਿੱਥੇ ਡਾਕਟਰਾਂ ਵੱਲੋਂ ਕਸ਼ਮੀਰ ਕੌਰ, ਸਰਬਜੀਤ ਕੌਰ, ਹਰਜਿੰਦਰ ਸਿੰਘ, ਪੂਜਾ ਦੀ ਹਾਲਤ ਨੂੰ ਵੇਖਦੇ ਹੋਏ ਨਵਾਂਸ਼ਹਿਰ ਰੈਫਰ ਕਰ ਦਿੱਤਾ ਗਿਆ। ਇਥੇ ਵਰਨਣਯੋਗ ਇਹ ਹੈ ਕਿ ਪੁਨੀਤ, ਪੂਜਾ ਅਤੇ ਕੋਮਲਪ੍ਰੀਤ ਤਿੰਨੋਂ ਸਥਾਨਕ ਸਿੱਖ ਨੈਸ਼ਨਲ ਕਾਲਜ ਦੀਆਂ ਵਿਦਿਆਰਥਣਾਂ ਹਨ ਅਤੇ1 ਰੋਜ਼ਾਨਾ ਦੀ ਤਰਾਂ ਪੜ੍ਹਾਈ ਕਰਨ ਉਪਰੰਤ ਕਾਲਜ ਤੋਂ ਘਰ ਨੂੰ ਵਾਪਸ ਜਾ ਰਹੀਆਂ ਸਨ। ਹਾਦਸੇ ਦੀ ਸੂਚਨਾ ਮਿਲਦੇ ਕੁਝ ਸਮੇਂ ਬਾਅਦ ਥਾਣਾ ਸਦਰ ਦੇ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਹਾਦਸੇ ਦੌਰਾਨ ਨੁਕਸਾਨੇ ਗਏ ਵਾਹਨ ਨੂੰ ਕਬਜ਼ੇ 'ਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

## ਲੁਧਿਆਣਾ 'ਚ ਬੈਂਕ ਮੁਲਾਜ਼ਮਾਂ 'ਤੇ ਹਮਲਾ ! 2 ਕਰੋੜ ਦੇ ਕਰਜ਼ੇ ਨਾਲ ਜੁੜਿਆ ਮਾਮਲਾ

ਲੁਧਿਆਣਾ 18 ਫਰਵਰੀ। ਬੈਂਕ ਰਿਕਵਰੀ ਲਈ ਇਕ ਉਦਯੋਗ ਦੀ ਨਿਲਾਮੀ ਤੋਂ ਬਾਅਦ ਗੁੱਸੇ ਵਿਚ ਆਏ ਲੋਕਾਂ ਨੇ ਬੈਂਕ ਕਰਮਚਾਰੀਆਂ 'ਤੇ ਹਮਲਾ ਕਰ ਦਿੱਤਾ। ਸ਼ਿਕਾਇਤ ਤੋਂ ਬਾਅਦ, ਮਾਡਲ ਟਾਊਨ ਪੁਲਸ ਨੇ ਮਾਡਲ ਟਾਊਨ ਵਿਚ ਪੰਜਾਬ ਐਂਡ ਸਿੰਧ ਬੈਂਕ ਸ਼ਾਖਾ ਦੇ ਮੁੱਖ ਪ੍ਰਬੰਧਕ ਅਰੁਣ ਕੁਮਾਰ ਦੇ ਬਿਆਨ 'ਤੇ ਕਪਿਲ ਕਤਿਆਲ, ਅਜੈਪਾਲ ਕਤਿਆਲ, ਮੱਕੜ ਸਟੀਲ ਦੇ ਨਿਰਦੇਸ਼ਕ ਸੁਧਾਂਸ਼ੂ ਜਿੰਦਲ ਅਤੇ ਉਨ੍ਹਾਂ ਦੇ 8 ਸਾਥੀਆਂ ਵਿਰੁੱਧ ਕਾਰਵਾਈ ਕੀਤੀ। ਪੁਲਸ ਨੂੰ ਦਿੱਤੇ ਆਪਣੇ ਬਿਆਨ ਵਿਚ ਮੁੱਖ ਪ੍ਰਬੰਧਕ ਨੇ ਕਿਹਾ ਕਿ ਸੁਧਾਂਸ਼ੂ ਜਿੰਦਲ ਨੇ ਉਨ੍ਹਾਂ ਦੇ ਬੈਂਕ ਤੋਂ ਲਗਭਗ 2 ਕਰੋੜ ਦਾ ਕਰਜ਼ਾ ਲਿਆ ਸੀ ਅਤੇ ਵਾਪਸ ਨਾ ਕਰਨ ਲਈ ਕਾਨੂੰਨੀ ਪ੍ਰਕਿਰਿਆਵਾਂ ਅਨੁਸਾਰ ਕਈ ਨੋਟਿਸ ਭੇਜੇ ਗਏ ਸਨ। ਹਾਲਾਂਕਿ ਭੁਗਤਾਨ ਨਾ ਕਰਨ 'ਤੇ ਮਾਣਯੋਗ ਅਦਾਲਤ 'ਚ ਕੇਸ ਦਾਇਰ ਕੀਤਾ ਗਿਆ ਸੀ। ਇਸ ਤੋਂ ਬਾਅਦ ਮਾਣਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਕੋਹਰਾ 'ਚ ਮੱਕੜ ਸਟੀਲ ਦੀ ਜ਼ਮੀਨ 'ਤੇ ਕਬਜ਼ਾ ਕੀਤਾ ਗਿਆ ਅਤੇ ਇਸ ਨੂੰ ਵੇਚਣ ਲਈ ਨਿਲਾਮੀ ਕੀਤੀ ਗਈ। 30 ਦਸੰਬਰ 2025 ਨੂੰ ਜਦੋਂ ਉਹ ਆਪਣੇ ਬੈਂਕ 'ਚ ਕੰਮ ਕਰ ਰਿਹਾ ਸੀ ਤਾਂ ਉਹ ਆਦਮੀ ਬੈਂਕ ਵਿਚ ਦਾਖਲ ਹੋਏ ਅਤੇ ਉਸ 'ਤੇ ਹਮਲਾ ਕੀਤਾ ਅਤੇ ਧਮਕੀਆਂ ਦਿੱਤੀਆਂ। ਜਾਂਚ ਤੋਂ ਬਾਅਦ ਪੁਲਸ ਅਧਿਕਾਰੀਆਂ ਨੇ ਮਾਮਲਾ ਦਰਜ ਕੀਤਾ।

# ਦਿੱਲੀ ਦੇ ਬੰਦੇ ਨੇ ਖੋਹ ਲਿਆ ਅਮਰੀਕੀ ਔਰਤ ਦਾ ਆਈਫੋਨ !

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 18 ਫਰਵਰੀ। ਦਿੱਲੀ ਪੁਲਸ ਨੇ ਪੁਰਾਣੀ ਦਿੱਲੀ ਦੇ ਚਾਂਦਨੀ ਚੌਕ ਇਲਾਕੇ ਵਿੱਚ ਇੱਕ ਅਮਰੀਕੀ ਸੈਲਾਨੀ ਦਾ ਮੋਬਾਈਲ ਫ਼ੋਨ ਖੋਹਣ ਦੇ ਦੋਸ਼ ਵਿੱਚ 33 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਕਾਰਵਾਈ ਵਿਦੇਸ਼ੀ ਨਾਗਰਿਕ ਦੀ ਸ਼ਮੂਲੀਅਤ ਕਾਰਨ ਬੇਹੱਦ ਤੇਜ਼ੀ ਨਾਲ ਅਮਲ ਵਿੱਚ ਲਿਆਂਦੀ ਗਈ। ਅਮਰੀਕਾ ਦੇ ਮੈਸੇਚਿਉਸੇਟਸ ਦਾ ਰਹਿਣ ਵਾਲਾ 37 ਸਾਲਾ ਜ਼ਿੰਗ ਤੇਂਗ 15 ਜਨਵਰੀ ਨੂੰ ਚਾਂਦਨੀ ਚੌਕ ਵਿੱਚ ਖਰੀਦਦਾਰੀ ਕਰ ਰਿਹਾ ਸੀ। ਓਮੈਕਸ ਮਾਲ ਦੇ ਸਾਹਮਣੇ ਇੱਕ ਸਕੂਟਰ ਸਵਾਰ ਵਿਅਕਤੀ ਉਸ ਦਾ ਫ਼ੋਨ ਖੋਹ ਕੇ ਫਰਾਰ ਹੋ ਗਿਆ ਸੀ। ਡੀ.ਸੀ.ਪੀ. (ਉੱਤਰ) ਰਾਜਾ ਬਾਂਠੀਆ ਨੇ ਦੱਸਿਆ ਕਿ ਇਸ ਮਾਮਲੇ ਨੂੰ ਸੁਲਝਾਉਣ ਲਈ ਇੱਕ ਵਿਸ਼ੇਸ਼ ਟੀਮ ਬਣਾਈ ਗਈ ਸੀ, ਜਿਸ ਨੇ ਇਲਾਕੇ ਦੇ 50 ਤੋਂ ਵੱਧ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ। ਫੁਟੇਜ ਰਾਹੀਂ ਮੁਲਜ਼ਮ ਦੀ ਪਛਾਣ ਤੌਸੀਫ ਉਰਫ਼ ਤੋਸ਼ੀਫ ਵਜੋਂ ਹੋਈ, ਜਿਸ ਨੂੰ 19 ਜਨਵਰੀ ਨੂੰ ਜੀ.ਬੀ. ਰੋਡ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ ਗਿਆ। ਪੁਲਸ ਨੇ ਮੁਲਜ਼ਮ ਦੇ ਘਰੋਂ ਖੋਹਿਆ ਹੋਇਆ 'ਆਈਫੋਨ 14 ਪ੍ਰੋ' ਬਰਾਮਦ ਕਰ ਲਿਆ ਹੈ ਅਤੇ ਵਾਰਦਾਤ ਵਿੱਚ ਵਰਤਿਆ ਗਿਆ ਸਕੂਟਰ ਵੀ ਜ਼ਬਤ ਕਰ ਲਿਆ ਗਿਆ ਹੈ। ਤੌਸੀਫ ਦਾ ਪੁਰਾਣਾ ਅਪਰਾਧਿਕ ਰਿਕਾਰਡ ਹੈ ਅਤੇ ਉਹ ਲੁੱਟ-ਖੋਹ ਦੀਆਂ ਘੱਟੋ-ਘੱਟ 10 ਘਟਨਾਵਾਂ ਵਿੱਚ ਸ਼ਾਮਲ ਰਿਹਾ ਹੈ। ਉਹ ਨਸ਼ੇ ਦਾ



ਆਦੀ ਹੈ ਅਤੇ ਪਿਛਲੇ 15 ਸਾਲਾਂ ਤੋਂ ਜੇਲ੍ਹ ਵਿੱਚ ਸੀ, ਜਿੱਥੋਂ ਉਹ ਅਕਤੂਬਰ ਵਿੱਚ ਹੀ ਰਿਹਾਅ ਹੋਇਆ ਸੀ। ਪੁੱਛਗਿੱਛ ਦੌਰਾਨ ਮੁਲਜ਼ਮ ਨੇ 12 ਜਨਵਰੀ ਨੂੰ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ ਨੇੜੇ ਇੱਕ ਹੋਰ ਮੋਬਾਈਲ ਖੋਹਣ ਦੀ ਗੱਲ ਵੀ ਕਬੂਲ ਕੀਤੀ ਹੈ। ਇਸ ਗ੍ਰਿਫ਼ਤਾਰੀ ਨਾਲ ਦਿੱਲੀ ਪੁਲਸ ਨੇ ਖੋਹ-ਝਪਟ ਦੇ ਦੋ ਮਾਮਲੇ ਸੁਲਝਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ।

## ਵਿਦਿਆਰਥੀਆਂ ਨਾਲ ਭਰੀ ਸਕੂਲ ਬੱਸ ਦੀ ਤੇਜ਼ ਰਫ਼ਤਾਰ ਵਾਹਨ ਨਾਲ ਟੱਕਰ, 1 ਬੱਚੇ ਦੀ ਮੌਤ, 11 ਜ਼ਖਮੀ

ਬੇਤੂਲ 18 ਫਰਵਰੀ। ਮੱਧ ਪ੍ਰਦੇਸ਼ ਦੇ ਬੈਤੂਲ ਜ਼ਿਲ੍ਹੇ ਵਿੱਚ ਅੱਜ ਸਵੇਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਇੱਕ ਵਿਦਿਆਰਥੀ ਦੀ ਮੌਤ ਹੋ ਗਈ। ਜ਼ਿਲ੍ਹਾ ਹੈੱਡਕੁਆਰਟਰ ਤੋਂ 60 ਕਿਲੋਮੀਟਰ ਦੂਰ ਭੈਂਸਦੇਹੀ ਪੁਲਸ ਸਟੇਸ਼ਨ ਖੇਤਰ ਵਿੱਚ ਵਿਦਿਆਰਥੀਆਂ ਨਾਲ ਭਰੀ ਇੱਕ ਸਕੂਲ ਬੱਸ ਦੀ ਟੱਕਰ ਸਾਹਮਣੇ ਤੋਂ ਆ ਰਹੇ ਤੂਫਾਨੀ ਵਾਹਨ ਨਾਲ ਹੋ ਗਈ। ਇਹ ਘਟਨਾ ਪੂਰਨਾ ਨਦੀ ਦੇ ਨੇੜੇ ਵਾਪਰੀ, ਜਿੱਥੇ ਟੱਕਰ ਤੋਂ ਬਾਅਦ ਬੱਸ ਪਲਟ ਗਈ। ਇਸ ਹਾਦਸੇ ਵਿੱਚ ਤੀਜੀ ਜਮਾਤ ਦੀ ਵਿਦਿਆਰਥਣ ਹਰਸ਼ਿਤਾ ਦੀ ਮੌਕੇ




'ਤੇ ਮੌਤ ਹੋ ਗਈ, ਜਦੋਂ ਕਿ ਬੱਸ ਵਿੱਚ ਸਵਾਰ 11 ਹੋਰ ਬੱਚੇ ਜ਼ਖਮੀ ਹੋ ਗਏ। ਇਨ੍ਹਾਂ ਵਿੱਚੋਂ ਚਾਰ ਬੱਚਿਆਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਪੁਲਸ ਸੂਤਰਾਂ ਅਨੁਸਾਰ, ਸਥਾਨਕ ਲੋਕਾਂ ਦੀ ਮਦਦ ਨਾਲ ਜ਼ਖਮੀ ਬੱਚਿਆਂ ਨੂੰ ਬਾਹਰ ਕੱਢਿਆ ਗਿਆ ਅਤੇ ਤੁਰੰਤ ਭੈਂਸਦੇਹੀ ਦੇ ਕਮਿਊਨਿਟੀ ਹੈਲਥ ਸੈਂਟਰ ਲਿਜਾਇਆ ਗਿਆ। ਮੁੱਢਲੀ ਸਹਾਇਤਾ ਤੋਂ ਬਾਅਦ ਗੰਭੀਰ ਰੂਪ ਵਿੱਚ ਜ਼ਖਮੀ ਚਾਰ ਬੱਚਿਆਂ ਨੂੰ ਬਿਹਤਰ ਇਲਾਜ ਲਈ ਬੈਤੂਲ ਜ਼ਿਲ੍ਹਾ ਹਸਪਤਾਲ ਰੈਫਰ ਕਰ ਦਿੱਤਾ ਗਿਆ। ਇਸ ਹਾਦਸੇ ਵਿੱਚ ਬੱਸ ਡਰਾਈਵਰ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਟੱਕਰ ਤੋਂ ਬਾਅਦ ਤੂਫਾਨੀ ਵਾਹਨ ਦਾ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ।

## ਭਾਜਪਾ ਦੀ ਨਵੀਂ ਚੁਣੀ ਗਈ ਕੌਂਸਲਰ ਦੇ ਪਤੀ 'ਤੇ ਚਾਕੂ ਨਾਲ ਹਮਲਾ, ਹਾਲਤ ਗੰਭੀਰ

ਨਾਗਪੁਰ 18 ਫਰਵਰੀ। ਮਹਾਰਾਸ਼ਟਰ ਦੇ ਨਾਗਪੁਰ ਸ਼ਹਿਰ 'ਚ ਵਿਵਾਦ ਤੋਂ ਬਾਅਦ ਭਾਜਪਾ ਦੀ ਇਕ ਨਵੇਂ ਚੁਣੀ ਕੌਂਸਲਰ ਦੇ ਪਤੀ ਨੂੰ ਇਕ ਵਿਅਕਤੀ ਨੇ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ। ਪੁਲਸ ਨੇ ਸੋਮਵਾਰ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਹਮਲਾ ਐਤਵਾਰ ਰਾਤ ਕੋਤਵਾਲੀ ਥਾਣਾ ਖੇਤਰ ਨੇੜੇ ਹੋਇਆ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਕੌਂਸਲਰ ਮਾਨਸੀ ਸ਼ਿਮਲੇ ਦੇ ਪਤੀ ਨਿਤਿਨ ਸ਼ਾਮ ਸ਼ਿਮਲੇ (39) ਅਤੇ ਦੋਸ਼ੀ ਮਹੇਸ਼ ਉਰਫ਼ ਸੋਨੂੰ ਗਣੇਸ਼ ਠਾਕਰੇ (35) ਵਿਚਾਲੇ ਤਿੱਖੀ ਬਹਿਸ ਹੋਈ, ਜਿਸ ਤੋਂ ਬਾਅਦ ਠਾਕਰੇ ਨੇ ਸ਼ਿਮਲੇ 'ਤੇ ਹਮਲਾ ਕਰ ਦਿੱਤਾ। ਅਧਿਕਾਰੀ ਨੇ ਦੱਸਿਆ ਕਿ ਦੋਵਾਂ ਵਿਚਾਲੇ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ ਅਤੇ ਝਗੜੇ ਤੋਂ ਬਾਅਦ ਠਾਕਰੇ ਨੇ ਸ਼ਿਮਲੇ 'ਤੇ ਚਾਕੂ ਨਾਲ ਹਮਲਾ ਕੀਤਾ ਅਤੇ ਮੌਕੇ 'ਤੇ ਫਰਾਰ ਹੋ ਗਿਆ। ਉਨ੍ਹਾਂ ਦੱਸਿਆ ਕਿ ਪੀੜਤ ਦਾ ਇਕ ਹਸਪਤਾਲ 'ਚ ਇਲਾਜ ਜਾਰੀ ਹੈ, ਜਿੱਥੇ ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਅਧਿਕਾਰੀ ਨੇ ਦੱਸਿਆ ਕਿ ਇਸ ਸੰਬੰਧ 'ਚ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਫਰਾਰ ਦੋਸ਼ੀ ਦੀ ਭਾਲ ਕੀਤੀ ਜਾ ਰਹੀ ਹੈ।

## ਨਾਜਾਇਜ਼ ਸਬੰਧਾਂ ਕਾਰਨ ਪਤਨੀ ਨੇ ਪ੍ਰੇਮੀ ਨਾਲ ਮਿਲ ਕੇ ਕੀਤਾ ਪਤੀ ਦਾ ਕਤਲ, ਮੁਲਜ਼ਮ ਮਹਿਲਾ ਗ੍ਰਿਫ਼ਤਾਰ

ਸੁਲਤਾਨਪੁਰ 18 ਫਰਵਰੀ। ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਜ਼ਿਲ੍ਹੇ ਦੇ ਲੰਬੂਆ ਖੇਤਰ 'ਚ ਸੋਮਵਾਰ ਨੂੰ ਆਪਣੇ ਪ੍ਰੇਮੀ ਦੀ ਮਦਦ ਨਾਲ ਆਪਣੇ ਪਤੀ ਦਾ ਕਤਲ ਕਰਨ ਦੇ ਦੋਸ਼ 'ਚ ਇਕ ਔਰਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਸੁਪਰਡੈਂਟ ਚਾਰੂ ਨਿਗਮ ਨੇ ਦੱਸਿਆ ਕਿ ਲੰਬੂਆ ਥਾਣਾ ਖੇਤਰ ਦੇ ਮਦਨਪੁਰ ਪਨਿਆਰ ਪਿੰਡ ਦੇ ਵਾਸੀ ਅਮਿਤ ਸਿੰਘ (35) ਦੇ ਭਰਾ ਨੇ ਪੁਲਸ ਨੂੰ ਫੋਨ ਕਰ ਕੇ ਦੱਸਿਆ ਕਿ ਉਸ ਦੇ ਭਰਾ ਅਮਿਤ ਸਿੰਘ ਦਾ ਕਤਲ ਕਰ ਦਿੱਤਾ ਗਿਆ ਹੈ। ਨਿਗਮ ਨੇ ਦੱਸਿਆ ਕਿ ਅਮਿਤ ਸਿੰਘ ਅਤੇ ਦੀਪਕ ਸਿੰਘ ਇਕੱਠੇ ਟਰੱਕ ਚਲਾਉਂਦੇ ਸਨ ਅਤੇ ਦੀਪਕ ਦੇ ਅਮਿਤ ਦੀ ਪਤਨੀ ਨਾਲ ਨਾਜਾਇਜ਼ ਸੰਬੰਧ ਸਨ। ਨਿਗਮ ਅਨੁਸਾਰ, ਸ਼ਿਵਰਾਤਰੀ ਦੇ ਦਿਨ ਦੋਵੇਂ ਘਰ ਆਏ ਸਨ ਅਤੇ ਸੋਮਵਾਰ ਦੀ ਸਵੇਰ ਦੀਪਕ ਨੇ ਸਵੇਰੇ ਸ਼ਿਲਪੀ ਨੂੰ ਜਗਾ ਕੇ ਅਮਿਤ ਦਾ ਕਿਸੇ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ।

## ਬੱਸ ਸਟੈਂਡ 'ਤੇ ਮਹਿਲਾ ਨਾਲ ਠੱਗੀ, ਸੋਨੇ ਦੀਆਂ ਵਾਲੀਆਂ ਤੇ ਨਕਦੀ ਦੇ ਨਾਲ-ਨਾਲ ਆਧਾਰ ਕਾਰਡ ਵੀ ਲੈ ਗਏ ਚੋਰ

ਤਪਾ ਮੰਡੀ 18 ਫਰਵਰੀ। ਸਥਾਨਕ ਬਾਹਰਲੇ ਬੱਸ ਸਟੈਂਡ 'ਤੇ ਇਕ ਮਹਿਲਾ ਨਾਲ ਠੱਗੀ ਦੀ ਘਟਨਾ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੀੜਤ ਮਹਿਲਾ ਹਰਬੰਸ ਪਤਨੀ ਸਵਰਗਵਾਸੀ ਹਰਦੇਵ ਸਿੰਘ ਵਾਸੀ ਖੱਟਰਪੱਤੀ ਤਪਾ ਅੱਖਾਂ ਦੀ ਦਵਾਈ ਲੈਣ ਲਈ ਬੱਸ ਸਟੈਂਡ 'ਤੇ ਪਏ ਬੈਂਚ 'ਤੇ ਬੈਠੀ ਹੋਈ ਸੀ। ਇਸ ਦੌਰਾਨ ਉਸ ਨੇ ਆਪਣੇ ਕੰਨਾਂ ਤੋਂ ਸੋਨੇ ਦੀਆਂ ਦੀਆਂ ਵਾਲੀਆਂ ਉਤਾਰ ਕੇ ਸਾਲ ਦੀ ਓਟ ਵਿਚ ਲਿਫਾਫੇ ਵਿਚ ਪਏ ਪਰਸ ਵਿਚ ਰੱਖ ਦਿੱਤੀਆਂ,ਜਿਸ 'ਚ ਪਹਿਲਾਂ ਤੋਂ ਹੀ 2500 ਰੁਪਏ ਅਤੇ ਆਧਾਰ ਕਾਰਡ ਰੱਖਿਆ ਹੋਇਆ ਸੀ,ਉਸ ਨੂੰ ਡਰ ਸੀ ਕਿ ਉਸ ਦੇ ਕੰਨਾਂ ਦੀਆਂ ਵਾਲੀਆਂ ਕੋਈ ਲੁਟੇਰਾ ਲਾਹ ਕੇ ਨਾ ਲੈ ਜਾਵੇ। ਕਿਸੇ ਅਣਪਛਾਤੇ ਵਿਅਕਤੀ ਨੇ ਇਹ ਸਭ ਦੇਖ ਲਿਆ। ਜਦੋਂ ਮਹਿਲਾ ਬੱਸ 'ਚ ਚੜ੍ਹਣ ਲਈ ਉੱਠੀ ਤਾਂ ਉਸ ਨੂੰ ਅਚਾਨਕ ਘਬਰਾਹਟ ਮਹਿਸੂਸ ਹੋਈ ਅਤੇ ਉਹ ਮੁੜ ਬੈਂਚ 'ਤੇ ਆ ਕੇ ਬੈਠ ਗਈ। ਇਸ ਵੇਲੇ ਦੋ ਅਣਜਾਣ ਮਹਿਲਾਵਾਂ ਵੀ ਉਸ ਦੇ ਕੋਲ ਆ ਬੈਠੀਆਂ ਅਤੇ ਕਹਿਣ ਲੱਗੀਆਂ ਕਿ ਉਸ ਦਾ ਲਿਫਾਫਾ ਫਟਿਆ ਹੋਇਆ ਹੈ ਅਤੇ ਸਮਾਨ ਡਿੱਗ ਸਕਦਾ ਹੈ। ਜਦੋਂ ਪੀੜਤ ਮਹਿਲਾ ਨੇ ਲਿਫਾਫਾ ਦੇਖਿਆ ਤਾਂ ਉਹ ਫਟਿਆ ਹੋਇਆ ਸੀ ਅਤੇ ਅੰਦਰ ਰੱਖਿਆਂ ਪਰਸ ਜਿਸ 'ਚ ਦੋ ਸੋਨੇ ਦੀਆਂ ਬਾਲੀਆਂ ਅੰਦਾਜਨ ਡੇਢ ਤੋਲਾ, ਕਰੀਬ 2500 ਰੁਪਏ ਨਕਦ ਅਤੇ ਆਧਾਰ ਕਾਰਡ ਗਾਇਬ ਸੀ। ਇਸ ਉਪਰੰਤ ਉਸ ਨੇ ਤੁਰੰਤ ਆਪਣੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ। ਪਰਿਵਾਰਕ ਮੈਂਬਰ ਮੌਕੇ 'ਤੇ ਪਹੁੰਚੇ ਅਤੇ ਪੁਲਸ ਚੌਂਕੀ ਤਪਾ ਨੂੰ ਸੂਚਨਾ ਦਿੱਤੀ। ਸੂਚਨਾ ਮਿਲਣ 'ਤੇ ਚੌਂਕੀ ਇੰਚਾਰਜ ਬਲਜੀਤ ਸਿੰਘ ਪੁਲਸ ਟੀਮ ਸਮੇਤ ਮੌਕੇ 'ਤੇ ਪਹੁੰਚੇ ਅਤੇ ਇਲਾਕੇ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਜਾਂਚ ਸੁਰੂ ਕਰ ਦਿੱਤੀ।

# ਜਲੰਧਰ ਬਣਿਆ ਕ੍ਰਾਇਮ ਹੱਬ: ਹਾਈਵੇਅ 'ਤੇ ਤੇਜ਼ਧਾਰ ਹਥਿਆਰ ਦਿਖਾ ਕੇ ਪਿਕਅੱਪ ਗੱਡੀ ਲੁੱਟ ਕੇ ਲੈ ਗਏ ਲੁਟੇਰੇ

**ਕੌਮੀ ਪਤ੍ਰਿਕਾ**

ਜਲੰਧਰ 18 ਫਰਵਰੀ। ਜਲੰਧਰ ਕ੍ਰਾਈਮ ਹੱਬ ਬਣਦਾ ਜਾ ਰਿਹਾ ਹੈ। ਸ਼ਹਿਰ 'ਚ ਅਜਿਹੀ ਘਟਨਾਵਾਂ ਵਾਪਰ ਰਹੀਆਂ ਹਨ, ਜੋ ਪਹਿਲਾਂ ਕਦੇ ਨਹੀਂ ਹੋਈਆਂ। ਸ਼ਹਿਰ 'ਚ ਹੁਣ ਲੁਟੇਰਿਆਂ ਨੇ ਇਕ ਪਿਕਅੱਪ ਡਰਾਈਵਰ ਨੂੰ ਨਿਸ਼ਾਨਾ ਬਣਾਇਆ, ਉਸ 'ਤੇ ਹਮਲਾ ਕੀਤਾ ਅਤੇ ਉਸ ਦੀ ਪਿਕਅੱਪ, ਮੋਬਾਇਲ ਫੋਨ ਅਤੇ ਨਕਦੀ ਲੈ ਕੇ ਭੱਜ ਗਏ। ਇਹ ਵਾਰਦਾਤ ਬਲ ਹਸਪਤਾਲ ਦੇ ਸਾਹਮਣੇ ਹੋਈ। ਜਾਣਕਾਰੀ ਦਿੰਦੇ ਅਮਰੀਕ ਨਗਰ ਦੇ ਰਹਿਣ ਵਾਲੇ ਰਾਜੇਸ਼ ਕੁਮਾਰ ਨੇ ਦੱਸਿਆ ਕਿ ਉਹ ਆਪਣੇ ਭਰਾ ਦੀ ਮਹਿੰਦਰਾ ਪਿਕਅੱਪ ਲੈ ਕੇ ਬਿਆਸ ਵੱਲ ਜਾ ਰਿਹਾ ਸੀ। ਮਜ਼ਦੂਰਾਂ ਨੂੰ ਲੈਣ ਲਈ ਨਿਕਲੇ ਰਾਜੇਸ਼ ਨੂੰ ਰਾਤ ??ਦੇ ਲੰਬੇ ਸਫ਼ਰ ਦੌਰਾਨ ਨੀਂਦ ਆਉਣ ਲੱਗ ਪਈ। ਉਸ ਨੇ ਬਲ ਹਸਪਤਾਲ ਨੇੜੇ ਗੱਡੀ ਰੋਕੀ ਅਤੇ ਅੰਦਰ ਹੀ ਸੌਂ ਗਿਆ। ਦੋਸ਼ ਹੈ ਕਿ ਜਦੋਂ ਰਾਜੇਸ਼ ਸੌਂ ਰਿਹਾ ਸੀ ਤਾਂ ਦੋ ਅਣਪਛਾਤੇ ਵਿਅਕਤੀਆਂ ਨੇ ਉਸ ਨੂੰ ਜਗਾਉਣ ਲਈ ਖਿੜਕੀ ਦਾ ਸ਼ੀਸ਼ਾ ਖੜਕਾਇਆ, ਜਿਵੇਂ ਹੀ ਉਸ ਨੇ ਖਿੜਕੀ ਦਾ




ਸ਼ੀਸ਼ਾ ਹੇਠਾਂ ਕੀਤਾ ਤਾਂ ਇਕ ਵਿਅਕਤੀ ਨੇ ਉਸ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ। ਅਚਾਨਕ ਹੋਏ ਹਮਲੇ ਤੋਂ ਉਹ ਸੰਭਲ ਨਹੀਂ ਪਾਇਆ ਅਤੇ ਇਸ ਦੌਰਾਨ ਦੂਜਾ ਲੁਟੇਰਾ ਡਰਾਈਵਰ ਸੀਟ 'ਤੇ ਬੈਠ ਗਿਆ ਅਤੇ ਪਿਕਅੱਪ ਲੈ ਕੇ ਭੱਜ ਗਿਆ। ਦੱਸਿਆ ਜਾ ਰਿਹਾ ਹੈ ਕਿ ਇਕ ਲੁਟੇਰੇ ਨੇ ਪਿਕਅੱਪ ਚਲਾ ਰਿਹਾ ਸੀ, ਜਦਕਿ ਦੂਜਾ ਆਪਣੀ ਮੋਟਰਸਾਈਕਲ 'ਤੇ ਅੱਗੇ-ਅੱਗੇ ਚੱਲ ਰਿਹਾ ਸੀ। ਜ਼ਖ਼ਮੀ ਰਾਜੇਸ਼ ਨੂੰ ਕੁਝ ਦੂਰੀ ਤੱਕ ਗੱਡੀ 'ਚ ਜਬਰਦਸਤੀ ਬਠਾਈ ਰੱਖਿਆ। ਗੱਡੀ ਲੁੱਟਣ ਤੋਂ ਬਾਅਦ ਬਦਮਾਸ਼ਾਂ ਨੇ ਵਿਧੀਪੁਰ ਫਾਟਕ ਦੇ ਕੋਲ ਜਾ ਕੇ ਮੋਬਾਈਲ ਫੋਨ ਅਤੇ ਲਗਭਗ 500 ਰੁਪਏ ਨਕਦੀ ਖੋਹ ਲਈ, ਜਦਕਿ ਡਰਾਈਵਰ ਨੂੰ ਸੁੰਨਸਾਨ ਸੜਕ ਕਿਨਾਰੇ ਸੁੱਟ ਕੇ ਭੱਜ ਗਏ। ਉਧਰ ਥਾਣਾ ਇਕ ਦੇ ਇੰਚਾਰਜ ਰਾਕੇਸ਼ ਕੁਮਾਰ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹਰ ਇਕ ਤਰੀਕੇ ਦੀ ਜਾਂਚ ਕਰ ਕੇ ਸੱਚਾਈ ਸਾਹਮਣੇ ਲਿਆਂਦੀ ਜਾਵੇਗੀ।

## ਤੇਜਧਾਰ ਹਥਿਆਰ ਦਿਖਾ ਕੇ ਲੁੱਟ-ਖੋਹ ਕਰਨ ਵਾਲਾ ਕਾਬੂ

ਲੁਧਿਆਣਾ 18 ਫਰਵਰੀ। ਤੇਜਧਾਰ ਹਥਿਆਰ ਦਿਖਾ ਕੇ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਇਕ ਮੁਲਜਮ ਨੂੰ ਪੁਲਸ ਨੇ ਕਾਬੂ ਕਰ ਲਿਆ ਹੈ। ਪੁਲਸ ਨੇ ਮੁਲਜਮ ਕੋਲੋਂ ਖੋਹੇ ਗਏ 6 ਮੋਬਾਈਲ ਅਤੇ ਇਕ ਦਾਤਰ ਬਰਾਮਦ ਕੀਤਾ ਹੈ। ਥਾਣਾ ਫੋਕਲ ਪੁਆਇੰਟ ਦੀ ਪੁਲਸ ਨੇ ਮੁਲਜਮ ਖਿਲਾਫ ਢੰਡਾਰੀ ਖੁਰਦ ਦੇ ਰਹਿਣ ਵਾਲੇ ਸ?ਿਵਮ ਕੁਮਾਰ ਦੇ ਬਿਆਨਾਂ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਮੁਲਜਮ ਦੀ ਪਛਾਣ ਢੰਡਾਰੀ ਖੁਰਦ ਦੇ ਰਹਿਣ ਵਾਲੇ ਜੋਰਾ ਸਿੰਘ ਉਰਫ ਸੰਨੀ ਵਜੋਂ ਕੀਤੀ ਹੈ। ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਸ?ਿਵਮ ਕੁਮਾਰ ਨੇ ਦੱਸਿਆ ਕਿ ਉਹ ਆਪਣੀ ਡਿਊਟੀ ਖਤਮ ਕਰਕੇ ਘਰ ਵਾਪਸ ਜਾ ਰਿਹਾ ਸੀ ਕਿ ਜਦੋਂ ਉਹ ਆਪਣੇ ਘਰ ਦੇ ਨੇੜੇ ਪਹੁੰਚਿਆ ਤਾਂ ਉਸ ਨੂੰ ਇਕ ਕਲੀਨ ਸੇਵ ਵਿਅਕਤੀ ਨੇ ਰੋਕ ਲਿਆ ਅਤੇ ਦਾਤਰ ਦਿਖਾ ਕੇ ਉਸ ਕੋਲੋਂ 2 ਹਜਾਰ ਰੁਪਏ ਦੀ ਨਕਦੀ ਅਤੇ ਮੋਬਾਇਲ ਖੋਹ ਲਿਆ ਅਤੇ ਉਸ ਨੂੰ ਧਮਕਾਉਂਦੇ ਹੋਏ ਫਰਾਰ ਹੋ ਗਿਆ। ਜਿਸ 'ਤੇ ਉਸ ਨੇ ਪੁਲਸ ਨੂੰ ਸ?ਿਕਾਇਤ ਕੀਤੀ। ਸਬ-ਇੰਸਪੈਕਟਰ ਰਾਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਜਾਂਚ ਦੌਰਾਨ ਉਕਤ ਮੁਲਜਮ ਦੀ ਪਛਾਣ ਕਰਕੇ ਉਸ ਨੂੰ ਕਾਬੂ ਕਰ ਲਿਆ ਅਤੇ ਕਾਰਵਾਈ ਦੌਰਾਨ ਮੁਲਜਮ ਕੋਲੋਂ 6 ਮੋਬਾਈਲ ਅਤੇ ਦਾਤਰ ਬਰਾਮਦ ਕੀਤਾ ਗਿਆ। ਮੁਲਜਮ ਨੂੰ ਅਦਾਲਤ ਵਿਚ ਪੇਸ ਕਰਕੇ ਪੁਲਸ ਰਿਮਾਂਡ 'ਤੇ ਲੈ ਕੇ ਹੋਰ ਵਾਰਦਾਤਾਂ ਬਾਰੇ ਵੀ ਪਤਾ ਲਗਾਇਆ ਜਾ ਰਿਹਾ ਹੈ।

## ਨੌਜਵਾਨ ਨੇ ਪਤਨੀ ਤੇ ਪੁੱਤ ਨੂੰ ਗੋਲੀ ਮਾਰਨ ਤੋਂ ਬਾਅਦ ਖੁਦ ਵੀ ਮਾਰੀ ਗੋਲੀ

ਫਿਰੋਜਪੁਰ 18 ਫਰਵਰੀ। ਅੱਜ ਫਿਰੋਜਪੁਰ ਦੇ ਇਤਿਹਾਸਕ ਪਿੰਡ ਬਾਜੀਦਪੁਰ ਵਿਚ ਜਗਜੀਤ ਸਿੰਘ (37) ਪੁੱਤਰ ਗੁਰਮੇਜ ਸਿੰਘ ਨਾਮ ਦੇ ਕਿਸਾਨ ਨੇ ਆਪਣੀ ਪਤਨੀ ਨਵਨੀਤ ਕੌਰ (35) ਅਤੇ ਪੁੱਤਰ ਵਾਰਿਸਦੀਪ ਸਿੰਘ (4) ਨੂੰ ਆਪਣੇ ਰਿਵਾਲਵਰ ਨਾਲ ਗੋਲੀ ਮਾਰ ਦਿੱਤੀ। ਪਤੀ ਤੇ ਬੱਚੇ ਨੂੰ ਗੋਲੀ ਮਾਰਨ ਉਪਰੰਤ ਉਸ ਨੇ ਆਪਣੇ ਆਪ ਨੂੰ ਵੀ ਗੋਲੀ ਮਾਰ ਲਈ। ਇਸ ਘਟਨਾ ਵਿਚ ਪਰਿਵਾਰ ਦੇ ਤਿੰਨੋਂ ਮੈਂਬਰ ਗੰਭੀਰ ਰੂਪ ਵਿਚ ਜਖਮੀ ਹਨ ਜਿਨ੍ਹਾਂ ਦੀ ਹਾਲਤ ਬਹੁਤ ਨਾਜੁਕ ਬਣੀ ਹੋਈ ਹੈ। ਜਿਨ੍ਹਾਂ ਨੂੰ ਤੁਰੰਤ ਫਿਰੋਜਪੁਰ ਦੇ ਇਕ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਅਤੇ ਉਨ੍ਹਾਂ ਦੀ ਚਿੰਤਾਜਨਕ ਹਾਲਤ ਨੂੰ ਦੇਖਦੇ ਹੋਏ ਲੁਧਿਆਣਾ ਦੇ ਹਸਪਤਾਲ ਵਿਚ ਭੇਜ ਦਿੱਤਾ ਗਿਆ। ਘਟਨਾ ਦੀ ਜਾਣਕਾਰੀ ਮਿਲਦੇ ਹੀ ਡੀਐੱਸਪੀ ਸਬ-ਡਵੀਜਨ ਫਿਰੋਜਪੁਰ ਕਰਨ ਸਰਮਾ ਹਸਪਤਾਲ ਪਹੁੰਚੇ। ਫਿਲਹਾਲ ਪੁਲਸ ਵੱਲੋਂ ਘਟਨਾਂ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰਤ ਤੌਰ 'ਤੇ ਪੁਲਸ ਨੇ ਅਜੇ ਤੱਕ ਘਟਨਾ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਅਤੇ ਪੁਲਸ ਵੱਲੋਂ ਜਾਂਚ ਕਰਦੇ ਹੋਏ ਇਸ ਗੱਲ ਦਾ ਪਤਾ ਲਗਾਇਆ ਜਾ ਰਿਹਾ ਹੈ ਕਿ ਕਿਸਾਨ ਜਗਸੀਰ ਸਿੰਘ ਨੇ ਆਪਣੀ ਪਤਨੀ ਅਤੇ ਬੱਚੇ ਨੂੰ ਗੋਲੀ ਮਾਰਨ ਉਪਰੰਤ ਖੁਦ ਨੂੰ ਗੋਲੀ ਮਾਰੀ ਹੈ ਜਾਂ ਇਹ ਕਤਲ ਦਾ ਮਾਮਲਾ ਹੈ। ਖਬਰ ਲਿਖੇ ਜਾਣ ਤੱਕ ਤਿੰਨੇ ਪਰਿਵਾਰਕ ਮੈਂਬਰਾਂ ਦੀ ਹਾਲਤ ਬਹੁਤ ਨਾਜੁਕ ਸੀ।

# ਮਾਂ ਦੇ ਪ੍ਰੇਮੀ ਦਾ ਖ਼ੌਫ਼ਨਾਕ ਕਾਰਾ ! ਕ੍ਰੈੱਚ 'ਚੋਂ ਅਗਵਾ ਕੀਤਾ 1 ਸਾਲ ਦਾ ਮਾਸੂਮ, ਦਿੱਤੀ ਦਰਦਨਾਕ ਮੌਤ

**ਕੌਮੀ ਪਤ੍ਰਿਕਾ**

ਪੰਚਕੂਲਾ 18 ਫਰਵਰੀ। ਹਰਿਆਣਾ ਦੇ ਪੰਚਕੂਲਾ 'ਚ ਇੱਕ ਬੇਹੱਦ ਦਰਦਨਾਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ ਵਿਅਕਤੀ ਨੇ ਆਪਣੀ ਵਿਆਹੁਤਾ ਪ੍ਰੇਮਿਕਾ ਦੇ ਇਕ ਸਾਲ ਦੇ ਮਾਸੂਮ ਬੱਚੇ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਬੱਚੇ ਦੀ ਲਾਸ਼ ਸੁਖੋਮਾਜਰੀ ਬਾਈਪਾਸ ਦੇ ਕੋਲ ਝਾੜੀਆਂ 'ਚੋਂ ਇਕ ਬੋਰੀ 'ਚੋਂ ਬਰਾਮਦ ਹੋਈ ਹੈ। ਪੁਲਸ ਜਾਂਚ ਮੁਤਾਬਕ, ਡੇਰਾਬੱਸੀ ਦੀ ਰਹਿਣ ਵਾਲੀ ਇਕ ਮਹਿਲਾ ਦਾ ਪਿੰਜੌਰ ਦੇ ਇਕ ਨੌਜਵਾਨ ਨਾਲ ਅਫੇਅਰ ਚੱਲ ਰਿਹਾ ਸੀ। ਮਹਿਲਾ ਜਦੋਂ ਵੀ ਆਪਣੇ ਪ੍ਰੇਮੀ ਨੂੰ ਮਿਲਣ ਜਾਂਦੀ ਸੀ ਤਾਂ ਆਪਣੇ ਪੁੱਤਰ ਰੇਆਂਸ਼ ਨੂੰ ਨਾਲ ਲੈ ਕੇ ਜਾਂਦੀ ਸੀ, ਜੋ ਕਿ ਦੋਸ਼ੀ ਨੂੰ ਪਸੰਦ ਨਹੀਂ ਸੀ। ਉਹ ਬੱਚੇ ਨੂੰ ਆਪਣੇ ਰਿਸ਼ਤੇ 'ਚ ਰੁਕਾਵਟ ਮੰਨਦਾ ਸੀ। ਦੱਸਿਆ ਜਾ ਰਿਹਾ ਹੈ ਕਿ ਮਾਸੂਮ ਰੇਆਂਸ਼ ਦਾ 22 ਜਨਵਰੀ ਨੂੰ ਹੀ ਪਹਿਲਾ ਜਨਮਦਿਨ ਮਨਾਇਆ ਗਿਆ ਸੀ। ਦੋਸ਼ੀ ਨੇ ਮਹਿਲਾ ਨੂੰ ਬੱਚੇ ਨੂੰ ਕ੍ਰੈੱਚ 'ਚ ਛੱਡਣ ਲਈ ਮਨਾਇਆ ਅਤੇ ਖੁਦ ਹੀ




ਉਸਨੂੰ ਸੈਕਟਰ-12ਏ ਦਾ ਇਕ ਕ੍ਰੈੱਚ ਦਿਖਾ ਕੇ ਲਿਆਇਆ। 24 ਜਨਵਰੀ ਨੂੰ ਜਦੋਂ ਮਹਿਲਾ ਨੇ ਬੱਚੇ ਨੂੰ ਪਹਿਲੀ ਵਾਰ ਕ੍ਰੈੱਚ 'ਚ ਛੱਡਿਆ, ਤਾਂ ਕੁਝ ਹੀ ਦੇਰ ਬਾਅਦ ਦੋਸ਼ੀ ਉੱਥੇ ਪਹੁੰਚ ਗਿਆ। ਉਸਨੇ ਕ੍ਰੈੱਚ ਸੰਚਾਲਿਕਾ ਨੂੰ ਝੂਠ ਬੋਲਿਆ ਕਿ ਉਹ ਬੱਚੇ ਦਾ ਪਿਤਾ ਹੈ। ਜਦੋਂ ਸੰਚਾਲਿਕਾ ਨੇ ਮਾਂ ਨੂੰ ਫੋਨ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਫੋਨ ਸਵਿੱਚ ਆਫ ਆ ਰਿਹਾ ਸੀ, ਜਿਸ ਕਾਰਨ ਉਸਨੇ ਬੱਚਾ ਦੋਸ਼ੀ ਨੂੰ ਸੌਂਪ ਦਿੱਤਾ। ਕ੍ਰੈੱਚ ਤੋਂ ਬੱਚੇ ਨੂੰ ਲੈ ਕੇ ਦੋਸ਼ੀ ਆਟੋ ਰਾਹੀਂ ਪਿੰਜੌਰ ਵੱਲ ਨਿਕਲ ਗਿਆ। ਰਸਤੇ 'ਚ ਜਦੋਂ ਮਾਸੂਮ ਆਪਣੀ ਮਾਂ ਲਈ ਰੋਣ ਲੱਗਾ ਤਾਂ ਦੋਸ਼ੀ ਨੇ ਗੁੱਸੇ 'ਚ ਆ ਕੇ ਉਸ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਇਸ ਤੋਂ ਬਾਅਦ ਉਸਨੇ ਲਾਸ਼ ਨੂੰ ਬੋਰੀ 'ਚ ਭਰ ਕੇ ਝਾੜੀਆਂ 'ਚ ਸੁੱਟ ਦਿੱਤਾ। ਪੁਲਸ ਨੇ ਦੋਸ਼ੀ ਨੂੰ ਹਿਰਾਸਤ 'ਚ ਲੈ ਲਿਆ ਹੈ। ਦੋਸ਼ੀ ਪੁਲਸ ਹਿਰਾਸਤ 'ਚ ਵਾਰ-ਵਾਰ ਆਪਣੇ ਬਿਆਨ ਬਦਲ ਰਿਹਾ ਹੈ। ਉਸ ਨੇ ਇਹ ਵੀ ਕਬੂਲਿਆ ਕਿ ਬੱਚੇ ਦੇ ਰੋਣ ਕਾਰਨ ਉਸ ਨੂੰ ਗੁੱਸਾ ਆ ਗਿਆ ਸੀ, ਜਿਸ ਕਰਕੇ ਉਸਨੇ ਬੱਚੇ ਨੂੰ ਰਸਤੇ 'ਚੋਂ ਹਟਾਉਣ ਦਾ ਫੈਸਲਾ ਕੀਤਾ। ਪੁਲਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

## ਰਾਜਸਥਾਨ ਦੇ ਬੀਕਾਨੇਰ 'ਚ ਦਰਦਨਾਕ ਵਾਰਦਾਤ, ਪਤੀ ਨੇ ਪਤਨੀ ਦਾ ਕਤਲ ਕਰਨ ਤੋਂ ਬਾਅਦ ਕੀਤੀ ਖੁਦਕੁਸ਼ੀ

ਬੀਕਾਨੇਰ 18 ਫਰਵਰੀ। ਰਾਜਸਥਾਨ ਦੇ ਬੀਕਾਨੇਰ ਜ਼ਿਲ੍ਹੇ ਦੇ ਲੂਣਕਰਨਸਰ ਇਲਾਕੇ ਵਿੱਚ ਇੱਕ ਬੇਹੱਦ ਮੰਦਭਾਗੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ 60 ਸਾਲਾ ਵਿਅਕਤੀ ਨੇ ਕਥਿਤ ਤੌਰ 'ਤੇ ਆਪਣੀ ਪਤਨੀ ਦਾ ਕਤਲ ਕਰਨ ਤੋਂ ਬਾਅਦ ਖੁਦਕੁਸ਼ੀ ਕਰ ਲਈ। ਇਹ ਖੂਨੀ ਖੇਡ ਲੂਣਕਰਨਸਰ ਦੇ ਪਿੰਡ ਕਾਲਵਾਸ ਵਿੱਚ ਖੇਡੀ ਗਈ, ਜਿੱਥੇ ਪੁਲਸ ਨੂੰ ਧਨਪਤ ਬਾਵਰੀ (60) ਅਤੇ ਉਸਦੀ ਪਤਨੀ ਜੀਤੋ ਬਾਵਰੀ (55) ਦੀਆਂ ਲਾਸ਼ਾਂ ਉਨ੍ਹਾਂ ਦੇ ਘਰ ਵਿੱਚੋਂ ਮਿਲੀਆਂ ਹਨ। ਡੀ.ਐੱਸ.ਪੀ. ਰਣਵੀਰ ਸਿੰਘ ਅਨੁਸਾਰ, ਜਦੋਂ ਪੁਲਸ ਮੌਕੇ 'ਤੇ ਪਹੁੰਚੀ ਤਾਂ ਔਰਤ ਦੀ ਲਾਸ਼ ਘਰ ਦੇ ਵਿਹੜੇ ਵਿੱਚ ਪਈ ਸੀ, ਜਦੋਂ ਕਿ ਧਨਪਤ ਦੀ ਲਾਸ਼ ਕਮਰੇ ਦੇ ਅੰਦਰ ਫਾਹੇ ਨਾਲ ਲਟਕਦੀ ਹੋਈ ਬਰਾਮਦ ਹੋਈ। ਘਟਨਾ ਦੀ ਸੂਚਨਾ ਮਿਲਦੇ ਹੀ ਫੋਰੈਂਸਿਕ ਸਾਇੰਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਸਬੂਤ ਇਕੱਠੇ ਕੀਤੇ ਅਤੇ ਪੁਲਸ ਵੱਲੋਂ ਆਸ-ਪਾਸ ਦੇ ਲੋਕਾਂ ਤੋਂ ਪੁੱਛਗਿੱਛ ਕੀਤੀ ਗਈ ਹੈ। ਪੁਲਸ ਦੀ ਮੁੱਢਲੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਦਰਦਨਾਕ ਘਟਨਾ ਘਰੇਲੂ ਝਗੜੇ ਦਾ ਨਤੀਜਾ ਹੋ ਸਕਦੀ ਹੈ। ਪੁਲਸ ਨੂੰ ਸ਼ੱਕ ਹੈ ਕਿ ਧਨਪਤ ਨੇ ਪਹਿਲਾਂ ਆਪਣੀ ਪਤਨੀ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਫਿਰ ਖੁਦ



ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਫਿਲਹਾਲ ਦੋਵਾਂ ਦੀਆਂ ਲਾਸ਼ਾਂ ਨੂੰ ਲੂਣਕਰਨਸਰ ਸਰਕਾਰੀ ਹਸਪਤਾਲ ਦੇ ਮੁਰਦਾਘਾਟ 'ਚ ਰੱਖਵਾ ਦਿੱਤਾ ਗਿਆ ਹੈ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਕਤਲ ਤੇ ਖੁਦਕੁਸ਼ੀ ਦੋਵਾਂ ਪਹਿਲੂਆਂ ਨੂੰ ਧਿਆਨ ਵਿੱਚ ਰੱਖਿਆ ਜਾ ਰਿਹਾ ਹੈ।

# ਪੰਜਾਬ ਦੇ ਇੰਟਰਨੈਸ਼ਨਲ ਨਸ਼ਾ ਤਸਕਰ ਰਾਜਾ ਕੰਦੌਲਾ ਦੀ ਮੁੰਬਈ 'ਚ ਮੌਤ

**ਕੌਮੀ ਪਤ੍ਰਿਕਾ**

ਜਲੰਧਰ/ਨਵਾਂਸ਼ਹਿਰ/ਮੁੰਬਈ 18 ਫਰਵਰੀ। ਪੰਜਾਬ ਦੇ ਇੰਟਰਨੈਸ਼ਨਲ ਡਰੱਗ ਤਸਕਰ ਰਾਜਾ ਕੰਦੌਲਾ ਦੀ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਰਾਜਾ ਕੰਦੌਲਾ ਬੰਗਾ ਦਾ ਰਹਿਣ ਵਾਲਾ ਸੀ। ਮਿਲੀ ਜਾਣਕਾਰੀ ਮੁਤਾਬਕ ਮੁੰਬਈ 'ਚ ਰਹਿ ਰਹੇ ਰਾਜਾ ਕੰਦੋਲਾ ਨੂੰ ਦਿਲ ਦਾ ਦੌਰਾ ਪਿਆ, ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਲੈ ਜਾਇਆ ਗਿਆ ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਦੱਸ ਦੇਈਏ ਕਿ ਰਾਜਾ ਕੰਦੌਲਾ ਦਾ ਅਸਲੀ ਨਾਮ ਰਣਜੀਤ ਸਿੰਘ ਸੀ। ਉਸ ਦਾ ਨਾਮ ਪੰਜਾਬ ਦੇ ਸਭ ਤੋਂ ਮਸ਼ਹੂਰ ਨਸ਼ੇ ਦੇ ਤਸਕਰਾਂ ਵਿੱਚੋਂ ਇਕ ਸੀ। ਉਸ ਨੂੰ ਜਲੰਧਰ ਦੀ ਇਕ ਵਿਸ਼ੇਸ਼ (ਮਨੀ ਲਾਂਡਰਿੰਗ) ਕੋਰਟ ਨੇ 200 ਕਰੋੜ ਰੁਪਏ ਦੇ ਨਸ਼ਾ ਰੈਕੇਟ ਮਾਮਲੇ ਵਿੱਚ 9 ਸਾਲ ਦੀ ਸਜ਼ਾ ਸੁਣਾਈ ਸੀ। ਇਸ ਮਾਮਲੇ 'ਚ ਉਸ ਦੀ ਪਤਨੀ ਰਜਵੰਤ ਕੌਰ ਨੂੰ ਵੀ 3 ਸਾਲ ਦੀ ਸਜ਼ਾ ਮਿਲੀ ਸੀ। 2024 ਵਿੱਚ ਰਾਜਾ ਕੰਦੌਲਾ ਦਾ ਨਾਂ ਆਈਸ ਡਰੱਗ (ਕ੍ਰਿਸਟਲ ਮੇਥ) ਤਸਕਰੀ ਮਾਮਲਾ ਚਰਚਾ ਵਿੱਚ ਰਹਿਆ ਸੀ। ਜੇਲ੍ਹ ਤੋਂ ਛੁੱਟਣ ਮਗਰੋਂ ਉਹ ਪਰਿਵਾਰ ਸਮੇਤ ਮੁੰਬਈ ਚਲਾ ਗਿਆ ਸੀ, ਜਿੱਥੇ ਦਿਲ ਦਾ ਦੌਰੇ ਕਾਰਨ ਉਸ ਦੀ ਮੌਤ ਹੋ ਗਈ। ਰਾਜਾ ਕੰਦੋਲਾ ਮੂਲ ਰੂਪ 'ਚ ਨਵਾਂਸ਼ਹਿਰ ਜ਼ਿਲ੍ਹੇ ਦੇ ਬੰਗਾ ਦਾ ਰਹਿਣ ਵਾਲਾ ਸੀ। ਉਹ ਕਾਫ਼ੀ ਸਮੇਂ ਲਈ ਅਮਰੀਕਾ ਅਤੇ ਜਿੰਬਾਬਵੇ ਵਰਗੇ ਦੇਸ਼ਾਂ ਵਿੱਚ ਰਿਹਾ, ਜਿੱਥੇ ਉਸ ਨੇ ਨਸ਼ਾ ਤਸਕਰੀ ਦਾ ਅੰਤਰਰਾਸ਼ਟਰੀ ਨੈੱਟਵਰਕ ਬਣਾਇਆ। ਪੰਜਾਬ ਵਾਪਸ ਆਉਣ ਮਗਰੋਂ ਉਸ ਨੇ ਆਪਣੇ ਆਪ ਨੂੰ ਇਕ ਵੱਡੇ ਫਾਰਮਹਾਊਸ ਦੇ ਮਾਲਕ ਵਜੋਂ ਸਥਾਪਤ ਕੀਤਾ। ਪਰਿਵਾਰਕ ਸੂਤਰਾਂ ਮੁਤਾਬਕ ਰਾਜਾ ਕੰਦੋਲਾ ਕਈ ਦਿਨਾਂ ਤੋਂ ਬੀਮਾਰ ਚੱਲ ਰਿਹਾ ਸੀ। ਉਸ ਨੂੰ ਬੀਮਾਰ ਹੋਣ ਕਾਰਨ ਹਸਪਤਾਲ ਲੈ ਜਾਇਆ ਗਿਆ ਸੀ, ਜਿੱਥੇ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ। ਇਸ ਤੋਂ ਬਾਅਦ ਪਰਿਵਾਰ ਦੇ ਲੋਕ ਉਸ ਦੀ ਲਾਸ਼ ਨੂੰ ਮੁੰਬਈ ਸਥਿਤ ਘਰ ਲੈ ਗਏ। ਪਰਿਵਾਰ ਦੇ ਮੁਤਾਬਕ ਉਸ ਦਾ ਅੰਤਿਮ ਸੰਸਕਾਰ ਮੁੰਬਈ ਵਿੱਚ ਹੀ ਕੀਤਾ ਜਾਵੇਗਾ। ਰਾਜਾ ਕੰਦੌਲਾ ਦਾ ਨਾਮ ਪਹਿਲੀ ਵਾਰੀ ਜੂਨ 2012 'ਚ ਉਸ ਸਮੇਂ ਚਰਚਾ ਵਿੱਚ ਆਇਆ, ਜਦੋਂ ਪੰਜਾਬ ਪੁਲਸ ਨੇ 200 ਕਰੋੜ ਰੁਪਏ ਦੇ ਸਿੰਥੇਟਿਕ ਡਰੱਗ ਰੈਕੇਟ ਦਾ ਪਰਦਾਫ਼ਾਸ਼ ਕੀਤਾ। ਇਸ ਦੌਰਾਨ ਪੁਲਸ ਤੋਂ ਬਚਦਿਆਂ ਉਹ ਦਿੱਲੀ ਭੱਜ ਗਿਆ ਸੀ ਪਰ ਅਗਸਤ 2012 ਵਿੱਚ ਉਸ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਰਣਜੀਤ ਸਿੰਘ ਉਰਫ਼ ਰਾਜਾ ਕੰਦੌਲਾ ਨੂੰ ਪੰਜਾਬ ਵਿੱਚ ਆਈਸ ਮੈਨ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ, ਕਿਉਂਕਿ ਉਹ ਸਿੰਥੇਟਿਕ ਡਰੱਗਸ (ਜਿਵੇਂ ਆਈਸ ਜਾਂ ਮੈਥੈਂਫੈਟਾਮਾਈਨ) ਦੇ ਗੈਰ-ਕਾਨੂੰਨੀ ਧੰਦੇ ਦਾ ਮਾਸਟਰਮਾਈਂਡ ਸੀ। ਪੁਲਸ ਮੁਤਾਬਕ ਰਾਜਾ ਮੈਥੈਂਫੈਟਾਮਾਈਨ (ਆਈਸ) ਅਤੇ ਹੋਰ ਨਸ਼ੀਲੇ ਪਦਾਰਥ ਬਣਾਉਣ ਲਈ ਦਿੱਲੀ ਅਤੇ ਪੰਜਾਬ ਵਿੱਚ ਗੈਰ-ਕਾਨੂੰਨੀ ਲੈਬ ਚਲਾਉਂਦਾ ਸੀ। ਉਹ ਕੱਚਾ ਮਾਲ ਦਿੱਲੀ ਤੋਂ ਲਿਆਉਂਦਾ ਅਤੇ ਉਸ ਨੂੰ ਰੀਫਾਈਨ ਕਰਕੇ ਵਿਦੇਸ਼ਾਂ ਵਿੱਚ ਸਪਲਾਈ ਕਰਦਾ ਸੀ। ਕੰਦੌਲਾ ਨਾਲ ਉਸ ਦੀ ਪਤਨੀ ਰਜਵੰਤ ਕੌਰ ਅਤੇ ਪੁੱਤਰ ਬਾਲੀ ਸਿੰਘ ਵੀ ਕਾਨੂੰਨੀ ਮੁਸ਼ਕਿਲਾਂ ਵਿੱਚ ਫਸੇ। ਦੋਹਾਂ ਦਾ ਨਾਂ ਵੀ ਡਰੱਗ ਤਸਕਰੀ ਵਿੱਚ ਆਇਆ। ਰਾਜਾ ਦੀ ਇਕ ਮਹਿਲਾ ਮਿੱਤਰ ਸੋਨੀਆ ਦਾ ਨਾਂ ਵੀ ਇਸ ਮਾਮਲੇ ਵਿੱਚ ਚਰਚਾ ਵਿੱਚ ਰਿਹਾ, ਜੋ ਕਥਿਤ ਤੌਰ 'ਤੇ ਉਸ ਦੇ ਹੋਟਲ ਅਤੇ ਪ੍ਰਾਪਰਟੀ ਕਾਰੋਬਾਰ ਨੂੰ ਵੇਖਦੀ ਸੀ। ਅਗਸਤ 2024 ਵਿੱਚ ਜਲੰਧਰ ਦੀ ਇਕ ਵਿਸ਼ੇਸ਼ ਕੋਰਟ ਨੇ ਰਾਜਾ ਕੰਦੌਲਾ ਨੂੰ ਈ. ਡੀ. ਵੱਲੋਂ ਦਰਜ ਮਨੀ ਲਾਂਡਰਿੰਗ ਮਾਮਲੇ ਵਿੱਚ 9 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ। ਉਸ ਦੀ ਪਤਨੀ ਰਜਵੰਤ ਨੂੰ ਵੀ 3 ਸਾਲ ਦੀ ਸਜ਼ਾ ਮਿਲੀ। ਰਾਜਾ ਖ਼?ਲਾਫ਼ ਜਲੰਧਰ, ਲੁਧਿਆਣਾ ਅਤੇ ਹੁਸ਼ਿਆਰਪੁਰ ਵਿੱਚ ਦਰਜਨਾਂ ਮਾਮਲੇ ਦਰਜ ਕੀਤੇ ਗਏ। ਕੁਝ ਮਾਮਲਿਆਂ ਵਿੱਚ ਰਾਜਾ ਬਰੀ ਵੀ ਹੋ ਚੁੱਕਾ ਹੈ। ਇਸਦੇ ਇਲਾਵਾ ਰਾਜਾ ਕੰਦੌਲਾ ਕਈ ਡਰੱਗ ਤਸਕਰੀ ਦੇ ਮਾਮਲਿਆਂ ਵਿੱਚ ਸ਼ਾਮਲ ਸੀ, ਜਿਸ ਕਾਰਨ ਉਹ ਪੰਜਾਬ ਦੀਆਂ ਅਦਾਲਤਾਂ ਵਿੱਚ ਪੇਸ਼ ਹੁੰਦਾ ਰਹਿੰਦਾ ਸੀ। ਦਿੱਲੀ ਵਿੱਚ ਬਰਾਮਦ ਡਰੱਗਸ ਦੇ ਮਾਮਲੇ ਵਿੱਚ ਉਸ ਨੂੰ 15 ਸਾਲ ਦੀ ਸਜ਼ਾ ਹੋਈ ਸੀ। ਇਸ ਤਰ੍ਹਾਂ ਰਾਜਾ ਨੂੰ ਦੋ ਮਾਮਲਿਆਂ ਵਿੱਚ ਸਜ਼ਾ ਹੋ ਚੁਕੀ ਹੈ, ਜਦਕਿ ਦੋ ਵਿੱਚ ਉਹ ਬਰੀ ਹੋ ਚੁਕਾ ਹੈ। ਰਾਜਾ ਕੰਦੌਲਾ ਦਾ ਨਾਮ ਜਗਦੀਸ਼ ਭੋਲਾ ਡਰੱਗ ਮਾਮਲੇ ਵਿੱਚ ਵੀ ਸਾਹਮਣੇ ਆਇਆ ਸੀ। ਉਸ ਸਮੇਂ ਜਾਂਚ ਏਜੰਸੀਆਂ ਜਗਦੀਸ਼ ਭੋਲਾ ਨੂੰ ਵੱਡੇ ਡਰੱਗ ਨੈੱਟਵਰਕ ਵਿੱਚ ਮੁੱਖ ਕੜੀ ਮੰਨਦੀਆਂ ਸਨ। ਆਈਸ ਡਰੱਗ (ਕ੍ਰਿਸਟਲ ਮੇਥ) ਤਸਕਰੀ ਦੇ ਮਾਮਲਿਆਂ ਵਿੱਚ ਉਸ ਦਾ ਨਾਮ ਕਈ ਵਾਰ ਸਾਹਮਣੇ ਆਇਆ। ਸੂਤਰਾਂ ਮੁਤਾਬਕ ਰਾਜਾ ਕਾਫ਼ੀ ਸਮੇਂ ਤੋਂ ਮੁੰਬਈ ਵਿੱਚ ਰਹਿ ਰਿਹਾ ਸੀ ਅਤੇ ਉਥੋਂ ਹੀ ਆਪਣਾ ਕਾਰੋਬਾਰ ਚਲਾਉਂਦਾ ਸੀ।

## ਦਸੂਹਾ ਪੁਲਸ ਨੇ ਇਕ ਵਿਅਕਤੀ ਨੂੰ ਦੇਸੀ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ

ਦਸੂਹਾ 18 ਫਰਵਰੀ। ਦਸੂਹਾ ਪੁਲਸ ਨੇ ਇਕ ਵਿਅਕਤੀ ਨੂੰ ਦੇਸੀ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ। ਇਸ ਸਬੰਧੀ ਦਸੂਹਾ ਥਾਣੇ ਦੇ ਏ. ਐੱਸ. ਆਈ. ਰਾਕੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਪਾਰਟੀ ਦੇ ਨਾਲ ਐੱਸ. ਡੀ. ਐੱਮ. ਚੌਂਕ ਦਸੂਹਾ ਤੋਂ ਹੁਸ਼ਿਆਰਪੁਰ ਰੋਡ 'ਤੇ ਸ਼ੱਕੀ ਵਿਅਕਤੀਆਂ ਲਈ ਗਸ਼ਤ ਅਤੇ ਵਾਹਨਾਂ ਦੀ ਜਾਂਚ ਕਰ ਰਿਹਾ ਸੀ ਤਾਂ ਬੀ. ਐੱਸ. ਐੱਨ. ਐੱਲ. ਦਫ਼ਤਰ ਨੇੜੇ ਸੜਕ ਕਿਨਾਰੇ ਇਕ ਵਿਅਕਤੀ ਨੂੰ ਖੜ੍ਹਾ ਵੇਖਿਆ ਤਾਂ ਜਦੋਂ ਉਸ ਦੀ ਤਲਾਸ਼ੀ ਲਈ ਗਈ ਤਾਂ ਇਕ ਦੇਸੀ ਪਿਸਤੌਲ ਅਤੇ ਦੋ ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਗੋਬਿੰਦ ਕੁਮਾਰ ਸੱਭਰਵਾਲ ਵਾਰਡ ਨੰਬਰ 11, ਗੜ੍ਹਦੀਵਾਲਾ ਵੱਜੋ ਹੋਈ ਹੈ। ਉਨ੍ਹਾਂ ਦੱਸਿਆ ਕਿ ਇਸ ਦੇ ਵਿਰੁੱਧ ਅਸਲਾ ਐਕਟ ਅਧੀਨ ਕੇਸ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਹਾਏ ਤੌਬਾ ! ਪਹਿਲਾਂ ਧੀ ਦਾ ਮੰਗੇਤਰ ਤੇ ਹੁਣ ਭੈਣ ਦਾ ਪਤੀ ਲੈ ਭੱਜੀ ਅੱਧਖੜ ਜਨਾਨੀ

ਕੌਮੀ ਪਤ੍ਰਿਕਾ

ਅਲੀਗੜ੍ਹ 18 ਫਰਵਰੀ। ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਤੋਂ ਰਿਸ਼ਤਿਆਂ ਨੂੰ ਸ਼ਰਮਸਾਰ ਕਰਨ ਵਾਲੀ ਇਕ ਅਜੀਬੋ-ਗਰੀਬ ਖ਼ਬਰ ਸਾਹਮਣੇ ਆਈ ਹੈ, ਜਿੱਥੇ ਇਕ ਮਹਿਲਾ ਪਹਿਲਾਂ ਆਪਣੇ ਹੋਣ ਵਾਲੇ ਜਵਾਈ ਨਾਲ ਫਰਾਰ ਹੋਈ ਅਤੇ ਹੁਣ ਆਪਣੇ ਹੀ ਜੀਜੇ ਨਾਲ ਭੱਜ ਗਈ ਹੈ। ਮਿਲੀ ਜਾਣਕਾਰੀ ਅਨੁਸਾਰ, ਇਹ ਮਹਿਲਾ ਆਪਣੇ ਨਾਲ 2 ਲੱਖ ਰੁਪਏ ਦੀ ਨਕਦੀ ਅਤੇ ਕੀਮਤੀ ਗਹਿਣੇ ਵੀ ਲੈ ਗਈ ਹੈ। ਇਹ ਸਾਰਾ ਮਾਮਲਾ ਅਲੀਗੜ੍ਹ ਦੇ ਮਡਰਾਕ ਥਾਣਾ ਖੇਤਰ ਦੇ ਪਿੰਡ ਮਨੋਹਰਪੁਰ ਦਾ ਹੈ। ਜਤਿੰਦਰ ਕੁਮਾਰ ਦੀ ਧੀ ਸ਼ਿਵਾਨੀ ਦਾ ਵਿਆਹ 16 ਅਪ੍ਰੈਲ 2025 ਨੂੰ ਰਾਹੁਲ ਨਾਮ ਦੇ ਨੌਜਵਾਨ ਨਾਲ ਹੋਣਾ ਤੈਅ ਹੋਇਆ ਸੀ। ਪਰ ਵਿਆਹ ਤੋਂ ਮਹਿਜ਼ 12 ਦਿਨ ਪਹਿਲਾਂ, 6 ਅਪ੍ਰੈਲ ਨੂੰ ਸ਼ਿਵਾਨੀ ਦੀ 38 ਸਾਲਾ ਮਾਂ ਅਨੀਤਾ ਦੇਵੀ ਆਪਣੇ ਹੋਣ ਵਾਲੇ ਜਵਾਈ ਰਾਹੁਲ ਨਾਲ ਫਰਾਰ ਹੋ ਗਈ। ਦੋਵਾਂ ਨੇ ਕਰੀਬ 10 ਦਿਨਾਂ ਤੱਕ ਯੂਪੀ, ਨੇਪਾਲ, ਦਿੱਲੀ ਅਤੇ ਬਿਹਾਰ 'ਚ ਲਗਭਗ 2826 ਕਿਲੋਮੀਟਰ ਦੀ ਦੂਰੀ ਤੈਅ ਕੀਤੀ ਅਤੇ ਪੁਲਸ ਤੋਂ ਬਚਦੇ ਰਹੇ। ਜਦੋਂ ਪੁਲਸ ਨੇ ਦੋਵਾਂ ਨੂੰ ਹਿਰਾਸਤ 'ਚ ਲਿਆ, ਤਾਂ ਰਾਹੁਲ ਨੇ ਦਾਅਵਾ ਕੀਤਾ ਸੀ ਕਿ ਅਨੀਤਾ ਉਸ ਦੀ ਸੱਸ ਨਹੀਂ ਬਲਕਿ ਪਤਨੀ ਹੈ। ਦੂਜੇ ਪਾਸੇ, ਅਨੀਤਾ ਨੇ ਕਾਉਂਸਲਿੰਗ ਦੌਰਾਨ ਦੱਸਿਆ ਕਿ ਉਹ ਪਿਛਲੇ 20 ਸਾਲਾਂ ਤੋਂ ਆਪਣੀਆਂ ਇੱਛਾਵਾਂ ਮਾਰ ਕੇ ਜੀ ਰਹੀ ਸੀ ਅਤੇ ਪਰਿਵਾਰ ਦੇ ਤਾਨਿਆਂ ਤੋਂ ਤੰਗ ਆ ਕੇ ਉਸ ਨੇ ਇਹ ਕਦਮ ਚੁੱਕਿਆ। ਉਸਨੇ ਕਿਹਾ ਸੀ ਕਿ ਰਾਹੁਲ ਉਸ ਦੀਆਂ ਭਾਵਨਾਵਾਂ ਨੂੰ ਸਮਝਦਾ ਹੈ ਅਤੇ ਉਹ ਉਸ ਨਾਲ ਖੁਸ਼ ਹੈ। ਤਾਜ਼ਾ ਘਟਨਾਕ੍ਰਮ 'ਚ, ਰਾਹੁਲ ਨੇ ਦੱਸਿਆ ਕਿ ਉਹ ਬਿਹਾਰ 'ਚ ਰਹਿ ਕੇ ਕੱਪੜੇ ਫੇਰੀ ਲਗਾ ਕੇ ਵੇਚਣ ਦਾ ਕੰਮ ਕਰਨ ਲੱਗ ਪਿਆ ਸੀ। ਪਰ 6 ਫਰਵਰੀ ਨੂੰ ਅਨੀਤਾ ਉਸ ਨੂੰ ਧੋਖਾ ਦੇ ਕੇ ਆਪਣੇ ਜੀਜੇ ਨਾਲ ਫਰਾਰ ਹੋ ਗਈ। ਰਾਹੁਲ ਦਾ ਦੋਸ਼ ਹੈ ਕਿ ਅਨੀਤਾ ਘਰੋਂ 2 ਲੱਖ ਰੁਪਏ ਅਤੇ ਸੋਨੇ-ਚਾਂਦੀ ਦੇ ਗਹਿਣੇ ਵੀ ਲੈ ਗਈ ਹੈ। ਉਸ ਨੇ ਇਹ ਵੀ ਦਾਅਵਾ ਕੀਤਾ ਕਿ ਉਸ ਨੇ ਇਕ ਆਡੀਓ ਰਿਕਾਰਡਿੰਗ ਸੁਣੀ ਹੈ ਜਿਸ 'ਚ ਅਨੀਤਾ ਅਤੇ ਉਸ ਦਾ ਜੀਜਾ ਉਸ ਨੂੰ ਜ਼ਹਿਰ ਦੇ ਕੇ ਮਾਰਨ ਦੀ ਯੋਜਨਾ ਬਣਾ ਰਹੇ ਸਨ। ਇਸ ਸਾਰੇ ਹੰਗਾਮੇ ਦੇ ਵਿਚਕਾਰ, ਅਨੀਤਾ ਦੇ ਪਹਿਲੇ ਪਤੀ ਜਤਿੰਦਰ ਨੇ ਦੂਜਾ ਵਿਆਹ ਕਰ ਲਿਆ ਹੈ। ਅਨੀਤਾ ਦੀ ਧੀ ਅਤੇ ਬਾਕੀ ਪਰਿਵਾਰ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਨੀਤਾ ਨੂੰ ਪੂਰੀ ਤਰ੍ਹਾਂ ਭੁੱਲ ਚੁੱਕੇ ਹਨ ਅਤੇ ਹੁਣ ਉਸ ਬਾਰੇ ਕੋਈ ਜਾਣਕਾਰੀ ਨਹੀਂ ਰੱਖਣਾ ਚਾਹੁੰਦੇ। ਜਿਸ ਧੀ ਦਾ ਵਿਆਹ ਰਾਹੁਲ ਨਾਲ ਤੈਅ ਹੋਇਆ ਸੀ, ਉਸ ਦਾ ਰਿਸ਼ਤਾ ਅਜੇ ਤੱਕ ਕਿਤੇ ਹੋਰ ਨਹੀਂ ਹੋਇਆ ਹੈ।

## ਪੰਜਾਬ 'ਚ ਵੀ ਹੋਵੇਗੀ ਭਾਜਪਾ ਦੀ ਸਰਕਾਰ : ਸੀਐੱਮ ਸੈਣੀ

Contd..............Front page

ਜਦੋਂ ਕਿ 2004 ਅਤੇ 2005 ਵਿੱਚ ਹਰਿਆਣਾ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਸ਼ਹਿਰੀ ਰੁਜ਼ਗਾਰ ਵਿੱਚ 17ਵੇਂ ਸਥਾਨ 'ਤੇ ਸੀ, ਹੁਣ ਇਹ 8ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਇਸੇ ਤਰ੍ਹਾਂ, ਪੇਂਡੂ ਰੁਜ਼ਗਾਰ ਵਿੱਚ, ਇਹ 22ਵੇਂ ਸਥਾਨ 'ਤੇ ਸੀ, ਜੋ 2023-24 ਵਿੱਚ ਡਿੱਗ ਕੇ 15ਵੇਂ ਸਥਾਨ 'ਤੇ ਆ ਗਿਆ ਹੈ। ਮੁੱਖ ਵਿਰੋਧੀ ਪਾਰਟੀ, ਕਾਂਗਰਸ 'ਤੇ ਹਮਲਾ ਕਰਦਿਆਂ, ਉਨ੍ਹਾਂ ਕਿਹਾ, ਉਨ੍ਹਾਂ ਕੋਲ ਕਹਿਣ ਲਈ ਕੁਝ ਨਹੀਂ ਹੈ। ਉਹ ਚੀਨੀ ਸਾਮਾਨ ਲੈ ਕੇ ਜਾ ਰਹੇ ਹਨ; ਇਹ ਵਿਸ਼ਵਾਸ ਕਰਨਾ ਔਖਾ ਹੈ ਕਿ ਉਨ੍ਹਾਂ 'ਤੇ ਭਰੋਸਾ ਕੀਤਾ ਜਾਵੇਗਾ। ਉਨ੍ਹਾਂ ਝੂਠ ਦੀ ਦੁਕਾਨ ਖੋਲ੍ਹੀ ਹੈ। ਉਨ੍ਹਾਂ ਕਿਹਾ ਕਿ ਅੱਜ, ਸਾਡੀ ਸਰਕਾਰ ਦੇ ਸ਼ਾਨਦਾਰ ਵਿੱਤੀ ਪ੍ਰਬੰਧਨ ਦੀ ਬਦੌਲਤ, ਹਰਿਆਣਾ ਦੇਸ਼ ਵਿੱਚ ਨੰਬਰ ਇੱਕ ਹੈ, ਅਤੇ ਹਰਿਆਣਾ ਸਰਕਾਰ ਤੁਰੰਤ ਕਿਸੇ ਵੀ ਕੁਦਰਤੀ ਆਫ਼ਤ ਦੇ ਪੀੜਤਾਂ ਦੇ ਖਾਤਿਆਂ ਵਿੱਚ ਪੈਸੇ ਜਮ੍ਹਾਂ ਕਰਵਾ ਰਹੀ ਹੈ। ਹਰਿਆਣਾ ਵਿੱਚ ਬਾਹਰੀ ਲੋਕਾਂ ਦੇ ਰੁਜ਼ਗਾਰ ਬਾਰੇ, ਉਨ੍ਹਾਂ ਦੱਸਿਆ ਕਿ ਹਰਿਆਣਾ ਦੇ ਨੌਜਵਾਨ ਉੱਤਰ ਪ੍ਰਦੇਸ਼, ਪੰਜਾਬ, ਰਾਜਸਥਾਨ ਅਤੇ ਗੁਜਰਾਤ ਸਮੇਤ ਦੇਸ਼ ਭਰ ਦੇ ਹੋਰ ਰਾਜਾਂ ਵਿੱਚ ਵੀ ਕੰਮ ਕਰ ਰਹੇ ਹਨ। ਉਨ੍ਹਾਂ ਨੇ ਪੈਨਸ਼ਨ ਮੁੱਦੇ 'ਤੇ ਇਨੈਲੋ ਦੀ ਅਸਿੱਧੇ ਤੌਰ 'ਤੇ ਆਲੋਚਨਾ ਕਰਦਿਆਂ ਕਿਹਾ ਕਿ ਅੱਜ ਕੱਲ੍ਹ ਕੁਝ ਲੋਕ ਸਿਹਰਾ ਲੈਣ ਦੀ ਗੱਲ ਕਰਦੇ ਹਨ। ਉਨ੍ਹਾਂ ਕਿਹਾ ਕਿ ਅੱਜ ਸੋਸ਼ਲ ਮੀਡੀਆ, ਮੀਡੀਆ ਅਤੇ ਹਰ ਤਰ੍ਹਾਂ ਦੇ ਸੂਚਨਾ ਪ੍ਰਣਾਲੀਆਂ ਹਰ ਜਗ੍ਹਾ ਉਪਲਬਧ ਹਨ। ਨਤੀਜੇ ਵਜੋਂ ਗੁਆਂਢੀ ਰਾਜਾਂ ਵਿੱਚ ਵੀ ਹਰਿਆਣਾ ਦੇ ਭਾਜਪਾ ਮਾਡਲ ਦੀ ਚਰਚਾ ਹੋ ਰਹੀ ਹੈ। ਇਸ ਨਾਲ ਪੰਜਾਬ ਵਿੱਚ ਵੀ ਕਮਲ ਖਿੜੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਪੰਜਾਬ ਵਿੱਚ ਸਰਕਾਰ ਬਣਾਏਗੀ। ਸ਼ਾਨਦਾਰ ਵਿੱਤੀ ਪ੍ਰਬੰਧਨ ਰਾਹੀਂ ਪੰਜਾਬ ਨੂੰ ਨੰਬਰ ਇੱਕ ਵੀ ਬਣਾਇਆ ਜਾਵੇਗਾ।

## ਮਿਜ਼ੋਰਮ 'ਚ 3.5 ਕਰੋੜ ਰੁਪਏ ਦੇ ਨਸ਼ੇ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ

ਨੈਸ਼ਨਲ ਡੈਸਕ 18 ਫਰਵਰੀ। ਅਸਾਮ ਰਾਈਫਲਜ਼ ਨੇ ਵੀਰਵਾਰ ਨੂੰ ਕਿਹਾ ਕਿ ਮਿਜ਼ੋਰਮ ਦੇ ਸੈਤੁਆਲ ਜ਼ਿਲ੍ਹੇ ਵਿੱਚ ਦੋ ਵਿਅਕਤੀਆਂ ਨੂੰ 3.5 ਕਰੋੜ ਰੁਪਏ ਦੇ ਮੋਰਫਿਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਇੱਕ ਗੁਪਤ ਸੂਚਨਾ 'ਤੇ ਕਾਰਵਾਈ ਕਰਦੇ ਹੋਏ ਇਸਦੇ ਸੈਨਿਕਾਂ ਨੇ ਮਨੀਪੁਰ ਸਰਹੱਦ ਦੇ ਨੇੜੇ ਨਗੋਪਾ ਪਿੰਡ ਵਿੱਚ ਇੱਕ ਚੌਕੀ 'ਤੇ ਇੱਕ ਵਾਹਨ ਨੂੰ ਰੋਕਿਆ ਅਤੇ ਤਲਾਸ਼ੀ ਲੈਣ 'ਤੇ 3.51 ਕਿਲੋਗ੍ਰਾਮ ਮੋਰਫਿਨ ਬਰਾਮਦ ਕੀਤਾ। ਅਸਾਮ ਰਾਈਫਲਜ਼ ਨੇ ਕਿਹਾ ਕਿ ਦੋ ਵਿਅਕਤੀਆਂ ਨੂੰ ਮੋਰਫਿਨ ਦੀ ਤਸਕਰੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਦੀ ਪਛਾਣ ਕਾਸਿਮ ਅਤੇ ਮੁਕਿਮ ਅਲੀ ਵਜੋਂ ਹੋਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਜ਼ਬਤ ਕੀਤੇ ਗਏ ਮੋਰਫਿਨ ਅਤੇ ਵਾਹਨ ਸਮੇਤ ਦੋ ਮੁਲਜ਼ਮਾਂ ਨੂੰ ਅਗਲੀ ਕਾਰਵਾਈ ਲਈ ਸੈਤੁਆਲ ਪੁਲਸ ਸਟੇਸ਼ਨ ਦੇ ਹਵਾਲੇ ਕਰ ਦਿੱਤਾ ਗਿਆ ਹੈ।

## ਸੰਤ ਨਿਰੰਕਾਰੀ ਮਿਸ਼ਨ ਵੱਲੋਂ 'ਪ੍ਰੋਜੈਕਟ ਅੰਮ੍ਰਿਤ' ਦਾ ਚੌਥਾ ਚਰਨ 22 ਫਰਵਰੀ ਨੂੰ ਦੇਸ਼ ਭਰ ਦੇ 1500 ਤੋਂ ਵੱਧ ਸਥਾਨਾਂ 'ਤੇ 'ਸਵੱਛ ਜਲ, ਸਵੱਛ ਮਨ' ਅਭਿਆਨ ਦਾ ਆਗਾਜ਼

ਨਵੀਂ ਦਿੱਲੀ, 18 ਫਰਵਰੀ: ਮਨੁੱਖਤਾ ਦੀ ਸੇਵਾ ਅਤੇ ਪ੍ਰਕਿਰਤੀ ਪ੍ਰਤੀ ਸੰਵੇਦਨਸ਼ੀਲਤਾ ਨੂੰ ਜੀਵਨ ਮੰਤਰ ਬਣਾਉਂਦਿਆਂ ਵੱਲੋਂ 'ਪ੍ਰੋਜੈਕਟ ਅੰਮ੍ਰਿਤ' ਅਧੀਨ 'ਸਵੱਛ ਜਲ, ਸਵੱਛ ਮਨ' ਮੁਹਿੰਮ ਦਾ ਚੌਥਾ ਚਰਨ ਐਤਵਾਰ, 22 ਫਰਵਰੀ 2026 ਨੂੰ ਸਵੇਰੇ 8 ਵਜੇ ਤੋਂ 11 ਵਜੇ ਤੱਕ ਦੇਸ਼ ਭਰ ਵਿੱਚ ਇੱਕੋ ਸਮੇਂ ਸ਼ੁਰੂ ਕੀਤਾ ਜਾਵੇਗਾ। ਇਹ ਅਭਿਆਨ ਪਰਮ ਪੂਜਯ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਭਵਿਆ ਰੂਪ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਮੰਡਲ ਦੇ ਸਕੱਤਰ ਜੋਗਿੰਦਰ ਸੁਖੀਜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੇਸ਼ ਭਰ ਦੇ 1500 ਤੋਂ ਵੱਧ ਸਥਾਨਾਂ 'ਤੇ ਇਹ ਮੁਹਿੰਮ ਇਕੱਠੇ ਚਲਾਈ ਜਾਵੇਗੀ, ਜਿਸ ਕਾਰਨ ਇਹ ਇਤਿਹਾਸਕ ਪਹਲ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਰਾਹੀਂ ਜਲ ਸੰਰੱਖਣ ਅਤੇ ਸਫ਼ਾਈ ਦਾ ਸੰਦੇਸ਼ ਸਮਾਜ ਦੇ ਹਰ ਵਰਗ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਇਆ ਜਾਵੇਗਾ। ਮਿਸ਼ਨ ਵੱਲੋਂ ਦੱਸਿਆ ਗਿਆ ਕਿ ਜਲ ਕੇਵਲ ਇਕ ਸਰੋਤ ਨਹੀਂ, ਸਗੋਂ ਜੀਵਨ ਦਾ ਆਧਾਰ ਅਤੇ ਪ੍ਰਭੂ ਦੀ ਅਮੂਲ ਭੇਂਟ ਹੈ। ਇਸ ਦੀ ਰੱਖਿਆ ਕਰਨਾ ਹਰ ਮਨੁੱਖ ਦਾ ਨੈਤਿਕ ਫਰਜ਼ ਹੈ। ਬਾਬਾ ਹਰਦੇਵ ਸਿੰਘ ਜੀ ਦੀ ਪ੍ਰੇਰਨਾ ਤੋਂ ਪ੍ਰੇਰਿਤ ਹੋ ਕੇ ਮਿਸ਼ਨ ਨੇ ਸਾਲ 2023 ਵਿੱਚ ਸੱਭਿਆਚਾਰਕ ਮੰਤਰਾਲਯ ਭਾਰਤ ਸਰਕਾਰ ਦੇ ਸਹਿਯੋਗ ਨਾਲ 'ਪ੍ਰੋਜੈਕਟ ਅੰਮ੍ਰਿਤ' ਦੀ ਸ਼ੁਰੂਆਤ ਕੀਤੀ ਸੀ। ਇਸ ਪਹਲ ਦਾ ਮਕਸਦ ਜਲ ਸੰਭਾਲ ਨੂੰ ਕੇਵਲ ਇਕ ਦਿਨੀ ਕਾਰਜਕ੍ਰਮ ਤੱਕ ਸੀਮਿਤ ਨਾ ਰੱਖਦੇ ਹੋਏ, ਇਸਨੂੰ ਜੀਵਨ ਸ਼ੈਲੀ ਅਤੇ ਸੰਸਕਾਰ ਬਣਾਉਣਾ ਹੈ। ਨਦੀਆਂ, ਝੀਲਾਂ, ਤਲਾਬਾਂ, ਖੂਹਾਂ ਅਤੇ ਚਸ਼ਮਿਆਂ ਵਰਗੇ ਪ੍ਰਕਿਰਤਿਕ ਜਲ ਸਰੋਤਾਂ ਦੀ ਸੰਭਾਲ ਲਈ ਸਮਰਪਿਤ ਇਸ ਅਭਿਆਨ ਨੇ ਪਹਿਲੇ ਤਿੰਨ ਚਰਣਾਂ ਵਿੱਚ ਵਿਆਪਕ ਸੇਵਾ, ਸਮਰਪਣ ਅਤੇ ਲੋਕ ਭਾਗੀਦਾਰੀ ਦੀ ਮਿਸਾਲ ਕਾਇਮ ਕੀਤੀ ਹੈ। ਚੌਥੇ ਚਰਨ ਵਿੱਚ ਇਸਨੂੰ ਹੋਰ ਵਿਸਥਾਰ ਅਤੇ ਸੁਚਿੰਤਤ ਯੋਜਨਾ ਨਾਲ ਲਾਗੂ ਕੀਤਾ ਜਾ ਰਿਹਾ ਹੈ ਤਾਂ ਜੋ ਪ੍ਰਕਿਰਤੀ ਪ੍ਰਤੀ ਜਾਗਰੂਕਤਾ ਨੂੰ ਹੋਰ ਮਜ਼ਬੂਤੀ ਮਿਲੇ। ਇਸ ਦੌਰਾਨ ਜਾਗਰੂਕਤਾ ਸੰਗੋਸ਼ਠੀਆਂ, ਸਮੂਹਕ ਗਾਇਨ, ਪ੍ਰੇਰਕ ਗੀਤਾਂ ਅਤੇ ਸੋਸ਼ਲ ਮੀਡੀਆ ਮੁਹਿੰਮਾਂ ਰਾਹੀਂ ਜਲ-ਜਨਿਤ ਬਿਮਾਰੀਆਂ ਅਤੇ ਸਫ਼ਾਈ ਦੇ ਮਹੱਤਵ ਬਾਰੇ ਲੋਕਾਂ ਨੂੰ ਸਚੇਤ ਕੀਤਾ ਜਾਵੇਗਾ। ਮਿਸ਼ਨ ਦਾ ਮੰਨਣਾ ਹੈ ਕਿ ਮਨ ਦੀ ਪਵਿੱਤਰਤਾ ਨਾਲ ਹੀ ਪ੍ਰਕਿਰਤੀ ਦੀ ਪਵਿੱਤਰਤਾ ਜੁੜੀ ਹੈ ਅਤੇ ਸੇਵਾ ਭਾਵ ਨਾਲ ਹੀ ਸਮਾਜ ਦਾ ਨਵ-ਨਿਰਮਾਣ ਸੰਭਵ ਹੈ। ਸਤਿਗੁਰੂ ਮਾਤਾ ਜੀ ਦਾ ਸੰਦੇਸ਼ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਨੂੰ ਹੋਰ ਸੁੰਦਰ, ਸਾਫ਼ ਅਤੇ ਸੰਤੁਲਿਤ ਰੂਪ ਵਿੱਚ ਸੰਭਾਲ ਕੇ ਰੱਖਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। 'ਸਵੱਛ ਜਲ, ਸਵੱਛ ਮਨ' ਮੁਹਿੰਮ ਇਸੇ ਪਵਿੱਤਰ ਸੰਕਲਪ ਦੀ ਪ੍ਰਤੀਕ ਹੈ।


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### ਪੂਰਵੋਤਰ ਰੇਲਵੇ

**ਖੁਲੀ ਈ-ਨਿਵਿਦਾ ਸੂਚਨਾ**

**NER-LJN-2026-33 & NER-LJN-2026-34**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਮੰਡਲ ਰੇਲ ਪ੍ਰਬੰਧਕ/ਇੰਜੀਨਿਯਰਿੰਗ/ਪੂਰਵੋਤਰ ਰੇਲਵੇ/ ਲਖਨਊ ਵਲੋਂ ਹੇਠਲਿਖਿਤ ਕਾਰਜਾਂ ਹੇਤੁ ਆੱਨਲਾਈਨ 'ਖੁਲੀ' ਈ-ਨਿਵਿਦਾਵਾਂ ਆਮੰਤਰਿਤ ਕੀਤੀ ਜਾਂਦੀ ਹੈ ਜਿਸਦਾ ਵੇਰਵਾ ਹੇਠਾਂ ਲਿਖਿਆ ਹੈ:-

**ਈ-ਨਿਵਿਦਾ ਸੰਖਿਆ: NER-LJN-2026-33, ਕਾਰਜ ਦਾ ਨਾਮ :** ਪੂਰਵੋਤਰ ਰੇਲਵੇ/ ਲਖਨਊ ਮੰਡਲ:- ਗੋਂਡਾ ਜੰਕਸ਼ਣ: ਗੋਂਡਾ ਸਟੇਸ਼ਨ ਕਲੋਨੀ ਵਿਚ ਮੌਜੂਦਾ ਜੰਗ ਲੱਗੀ ਪਾਇਪਲਾਇਨ ਦਾ ਪ੍ਰਤੀਸਥਾਪਨ ਅਤੇ ਇੰਜੀਨਿਯਰਿੰਗ ਕਲੋਨੀ ਤੋ ਸਟੇਸ਼ਨ ਓਵਰਹੇਡ ਟੈਂਕ ਤਕ ਆਰਸੀਸੀ ਓਵਰਹੇਡ ਟੈਂਕਾ ਦਾ ਇੰਟਰ ਕਨੇਕਸ਼ਨ। **ਅਨੁਮਾਨਿਤ ਲਾਗਤ** (ਰੁ.): ਰੁ57,35,231.75, **ਅਗ੍ਰਿਮ ਧਨ** (ਰੁ.): ਰੁ1,14,700/-, **ਸਮਾਪਨ ਅਵਧਿ:** 06 ਮਹੀਨੇ।

**ਈ-ਨਿਵਿਦਾ ਸੰਖਿਆ: NER-LJN-2026-34, ਕਾਰਜ ਦਾ ਨਾਮ :** ਪੂਰਵੋਤਰ ਰੇਲਵੇ/ ਲਖਨਊ ਮੰਡਲ:- ਗੋਂਡਾ: ਗੋਂਡਾ ਵਿਚ ਸੇਮਰਾ ਰੇਲਵੇ ਕਲੋਨੀ ਵਿਚ ਸਟਾਫ ਕਵਾਟਰਾਂ ਦਾ ਮੁੱਖ ਮੁਰਮੱਤ **ਅਨੁਮਾਨਿਤ ਲਾਗਤ** (ਰੁ.): ਰੁ1,88,26,927.0, **ਅਗ੍ਰਿਮ ਧਨ** (ਰੁ.): ਰੁ2,44,100/-, **ਸਮਾਪਨ ਅਵਧਿ:** 12 ਮਹੀਨੇ। 1. ਉਪਰੋਕਤ ਈ-ਨਿਵਿਦਾ ਸੰਖਿਆ NER-LJN-2026-33 & NER-LJN-2026-34 ਦੇ ਲਈ ਈ-ਨਿਵਿਦਾ ਮਿਤੀ 10.03.2026 ਨੂੰ 15:00 ਵਜੇ ਤੱਕ ਅਪਲੋਡ ਕੀਤੀ ਜਾ ਸਕਦੀ ਹੈ ਅਤੇ ਉਸੀ ਦਿਨ ਸਮੇਂ 15:00 ਵਜੇ ਦੇ ਬਾਦ ਈ-ਨਿਵਿਦਾ ਦੀ ਖੋਲੀ ਜਾਵੇਗੀ। 2. ਉਪਰੋਕਤ ਈ-ਨਿਵਿਦਾ ਤੋਂ ਸੰਬੰਧਿਤ ਸਾਰੀਆਂ ਸੂਚਨਾ, ਨਿਮਨਵਤ ਅਹਰਤਾ, ਨਿਯਮ ਅਤੇ ਸ਼ਰਤਾਂ ਦਾ ਪੂਰਾ ਵੇਰਵਾ ਪੂਰਵੋਤਰ ਰੇਲਵੇ ਦੇ ਵੇਬਸਾਈਟ www.ireps.gov.in ਤੇ ਉਪਲਬਧ ਹੈ। ਨਿਵਿਦਾਕਾਰ ਈ-ਨਿਵਿਦਾ ਪ੍ਰਪਤਰ ਨੂੰ ਅਪਲੋਡ ਕਰਨ ਤੋਂ ਪਹਿਲਾਂ ਇਸ ਈ-ਨਿਵਿਦਾ ਸੂਚਨਾ ਤੋਂ ਸੰਬੰਧਿਤ ਵੇਬਸਾਈਟ ਤੇ ਉਪਲਬਧ ਸ਼ੁਧੀ ਪੱਤਰ (ਅਗਰ, ਕੋਈ ਹੋਵੇ ਤਾਂ) ਨੂੰ ਵੀ ਸੰਗਿਆਨ 'ਚ ਲੇਣਾ ਸੁਨਿਸ਼ਚਿਤ ਕਰਨ।

**ਮੰਡਲ ਰੇਲ ਪ੍ਰਬੰਧਕ/ਇੰਜੀਨਿਯਰਿੰਗ**

**ਮੁਜਾਧਿ/ਡਬਲਿਊ-471** **ਲਖਨਊ**

**ਟ੍ਰੇਨਾਂ ਵਿੱਚ ਬੀੜੀ/ਸਿਗਰੇਟ ਨਾ ਪੀਵੋ**

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

# ਸੰਤੁਲਿਤ ਭੋਜਨ ਸਰੀਰ ਲਈ ਫ਼ਾਇਦੇਮੰਦ

ਜਸਦੀਪ ਸਿੰਘ

ਮਨੁੱਖੀ ਸਰੀਰ ਇਕ ਮਸ਼ੀਨ ਦੇ ਵਾਂਗ ਕੰਮ ਕਰਦਾ ਹੈ ਜਿਵੇਂ ਕਿਸੇ ਮਸ਼ੀਨ ਨੂੰ ਚਲਾਉਣ ਲਈ ਊਰਜਾ ਜਾਂ ਸ਼ਕਤੀ ਦੀ ਲੋੜ ਪੈਂਦੀ ਹੈ। ਬਿਲਕੁਲ ਉਸੇ ਤਰ੍ਹਾਂ ਸਰੀਰ ਨੂੰ ਸਿਹਤਮੰਦ ਰੱਖਣ ਲਈ ਸੰਤੁਲਿਤ ਭੋਜਨ ਦੀ ਲੋੜ ਹੈ। ਸੰਤੁਲਿਤ ਭੋਜਨ 'ਚ ਉਹ ਸਾਰੇ ਪੌਸ਼ਿਟਕ ਤੱਤ ਹੁੰਦੇ ਹਨ। ਜੋ ਸਾਡੇ ਸਰੀਰ ਦੇ ਵਾਧੇ ਤੇ ਵਿਕਾਸ ਲਈ ਜ਼ਰੂਰੀ ਹੁੰਦੇ ਹਨ ਤੇ ਸਾਨੂੰ ਹਰ ਪ੍ਰਕਾਰ ਦੀਆਂ ਬਿਮਾਰੀਆਂ ਤੋਂ ਦੂਰ ਰੱਖਣ 'ਚ ਸਹਾਈ ਹੁੰਦੇ ਹਨ। ਇਸ ਦੇ ਨਾਲ ਹੀ ਸਾਨੂੰ ਰੋਜ਼ਾਨਾ ਕਸਰਤ ਤੇ ਸਹੀ ਆਰਾਮ ਦੀ ਵੀ ਬਹੁਤ ਲੋੜ ਹੈ। ਕਸਰਤ ਤੇ ਸੈਰ ਨਾਲ ਸਾਡੇ ਪੱਠੇ ਮਜ਼ਬੂਤ ਹੁੰਦੇ ਹਨ। ਇਸ ਤਰ੍ਹਾਂ ਸਾਡੇ ਸਰੀਰ ਨੂੰ ਆਕਸੀਜਨ ਵੀ ਵੱਧ ਮਾਤਰਾ 'ਚ ਮਿਲਦੀ ਹੈ। ਜਿਸ ਨਾਲ ਅਸੀਂ ਵੱਧ ਚੁਸਤ ਤੇ ਫੁਰਤੀਲੇ ਮਹਿਸੂਸ ਕਰਦੇ ਹਾਂ।

**ਪਰਹੇਜ਼**

*ਜੇ ਅਸੀ ਤਲੀਆਂ ਚੀਜ਼ਾਂ ਤੇ ਫਾਰਸ ਫੂਡ ਖਾਣ ਤੋਂ ਪਰਹੇਜ਼ ਕਰਾਂਗੇ ਤਾਂ ਹੀ ਅਸੀ ਇਕ ਚੰਗੀ ਸਿਹਤ ਬਣਾ ਸਕਦੇ ਹਾਂ। ਹਰ ਰੋਜ਼ ਦਹੀ, ਦੁੱਧ, ਮੱਖਣ, ਲੱਸੀ, ਘਿਓ, ਆਦਿ ਦਾ ਸੇਵਨ ਕਰੋ ਤੇ ਇਸ ਦੇ ਨਾਲ ਹੀ ਰੋਜ਼ਾਨਾ ਕਸਰਤ ਕਰਨੀ ਚਾਹੀਦੀ*



ਰੋਜ਼ਾਨਾ ਨਹਾਉਣਾ ਵੀ ਬੇਹੱਦ ਜ਼ਰੂਰੀ ਹੈ। ਸਵੇਰ ਦੇ ਸਮੇਂ ਤੇਜ਼ ਤੁਰਨਾ, ਸਾਈਕਲ ਚਲਾਉਣਾ ਤੇ ਸਰੀਰ ਚੋਂ ਗਰਮੀ ਕੱਢਣ ਦੇ ਨਾਲ ਸਰੀਰ ਦੇ ਰੋਮ ਖੁੱਲ੍ਹ ਜਾਂਦੇ ਹਨ। ਇਸ ਤਰ੍ਹਾਂ ਵੱਖ-ਵੱਖ ਢੰਗਾਂ ਨਾਲ ਅਸੀਂ ਸਰੀਰ ਨੂੰ ਚੁਸਤ ਦਰੁਸਤ ਰੱਖ ਸਕਦੇ ਹਾਂ। ਸਰੀਰ ਲਈ ਨਿਯਮਤ ਸੌਣਾਂ ਵੀ ਬਹੁਤ ਜ਼ਰੂਰੀ ਹੈ। ਇਸ ਨਾਲ ਪੱਠਿਆਂ ਨੂੰ ਆਰਾਮ ਮਿਲਦਾ ਹੈ। ਇਸ ਤੋਂ ਬਾਅਦ ਦੁਬਾਰਾ ਸਾਡਾ ਸਰੀਰ ਕੰਮ ਕਰਨ ਲਈ ਤਿਆਰ ਹੋ ਜਾਂਦਾ ਹੈ। ਬੱਚਿਆਂ ਦੀ ਰੋਜ਼ਾਨਾ ਖ਼ੁਰਾਕ 'ਚ ਸਾਰੇ ਤਰ੍ਹਾਂ ਦੇ ਭੋਜਨ ਦਾ ਸ਼ਾਮਿਲ ਹੋਣਾ ਜ਼ਰੂਰੀ ਹੈ। ਇਸ ਤਰ੍ਹਾਂ ਸਰੀਰ ਦੇ ਸਾਰੇ ਅੰਗਾਂ ਦਾ ਵਧੀਆ ਢੰਗ ਨਾਲ ਵਿਕਾਸ ਹੁੰਦਾ ਹੈ।

ਸਾਨੂੰ ਰੁੱਤਾਂ ਦੇ ਹਿਸਾਬ ਨਾਲ ਖ਼ੁਰਾਕ ਦੀ ਚੋਣ ਕਰਨੀ ਚਾਹੀਦੀ ਹੈ। ਸਿਆਲ ਦੀ ਰੱਤ 'ਚ ਹਰੇ ਪੱਤੇ ਵਾਲੀਆਂ ਸਬਜ਼ੀਆਂ ਜਿਵੇਂ ਸਾਗ, ਪਾਲਕ, ਮੇਥੇ, ਗਾਜਰ, ਮੂਲੀ, ਸ਼ਲਗਮ ਆਦਿ ਦੀ ਜ਼ਿਆਦਾ ਮਾਤਰਾ 'ਚ ਵਰਤੋਂ ਕਰਨੀ ਚਾਹੀਦੀ ਹੈ। ਰਾਤ ਸਮੇਂ ਰੋਟੀ ਨਾਲ ਸਲਾਦ ਦਾ ਇਸਤੇਮਾਲ ਕੀਤਾ ਜਾਵੇ। ਇਨ੍ਹਾਂ ਦੇ ਸੇਵਨ ਨਾਲ ਸਾਨੂੰ ਜ਼ਿਆਦਾ ਮਾਤਰਾ 'ਚ ਵਿਟਾਮਿਨ ਮਿਲਦੇ ਹਨ ਤੇ ਨਾਲ ਹੀ ਸਾਡੀਆਂ ਅੱਖਾਂ ਦੀ ਰੋਸ਼ਨੀ ਵੀ ਠੀਕ ਰਹਿੰਦੀ ਹੈ। ਅੱਜ ਕਾਫ਼ੀ ਸਾਰੇ ਬੱਚਿਆਂ 'ਚ ਖ਼ੂਨ ਦੀ ਘਾਟ ਹੈ। ਸਮੇਂ-ਸਮੇਂ 'ਤੇ ਬੱਚਿਆਂ ਦਾ ਡਾਕਟਰੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ। ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਬੱਚਿਆਂ ਨੂੰ ਬਚਪਨ 'ਚ ਸੰਤੁਲਿਤ ਭੋਜਨ ਦੇਣ। ਇਸ ਤਰ੍ਹਾਂ ਸਾਡਾ ਸਰੀਰ ਬਿਮਾਰੀਆਂ ਦਾ ਟਾਕਰਾ ਕਰੇਗਾ, ਸਰੀਰ ਨਿਰੋਗ ਰਹੇਗਾ ਤੇ ਅਸੀਂ ਹਰ ਕੰਮ ਵਧੀਆ ਤਰੀਕੇ ਨਾਲ ਥਕਾਵਟ ਰਹਿਤ ਤੇ ਮਨ ਲੱਗਾ ਕੇ ਕਰ ਸਕਾਗੇ।

94630-57786

# ਕੀ ਹੈ ਬਲੱਡ ਪ੍ਰੈਸ਼ਰ?

ਡਾ. ਅਨਿਲ ਕੁਮਾਰ

ਬਲੱਡ-ਪ੍ਰੈਸ਼ਰ ਦਾ ਵਧਣਾ ਜਾਂ ਘਟਣਾ ਘਰ-ਘਰ ਦੀ ਕਹਾਣੀ ਹੈ। ਭਾਵੇਂ ਕੋਈ ਛੋਟਾ, ਵੱਡਾ ਜਾਂ ਕੋਈ ਬਜ਼ੁਰਗ ਸਭ ਇਸ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ 90 ਫ਼ੀਸਦੀ ਮਰੀਜ਼ਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਨ੍ਹਾਂ ਨੂੰ ਇਹ ਬਿਮਾਰੀ ਹੈ। 10 ਫ਼ੀਸਦੀ ਮਰੀਜ਼ਾਂ ਨੂੰ ਇਸ ਬਿਮਾਰੀ ਦੇ ਲੱਛਣ ਮਹਿਸੂਸ ਹੁੰਦੇ ਹਨ। ਸ਼ਾਇਦ ਇਸ ਕਰਕੇ ਡਾਕਟਰੀ ਸ਼ਬਦਾਵਲੀ 'ਚ ਇਸ ਨੂੰ ਚੁੱਪ ਚਪੀਤੇ ਸਰੀਰ 'ਚ ਦਾਖਲ ਹੋਣ ਵਾਲਾ ਰੋਗ ਕਿਹਾ ਜਾਂਦਾ ਹੈ। ਅਸੀਂ ਇਸ ਗੱਲ ਤੋਂ ਅਣਜਾਣ ਹਾਂ ਕਿ ਵੱਧ ਬਲੱਡ-ਪ੍ਰੈਸ਼ਰ ਕਈ ਰੋਗਾਂ ਲਈ ਰਾਹ ਪਧਰਾ ਕਰਦਾ ਹੈ। 35 ਸਾਲ ਦੀ ਉਮਰ ਤੋਂ ਬਾਅਦ ਇਸ ਦੀ ਜਾਂਚ ਪੜਤਾਲ ਜ਼ਰੂਰੀ ਹੈ। ਦਰਅਸਲ ਇਹ ਬਿਮਾਰੀ ਵੱਡੀ ਉਮਰ ਦੇ ਲੋਕਾਂ ਦੀ ਹੈ ਪਰ ਕੁਝ ਜਮਾਂਦਰੂ ਗੜਬੜੀਆਂ ਕਰ ਕੇ ਬੱਚੇ ਵੀ ਇਸ ਰੋਗ ਦੀ ਲਪੇਟ 'ਚ ਆ ਸਕਦੇ ਹਨ ਪਰ ਇਸ ਦੇ ਉਲਟ ਘੱਟ ਬਲੱਡ ਪ੍ਰੈਸ਼ਰ ਸਿਹਤ ਲਈ ਵਰਦਾਨ ਹੈ। ਉਹ ਮਰੀਜ਼ ਆਪਣੇ-ਆਪ ਨੂੰ ਖ਼ੁਸ਼ਨਸੀਬ ਸਮਝਣ ਜਿਨ੍ਹਾਂ ਦਾ ਖ਼ੂਨ ਦਾ ਦਬਾਅ ਉਪਰ ਵਾਲਾ 100 ਤੇ ਹੇਠਲਾ 80 ਹੁੰਦਾ ਹੈ। ਇਨ੍ਹਾਂ ਦੋਵਾਂ ਕਿਰਿਆਵਾਂ ਦਾ ਸੰਤੁਲਨ ਬਣਾ ਕੇ ਰੱਖਣ ਵਾਲੇ ਮਰੀਜ਼ ਆਪ ਸ਼ਾਂਤ ਰਹਿੰਦੇ ਹੋਏ ਸਮਾਜ 'ਚ ਖ਼ੁਸ਼ੀਆਂ ਵੰਡਦੇ ਹਨ। ਘੱਟੇ ਹੋਏ ਬਲੱਡ-ਪ੍ਰੈਸ਼ਰ ਦਾ ਇਹ ਵੀ ਮਤਲਬ ਨਹੀਂ ਕਿ ਇਸ ਨੂੰ ਪੂਰਾ ਕਰਨ ਲਈ ਲੂਣ ਦੇ ਫੱਕੇ ਮਾਰੇ ਜਾਣ ਕਿਉਂਕਿ ਜ਼ਿਆਦਾ ਲੂਣ ਦੀ ਵਰਤੋਂ ਨਾਲ ਸਰੀਰ 'ਚ ਹੋਰ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਵਧਦੇ ਖ਼ੂਨ ਦਾ ਦਬਾਅ ਗੁੱਸੇ ਤੇ ਚਿੜਚਿੜੇ ਸੁਭਾਅ ਦਾ ਪ੍ਰਤੀਕ ਹੈ। ਇਹ ਗੱਲ ਵੀ ਪੱਕੀ ਹੈ ਕਿ ਘੱਟ ਹੋਏ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਨੂੰ ਡਾਕਟਰਾਂ ਦੇ ਬਹੁਤੇ ਚੱਕਰ ਲਗਾਉਣ ਦੀ ਲੋੜ ਨਹੀਂ ਹੈ ਪਰ ਅਣਰਜਿਸਟਰਡ ਡਾਕਟਰਾਂ ਵੱਲੋਂ ਘਟੇ ਹੋਏ ਬਲੱਡ-ਪ੍ਰੈਸ਼ਰ ਨੂੰ ਗੋਲੀਆਂ, ਟੀਕਿਆਂ ਤੇ ਗਲੂਕੋਜ਼ ਦੀਆਂ ਬੋਤਲਾਂ ਨਾਲ ਪੂਰਾ ਕਰਨਾ ਵੀ ਮਾੜਾ ਰੁਝਾਨ ਹੈ। ਜਿੱਥੇ ਘੱਟ ਬਲੱਡ ਪ੍ਰੈਸ਼ਰ ਖਾਣ-ਪੀਣ ਦੀ ਮੌਜ ਲਗਾਉਂਦਾ ਹੈ ਪਰ ਉਥੇ ਵੱਧ ਬਲੱਡ ਪ੍ਰੈਸ਼ਰ ਖਾਣ-ਪੀਣ 'ਤੇ ਕਈ ਪਾਬੰਦੀਆਂ ਲਗਾ ਦਿੰਦਾ ਹੈ। ਜਿਵੇਂ ਕਿ ਨਮਕ, ਅਚਾਰ, ਪਾਪੜ, ਸਨੈਕਸ, ਸ਼ਰਾਬ, ਸਿਗਰੇਟ, ਤਲ਼ੀਆਂ ਚੀਜ਼ਾਂ ਕਾਫ਼ੀ ਚਿਕਨਾਈ ਵਾਲੇ ਭੋਜਨ ਤੇ ਨਸ਼ੇ ਤੋਂ ਬਚਣ ਦਾ ਸੰਕੇਤ ਦਿੰਦਾ ਹੈ। ਜੇ ਅਸੀਂ ਇਸ ਦੇ ਲੱਛਣਾਂ ਨੂੰ ਅਣਗੌਲਿਆ ਕਰਦੇ ਹਾਂ ਤਾਂ ਦਿਲ ਦਾ ਦੌਰਾ, ਅਧਰੰਗ ਤੇ ਗੁਰਦੇ ਫੇਲ ਹੋਣ ਦਾ ਡਰ ਬਣਿਆ ਰਹਿੰਦਾ ਹੈ। ਇਸ ਬਿਮਾਰੀ ਦੇ ਸੰਬੰਧ 'ਚ ਸਭ ਤੋ ਫ਼ਾਇਦੇ ਵਾਲੀ ਗੱਲ ਇਹ ਹੈ ਕਿ ਇਹ ਚੁੱਪ ਚਪੀਤੇ ਲੱਗਣ ਵਾਲੀ ਬਿਮਾਰੀ ਨੂੰ ਆਸਾਨੀ ਨਾਲ ਕੰਟਰੋਲ ਕੀਤਾ ਜਾ ਸਕਦਾ ਹੈ। ਇਸ ਦਾ ਇਲਾਜ ਵੀ ਬਹੁਤਾ ਮਹਿੰਗਾ ਨਹੀਂ ਜਿਸ ਨਾਲ ਮਰੀਜ਼ ਦੀ ਜੇਬ 'ਤੇ ਭਾਰ ਪਵੇ। ਇਕ ਅਸਾਨ ਜਿਹੀ ਜਾਂਚ ਤੇ 40 ਪੈਸੇ ਦੀ ਇਕ ਗੋਲੀ ਨਾਲ ਤੁਸੀ ਲੰਬੀ ਉਮਰ ਜਿਉਣ ਦੇ ਕਾਬਲ ਬਣ ਸਕਦੇ ਹੋ। ਕਈ ਮਰੀਜ਼ ਇਹ ਗ਼ਲਤੀ ਕਰਦੇ ਹਨ ਕਿ ਇਹ ਬਿਮਾਰੀ ਕੰਟਰੋਲ ਹੋਣ 'ਤੇ ਉਹ ਦਵਾਈ ਛੱਡ ਦਿੰਦੇ ਹਨ ਉਹ ਇਹ ਨਹੀਂ ਸਮਝਦੇ ਕਿ ਇਹ ਉਮਰ ਭਰ ਦਾ ਰੋਗ ਹੈ ਜਿਸ ਦਾ ਕੋਈ ਪੱਕਾ ਇਲਾਜ ਨਹੀਂ ਹੈ। ਜੇ ਮਰੀਜ਼ਾਂ ਨੂੰ ਆਪਣੇ ਚਸ਼ਮੇ ਦਾ ਨੰਬਰ ਪਤਾ ਹੈ ਤਾਂ ਇਹ ਵੀ ਪਤਾ ਰੱਖਣ ਦੀ ਲੋੜ ਹੈ ਕਿ ਤੁਹਾਡਾ ਨਾਰਮਲ ਬਲੱਡ ਪ੍ਰੈਸ਼ਰ ਕਿੰਨਾ ਹੋਣਾ ਚਾਹੀਦਾ ਹੈ। ਬਲੱਡ-ਪ੍ਰੈਸ਼ਰ ਦੀ ਗਿਣਤੀ ਮਿਣਤੀ ਸਿੱਖਣ ਤੋਂ ਪਹਿਲਾਂ ਕਿਉਂ ਨਾ ਇਹ ਜਾਣ ਲਿਆ ਜਾਵੇ ਕਿ ਕਿੰਨਾ ਕਾਰਨਾਂ ਕਰ ਕੇ ਇਹ ਰੋਗ ਵਧਦਾ ਹੈ ਕਿਉਂਕਿ ਹਾਈ ਬਲੱਡ-ਪ੍ਰੈਸ਼ਰ ਨੂੰ ਕੰਟਰੋਲ 'ਚ ਲਿਆਉਣ ਤੋਂ ਪਹਿਲਾਂ ਇਸ ਦਾ ਮੂਲ ਕਾਰਨ ਲੱਭਣਾ ਵੀ ਜ਼ਰੂਰੀ ਹੈ-



**35 ਸਾਲ ਦੀ ਉਮਰ ਤੋਂ ਬਾਅਦ ਬਲੱਡ ਪ੍ਰੈਸ਼ਰ ਦੀ ਜਾਂਚ ਪੜਤਾਲ ਜ਼ਰੂਰੀ ਹੈ ਤਾਂ ਜੋ ਇਸ ਤੋਂ ਬਚਿਆ ਜਾ ਸਕੇ। ਇਸ ਬਿਮਾਰੀ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ...**

### ਕਾਰਨ

- ਦਿਲ ਦੇ ਜਮਾਂਦਰੂ ਰੋਗ ਤੇ ਸ਼ੂਗਰ ਦਾ ਹੋਣਾ।
- ਗੁਰਦੇ ਦੀਆਂ ਬਿਮਾਰੀਆਂ
- ਖਾਣ-ਪੀਣ 'ਚ ਗੜਬੜੀ
- ਗਰਮੀਆਂ ਨਾਲੋਂ ਸਰਦੀਆਂ 'ਚ ਬਲੱਡ-ਪ੍ਰੈਸ਼ਰ ਵਧਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।
- ਇਹ ਰੋਗ ਪੀੜ੍ਹੀ ਦਰ ਪੀੜ੍ਹੀ ਸਫ਼ਰ ਕਰਦਾ ਹੈ।
- ਤਲ਼ੀਆਂ ਚੀਜ਼ਾਂ ਬਲੱਡ ਪ੍ਰੈਸ਼ਰ ਰੋਗ ਪੈਦਾ ਕਰਦੀਆਂ ਹਨ।
- ਖ਼ੂਨ 'ਚ ਮਾੜੀ ਚਰਬੀ ਦਾ ਵਧਣਾ ਤੇ ਖ਼ੂਨ ਦਾ ਗਾੜ੍ਹਾ ਹੋਣਾ।
- ਮੋਟਾਪਾ ਤੇ ਜ਼ਿਆਦਾ ਦਵਾਈਆਂ ਦੀ ਵਰਤੋ।
- ਜ਼ਿਆਦਾ ਨਮਕ ਦੀ ਵਰਤੋ ਤੇ ਪਸੀਨਾ ਨਾ ਆਉਣਾ ਬਲੱਡ-ਪ੍ਰੈਸ਼ਰ ਵਧਾਉਂਦਾ ਹੈ।
- ਨਸ਼ੇ ਦੀ ਵਰਤੋਂ ਜਿਵੇਂ ਕਿ ਤੰਬਾਕੂਨੋਸ਼ੀ, ਸ਼ਰਾਬ, ਸਿਗਰੇਟ ਤੇ ਕੌਫੀ ਦੀ ਵਰਤੋ।
- ਵਿਟਾਮਿਨ ਡੀ ਦੀ ਘਾਟ ਕਰ ਕੇ ਵੀ ਬਲੱਡ-ਪ੍ਰੈਸ਼ਰ ਵੱਧ ਸਕਦਾ ਹੈ।
- ਨੀਂਦ 'ਚ ਸਾਹ ਰੁਕਣਾ।

### ਲੱਛਣ

- ਥਕਾਵਟ ਮਹਿਸੂਸ ਹੋਣਾ।
- ਸਿਰ ਭਾਰੀ ਤੇ ਚੱਕਰ ਆਉਣੇ।
- ਘਬਰਾਹਟ ਮਹਿਸੂਸ ਹੋਣੀ।
- ਗੁੱਸਾ ਆਉਣਾ ਤੇ ਮਰੀਜ਼ ਦਾ ਸੁਭਾਅ ਚਿੜਚਿੜਾ ਹੋ ਜਾਣਾ।
- ਸਾਹ ਫੁਲਣਾ ਤੇ ਖਾਣ 'ਚ ਪਰੇਸ਼ਾਨੀ।
- ਨੀਂਦ ਪੂਰੀ ਨਾ ਹੋਣੀ।
- ਦਿਲ ਦੀ ਧੜਕਣ ਦਾ ਵਧਣਾ।
- ਨੱਕ ਦੀ ਨਕਸੀਰ ਦਾ ਫੁੱਟਣਾ।
- ਛਾਤੀ 'ਚ ਦਰਦ ਹੋਣਾ।
- ਪਿਸ਼ਾਬ 'ਚ ਖ਼ੂਨ ਆਉਣਾ
- ਅੱਖਾਂ 'ਚ ਗੜਬੜੀ ਹੋਣੀ।
- ਮੂੰਹ ਲਾਲ ਹੋਣਾ।

### ਜਾਂਚ ਪੜਤਾਲ

- ਕਿਡਨੀ ਦੀ ਜਾਂਚ ਲਈ ਪੇਟ ਦਾ ਅਲਟਰਾਸਾਊਡ ਕਰਵਾਉਣਾ ਚਾਹੀਦਾ ਹੈ।
- ਪਿਸ਼ਾਬ ਦਾ ਟੈਸਟ।
- ਬਲੱਡ-ਪ੍ਰੈਸ਼ਰ ਚੈਕ ਕਰਨ ਵਾਲੀਆਂ ਡਿਜੀਟਲ ਮਸ਼ੀਨਾਂ ਨਾਲੋਂ ਪਾਰੇ ਵਾਲੀ ਮਸ਼ੀਨ ਦੀ ਪੜਤਾਲ ਜ਼ਿਆਦਾ ਠੀਕ ਹੈ।
- ਗੁਰਦਿਆਂ ਦੀ ਜਾਂਚ।

**ਇਲਾਜ-** ਅਸੀਂ ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਤੇ ਰਹਿਣ ਸਹਿਣ 'ਚ ਤਬਦੀਲੀ ਕਰ ਕੇ ਇਸ 'ਤੇ ਕਾਬੂ ਪਾ ਸਕਦੇ ਹਾਂ। ਮੋਟਾਪਾ ਘਟਾਉਣਾ, ਸਿਗਰੇਟ, ਬੀੜੀ ਦਾ ਸੇਵਨ ਨਾ ਕਰਨ ਨਾਲ ਇਸ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਰੋਜ਼ਾਨਾ ਕਸਰਤ, ਯੋਗਾ, ਮੈਡੀਟੇਸ਼ਨ ਤੇ ਸਵੇਰ ਦੀ ਸੈਰ ਲਾਹੇਵੰਦ ਹੈ। ਆਪਣੇ ਭੋਜਨ 'ਚ ਦਹੀਂ, ਹਰੀਆਂ ਸਬਜ਼ੀਆਂ, ਮੌਸਮੀ ਫਲ, ਟਮਾਟਰ, ਖਰਬੂਜਾ, ਪਿਆਜ਼, ਮੱਛੀ ਸ਼ਾਮਿਲ ਕਰੋ। 779884393

## ਪੁਸਤਕ




| | | | |
|---|---|---|---|
| ਪੁਸਤਕ | : ਫਸਟ ਏਡ ਗਾਇਡ (ਮੁੱਢਲੀ ਸਹਾਇਤਾ ਤੇ ਇਲਾਜ) | | |
| ਲੇਖਕ | : ਵਿਸ਼ਾਲ ਭਾਰਤੀ | | |
| ਪੰਨੇ | : 128 | ਮੁੱਲ : | 140/- |
| ਪ੍ਰਕਾਸ਼ਨ | : ਤਰਕਭਾਰਤੀ | | |

ਇਸ ਪੁਸਤਕ 'ਚ ਲੇਖਕ ਨੇ ਸਰੀਰ ਪ੍ਰਤੀ ਆਉਣ ਵਾਲੀਆਂ ਪਰੇਸ਼ਾਨੀਆਂ ਬਾਰੇ ਗੱਲ ਕੀਤੀ ਹੈ ਕਿ ਅਸੀਂ ਇਨ੍ਹਾਂ ਬਿਮਾਰੀਆਂ ਦਾ ਕਿਸ ਤਰ੍ਹਾਂ ਇਲਾਜ ਕਰ ਸਕਦੇ ਹਾਂ ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਸਾਡੀ ਰੋਜ਼ ਦੀ ਭੱਜ-ਦੌੜ ਦੀ ਜ਼ਿੰਦਗੀ 'ਚ ਅਸੀਂ ਆਪਣੇ ਖਾਣ ਪੀਣ ਤੇ ਆਪਣੀ ਸਿਹਤ ਦਾ ਘੱਟ ਧਿਆਨ ਰੱਖਦੇ ਹਾਂ ਜਿਸ ਕਰਕੇ ਸਰੀਰ ਨੂੰ ਕਮਜ਼ੋਰੀ ਜਾਂ ਕਿਸੇ ਬਿਮਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਸੇ ਵੀ ਥਾਂ ਭਾਵ ਘਰ ਜਾਂ ਬਾਹਰ, ਕਿਸੇ ਵੀ ਸਮੇਂ ਕਿਸੇ ਵਿਅਕਤੀ ਨਾਲ ਕੁੱਝ ਵੀ ਹੋ ਸਕਦਾ ਹੈ ਕਈ ਛੋਟੀਆਂ-ਮੋਟੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿਵੇਂ-ਸਿਰ ਦਰਦ, ਬੁਖ਼ਾਰ, ਜ਼ੁਕਾਮ, ਹੱਡੀ ਟੁੱਟ ਜਾਣਾ, ਸਾਹ ਪ੍ਰਣਾਲੀ 'ਚ ਸਮੱਸਿਆ, ਜੀ ਘਬਰਾਉਣਾ, ਕੁੱਝ ਹਜ਼ਮ ਨਾ ਹੋਣਾ, ਚੱਕਰ ਆਉਣੇ ਆਦਿ ਇਸ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਲੇਖਕ ਨੇ ਇਸ ਕਿਤਾਬ 'ਚ ਇਹ ਸਮਝਾਉਣ ਦਾ ਕੋਸ਼ਿਸ਼ ਕੀਤੀ ਹੈ ਕਿ ਹਰ ਕਿਸੇ ਵਿਅਕਤੀ ਨੂੰ ਫਸਟ ਏਡ (ਮੁੱਢਲੀ ਸਹਾਇਤਾ) ਦੇ ਬਾਰੇ 'ਚ ਪਤਾ ਹੋਣਾ ਚਾਹੀਦਾ ਹੈ ਕਿਉਂਕਿ ਜੇ ਕੋਈ ਵਿਅਕਤੀ ਕਿਸੇ ਪਰੇਸ਼ਾਨੀ ਨਾਲ ਜੂੰਝ ਰਿਹਾ ਹੈ ਤਾਂ ਉਸ ਨੂੰ ਹਸਪਤਾਲ ਲੈ ਕੇ ਜਾਣ ਤੋਂ ਪਹਿਲਾਂ ਤੁਸੀ ਉਸ ਦੀ ਮੁੱਢਲੀ ਸਹਾਇਤਾ ਕਰੋ। ਕਈ ਵਾਰ ਇਸ ਤਰ੍ਹਾਂ ਦੇ ਕੇਸ ਵੀ ਦੇਖਣ ਨੂੰ ਮਿਲਦੇ ਹਨ ਕਿ ਕੋਈ ਵਿਅਕਤੀ ਸੜਕ ਹਾਦਸੇ 'ਚ ਪਿਆ ਹੋਇਆ ਹੈ ਤਾਂ ਉਸ ਦੀ ਸਹਾਇਤਾ ਲਈ ਕੋਈ ਅੱਗੇ ਨਹੀਂ ਆਉਂਦਾ, ਜੇ ਕੋਈ ਅੱਗੇ ਆਉਂਦਾ ਹੈ ਤਾਂ ਉਸ ਨੂੰ ਫਸਟ ਏਡ ਬਾਰੇ ਜਾਣਕਾਰੀ ਨਹੀਂ ਹੁੰਦੀ ਜਿਸ ਕਰਕੇ ਸੜਕ ਹਾਦਸੇ 'ਚ ਵਿਅਕਤੀ ਨੂੰ ਆਪਣੀ ਜਾਨ ਨਾਲ ਹੱਥ ਥੋਣੇ ਪੈਂਦੇ ਹਨ। ਇਸ ਲਈ ਮੁੱਢਲੀ ਜਾਣਕਾਰੀ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ ਤਾਂ ਹੀ ਇਕ ਪੀੜਤ ਨੂੰ ਮੌਤ ਦੇ ਮੂੰਹ 'ਚੋਂ ਕੱਢ ਕੇ ਉਸ ਨੂੰ ਨਵੀਂ ਜ਼ਿੰਦਗੀ ਦੇ ਸਕਦੇ ਹਾਂ ਨਾਲ ਹੀ ਵਿਸ਼ਾਲ ਭਾਰਤੀ ਨੇ ਘਰੇਲੂ ਨੁਸਖ਼ਿਆਂ ਬਾਰੇ ਵੀ ਚਾਨਣਾ ਪਾਇਆ ਹੈ ਕਿ ਅਸੀਂ ਛੋਟੀਆਂ ਬਿਮਾਰੀਆਂ ਦਾ ਘਰ ਬੈਠੇ ਵੀ ਇਲਾਜ ਕਰ ਸਕਦੇ ਹਾਂ। ਸਾਡੀਆਂ ਰੋਜ਼ਾਨਾ ਖਾਣ-ਪੀਣ ਵਾਲੀਆਂ ਚੀਜ਼ਾਂ ਦਾ ਸਹੀ ਤਰੀਕੇ ਨਾਲ ਇਸਤੇਮਾਲ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜ਼ਿੰਦਗੀ ਨੂੰ ਵਧੀਆ ਢੰਗ ਨਾਲ ਜਿਉਣਾ ਹੈ ਤਾਂ ਆਪਣੇ ਖਾਣ-ਪੀਣ 'ਤੇ ਬਹੁਤ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਤਾਂ ਹੀ ਅਸੀਂ ਆਪਣੀ ਤੇ ਕਿਸੇ ਹੋਰ ਦੀ ਜ਼ਿੰਦਗੀ ਬਚਾ ਸਕਦੇ ਹਾਂ।

• ਸਰਬ ਸਹੋਤਾ

# ਸੁੰਦਰਤਾ ਦਾ ਰਾਜ਼ ਕਾਲੇ ਅੰਗੂਰ

ਕਾਲੇ ਅੰਗੂਰ ਖਾਣ 'ਚ ਮਿੱਠੇ ਤੇ ਕਾਫ਼ੀ ਸੁਆਦ ਹੁੰਦੇ ਹਨ। ਇਸ 'ਚ ਵਿਟਾਮਿਨ ਸੀ, ਈ, ਫਾਇਬਰ, ਮੈਗਨੀਸ਼ੀਅਮ ਤੇ ਕੈਲੋਰੀ ਨਾਲ ਭਰਪੂਰ ਮਾਤਰਾ ਪਾਈ ਜਾਂਦੀ ਹੈ। ਕਾਲੇ ਅੰਗੂਰ ਹਾਰਟ ਅਟੈਕ ਤੇ ਡਾਇਬਟੀਜ਼ ਵਰਗੀਆਂ ਕਈ ਬਿਮਾਰੀਆਂ ਨਾਲ ਲੜਨ 'ਚ ਮਦਦ ਕਰਦੇ ਹਨ ਤੇ ਸਰੀਰ ਨੂੰ ਸਿਹਤਮੰਦ ਬਣਾਈ ਰੱਖਦੇ ਹਨ।



### ਡਾਇਬਟੀਜ਼

ਜੇ ਤੁਹਾਨੂੰ ਡਾਇਬਟੀਜ਼ ਦਾ ਰੋਗ ਹੈ ਤਾਂ ਕਾਲੇ ਅੰਗੂਰਾਂ ਦਾ ਸੇਵਨ ਬਹੁਤ ਹੀ ਲਾਭਕਾਰੀ ਹੈ। ਅੰਗੂਰ ਸਰੀਰ 'ਚ ਸ਼ੂਗਰ ਦੀ ਮਾਤਰਾ ਨੂੰ ਘੱਟ ਕਰਦ ਹਨ। ਜਿਸ ਨਾਲ ਤੁਸੀ ਆਪਣੀ ਡਾਇਬਟੀਜ਼ ਨੂੰ ਕੰਟਰੋਲ ਕਰ ਸਕਦੇ ਹੋ।

### ਹਾਰਟ ਅਟੈਕ

ਹਾਰਟ ਅਟੈਕ ਦੇ ਰੋਗ ਤੋਂ ਛੁਟਕਾਰਾ ਪਾਉਣ ਲਈ ਅੰਗੂਰ ਦਾ ਜੂਸ ਬਹੁਤ ਹੀ ਵਧੀਆ ਹੈ ਕਿਉਂਕਿ ਕਾਲੇ ਅੰਗੂਰਾਂ ਦਾ ਰਸ ਖ਼ੂਨ ਦੀ ਗਤੀ ਨੂੰ ਸਹੀ ਰੱਖਣ 'ਚ ਮਦਦ ਕਰਦਾ ਹੈ।

### ਖ਼ੂਨ ਦੀ ਘਾਟ

ਕਾਲੇ ਅੰਗੂਰ ਸਰੀਰ 'ਚ ਖ਼ੂਨ ਦੀ ਘਾਟ ਨੂੰ ਪੂਰਾ ਕਰਦੇ ਹਨ। ਰੋਜ਼ ਅੰਗੂਰ ਦੇ ਜੂਸ 'ਚ 2 ਚਮਚ ਸ਼ਹਿਦ ਮਿਲਾ ਕੇ ਇਸ ਦਾ ਸੇਵਨ ਕਰਨਾ ਚਾਹੀਦਾ ਹੈ।

### ਦਾਗ਼ ਤੇ ਝੁਰੜੀਆਂ

ਜੇ ਤੁਸੀ ਆਪਣੇ ਚਿਹਰੇ ਦੀਆਂ ਝੁਰੜੀਆਂ ਤੇ ਦਾਗ਼ਾਂ ਤੋਂ ਪਰੇਸ਼ਾਨ ਹੋ ਤਾਂ ਹਰ ਰੋਜ਼ ਕਾਲੇ ਅੰਗੂਰਾਂ ਦਾ ਸੇਵਨ ਕਰਨਾ ਚਾਹੀਦਾ ਹੈ।

### ਚਮਕਦਾਰ ਚਮੜੀ

ਇਸ ਦੇ ਸੇਵਨ ਨਾਲ ਚਮੜੀ ਜਵਾਨ ਤੇ ਨਿਖ਼ਰੀ ਹੋਈ ਲੱਗਦੀ ਹੈ ਕਿਉਂਕਿ ਇਸ 'ਚ ਮੌਜੂਦ ਵਿਟਾਮਿਨ ਸੀ ਤੱਤ ਹੁੰਦੇ ਹਨ। ਜੋ ਚਮੜੀ ਲਈ ਲਾਭਕਾਰੀ ਹੁੰਦੇ ਹਨ।

# ਧਨੀਆਂ ਸਿਹਤ ਲਈ ਗੁਣਕਾਰੀ

ਹਰੀਆਂ ਸਬਜ਼ੀਆਂ ਸਿਹਤ ਨੂੰ ਤੰਦਰੁਸਤ ਰੱਖਦੀਆਂ ਹਨ। ਧਨੀਏ ਨੂੰ ਦਾਲਾਂ ਜਾਂ ਸਬਜ਼ੀਆਂ 'ਚ ਇਸਤੇਮਾਲ ਕੀਤਾ ਜਾਂਦਾ ਹੈ। ਵਿਟਾਮਿਨ ਏ ਤੇ ਵਿਟਾਮਿਨ ਸੀ ਵਰਗੇ ਬਹੁਤ ਸਾਰੇ ਤੱਤ ਇਸ 'ਚ ਪਾਏ ਜਾਂਦੇ ਹਨ। ਜੋ ਸਿਹਤ ਲਈ ਬਹੁਤ ਫ਼ਾਇਦੇਮੰਦ ਹਨ। ਧਨੀਏ ਨਾਲ ਬਹੁਤ ਸਾਰੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਆਓ ਜਾਣਦੇ ਹਾਂ ਇਸ ਦੇ ਗੁਣ

### ਗੈਸ ਤੋਂ ਛੁਟਕਾਰਾ

ਬਹੁਤ ਸਾਰੇ ਲੋਕਾਂ ਨੂੰ ਪਾਚਨ ਕਿਰਿਆ ਦੀ ਪਰੇਸ਼ਾਨੀ ਰਹਿੰਦੀ ਹੈ ਜਿਸ ਕਰਕੇ ਪੇਟ 'ਚ ਗੈਸ ਬਣਨਾ ਸ਼ੁਰੂ ਹੋ ਜਾਂਦੀ ਹੈ। ਇਸ ਤੋਂ ਰਾਹਤ ਪਾਉਣ ਲਈ ਧਨੀਏ ਦਾ ਸੇਵਨ ਕਰਨਾ ਚਾਹੀਦਾ ਹੈ। ਗੈਸ ਲਈ ਧਨੀਏ ਦੇ ਪੱਤੇ ਬਹੁਤ ਲਾਭਕਾਰੀ ਹਨ।

**ਨਹੀਂ ਹੋਣਗੇ ਦਸਤ**

*ਕਈ ਵਾਰ ਖਾਣ-ਪੀਣ 'ਚ ਗੜਬੜੀ ਹੋਣਾ ਦੇ ਕਾਰਨ ਦਸਤ ਦੀ ਸਮੱਸਿਆ ਆ ਜਾਂਦੀ ਹੈ। ਜਿਸ ਕਰਕੇ ਸਰੀਰ ਕਮਜ਼ੋਰ ਹੋ ਜਾਂਦਾ ਹੈ। ਇਹ ਪਰੇਸ਼ਾਨੀ ਹੋਣ 'ਤੇ ਧਨੀਏ ਦੀ ਚਟਣੀ ਖਾਣਾ ਲਾਭਦਾਇਕ ਸਾਬਿਤ ਹੁੰਦੀ ਹੈ ਤੇ ਇਸ ਦਾ ਰੋਜ਼ਾਨਾ ਸੇਵਨ ਕਰਨਾ ਚਾਹੀਦਾ ਹੈ...*

### ਪਿਸ਼ਾਬ ਦੀ ਪਰੇਸ਼ਾਨੀ

ਕੁੱਝ ਲੋਕ ਪਾਣੀ ਦਾ ਸੇਵਨ ਬਹੁਤ ਘੱਟ ਮਾਤਰਾ 'ਚ ਕਰਦੇ ਹਨ, ਜਿਸ ਨਾਲ ਪਿਸ਼ਾਬ ਘੱਟ ਆਉਣ ਦੀ ਸਮੱਸਿਆ ਪੈਦਾ ਹੋ ਸਕਦੀ ਹੈ। ਇਸ ਤਰ੍ਹਾਂ ਦੀ ਸਥਿਤੀ 'ਚ ਧਨੀਏ ਦੇ ਪੱਤੇ ਰਾਇਤੇ, ਸਲਾਦ, ਸਬਜ਼ੀ 'ਚ ਪਾ ਕੇ ਖਾਣੇ ਸ਼ੁਰੂ ਕਰੋ ਤੇ ਇਸ ਦੇ ਨਾਲ ਪਾਣੀ ਵੀ ਜ਼ਿਆਦਾ ਪੀਓ।

### ਡਾਇਬਟੀਜ਼

ਜੋ ਲੋਕ ਇਸ ਬਿਮਾਰੀ ਦਾ ਸਾਹਮਣਾ ਕਰ ਰਹੇ ਹਨ ਉਨ੍ਹਾਂ ਨੂੰ ਰੋਜ਼ ਕਿਸੇ ਨਾ ਕਿਸੇ ਤਰੀਕੇ ਨਾਲ ਇਸ ਦਾ ਸੇਵਨ ਕਰਨਾ ਚਾਹੀਦਾ ਹੈ। ਆਂਵਲੇ ਦੇ ਨਾਲ ਧਨੀਆਂ ਖਾਣ ਨਾਲ ਵੀ ਲਾਭ ਮਿਲਦਾ ਹੈ।



# ਰੋਗਾਂ ਵਿਚ ਲਾਹੇਵੰਦ ਹਲਦੀ

ਹਲਦੀ ਸਿਹਤ ਲਈ ਬਹੁਤ ਹੀ ਲਾਭਦਾਇਕ ਹੈ। ਇਸ ਨੂੰ ਹਰ ਰੋਜ਼ ਦਾਲ ਅਤੇ ਸਬਜ਼ੀ ਵਿਚ ਇਸਤੇਮਾਲ ਕੀਤਾ ਜਾਂਦਾ ਹੈ। ਇਸ ਤੋਂ ਬਿਨਾਂ ਨਾ ਤਾਂ ਦਾਲ-ਸਬਜ਼ੀ ਦਾ ਰੰਗ ਵਧੀਆ ਬਣਦਾ ਹੈ ਅਤੇ ਨਾ ਹੀ ਸੁਆਦ। ਹਲਦੀ ਦੇ ਅਨੇਕਾਂ ਗੁਣ ਹਨ ਅਤੇ ਇਹ ਦਵਾਈ ਤੇ ਪ੍ਰਭਾਵਸ਼ਾਲੀ ਵਟਨਾ ਦੇ ਰੂਪ ਵਿਚ ਕੰਮ ਆ ਸਕਦੀ ਹੈ। ਇਹ ਖ਼ੂਨ ਨੂੰ ਸਾਫ਼ ਕਰਦੀ ਹੈ ਅਤੇ ਸਰੀਰ 'ਚੋਂ ਜ਼ਹਿਰੀਲੇ ਮਾਦੇ ਨੂੰ ਬਾਹਰ ਕੱਢਣ ਵਿਚ ਸਹਾਇਕ ਹੁੰਦੀ ਹੈ ਉਮਰ ਦੇ ਵਧਣ ਨਾਲ ਸਰੀਰ ਵਿਚ ਤੇਜ਼ਾਬੀ ਮਾਦਾ ਵੱਧ ਜਾਂਦਾ ਹੈ ਅਤੇ ਚਮੜੀ ਖੁਸ਼ਕ ਹੋਣੀ ਸ਼ੁਰੂ ਹੋ ਜਾਂਦੀ ਹੈ। ਹਲਦੀ ਦੇ ਉਪਯੋਗ ਨਾਲ ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਹਲਦੀ ਦੇ ਨਿਰੰਤਰ ਉਪਯੋਗ ਨਾਲ ਗੁਰਦੇ, ਚਮੜੀ, ਫੇਫੜੇ ਅਦਿ ਅੰਗ ਸਹੀ ਤਰੀਕੇ ਨਾਲ ਕੰਮ ਕਰਦੇ ਹਨ।



### ਰੋਗਾਂ ਨੂੰ ਦੂਰ ਰੱਖਣ 'ਚ ਮਦਦਗਾਰ

ਰੋਗਾਂ ਨੂੰ ਦੂਰ ਰੱਖਣ ਵਿਚ ਸਹਾਈ ਹੋਣ ਵਾਲੇ ਖਾਧ ਪਦਾਰਥਾਂ ਦੀ ਸੂਚੀ ਵਿਚ ਹਲਦੀ ਦਾ ਸਥਾਨ ਸਭ ਤੋਂ ਉੱਪਰ ਹੈ ਅਤੇ ਇਹ ਸੇਬ ਨਾਲੋਂ ਵੀ ਲਾਹੇਵੰਦ ਹੈ। ਵਡੇਰੀ ਉਮਰ ਦੇ ਲੋਕਾਂ ਨੂੰ ਇਸ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ।

### ਖਾਂਸੀ ਅਤੇ ਗਲ਼ੇ ਦਾ ਦਰਦ

ਖਾਂਸੀ ਅਤੇ ਗਲ਼ੇ ਦੇ ਦਰਦ ਲਈ ਇਕ ਵੱਡਾ ਚਮਚ ਪੀਸੀ ਹੋਈ ਹਲਦੀ ਅਤੇ ਚੁੰਢੀ ਭਰ ਕਾਲੀ ਮਿਰਚ ਮਿਲਾ ਕੇ ਇਕ ਗਲਾਸ ਦੁੱਧ ਵਿਚ ਉਬਾਲੋ। ਇਹ ਖਾਂਸੀ ਅਤੇ ਗਲ਼ੇ ਦੇ ਦਰਦ ਲਈ ਢੁਕਵਾਂ ਇਲਾਜ ਹੈ।

### ਚਮੜੀ ਦੇ ਰੋਗਾਂ

ਅਜਵਾਇਣ ਦਾ ਪਾਊਡਰ ਅਤੇ ਪੀਸੀ ਹੋਈ ਹਲਦੀ 12-12 ਗ੍ਰਾਮ ਲੈ ਕੇ ਪਿਆਜ਼ ਦੇ ਰਸ ਵਿਚ ਮਿਲਾ ਕੇ ਇਸਤੇਮਾਲ ਕਰਨ ਨਾਲ ਚਮੜੀ ਰੋਗਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਹ ਖ਼ੁਰਾਕ ਦਿਨ ਵਿਚ 'ਚ ਦੋ ਵਾਰ ਲਈ ਜਾਵੇ।

### ਦੰਦਾਂ ਦੀ ਮਜ਼ਬੂਤੀ

ਪੀਸੀ ਹੋਈ ਹਲਦੀ 'ਚ ਨਮਕ ਮਿਲਾ ਕੇ ਸਵੇਰੇ ਦੰਦਾਂ 'ਤੇ ਰਗੜੋ। ਇਸ ਨਾਲ ਦੰਦ ਵਧੀਆ ਅਤੇ ਮਜ਼ਬੂਤ ਹੋਣਗੇ। ਅਜਿਹਾ ਕਰਨ ਨਾਲ ਮੂੰਹ ਵਿਚਲੀ ਬਦਬੂ ਵੀ ਖ਼ਤਮ ਹੋਵੇਗੀ ਅਤੇ ਦਰਦ ਤੋਂ ਵੀ ਰਾਹਤ ਮਿਲੇਗੀ।

### ਜ਼ਖਮਾਂ ਤੋਂ ਰਾਹਤ

ਜੇ ਸਰੀਰ 'ਤੇ ਕਿਸੇ ਕਿਸਮ ਦਾ ਜ਼ਖਮ ਹੋਵੇ ਤਾਂ ਹਲਦੀ ਨੂੰ ਸਰ੍ਹੋਂ ਦੇ ਤੇਲ 'ਚ ਤਲਕੇ ਲਗਾਉਣ ਨਾਲ ਜਲਦੀ ਫ਼ਾਇਦਾ ਹੋਵੇਗਾ ਦਰਦ ਤੋਂ ਵੀ ਰਾਹਤ ਮਿਲੇਗੀ।



### ਚਿਹਰੇ ਦੀ ਸੁੰਦਰਤਾ

ਹਲਦੀ 'ਚ ਚਿਹਰੇ ਨੂੰ ਨਿਖ਼ਾਰਨ ਵਾਲੇ ਗੁਣ ਵੀ ਹਨ। ਇਕ ਛੋਟਾ ਚਮਚ ਪੀਸੀ ਹੋਈ ਹਲਦੀ ਅਤੇ ਵੇਸਣ ਜਾਂ ਚੰਦਨ ਦੇ ਪਾਊਡਰ ਨੂੰ ਮਿਲਾਈ ਵਿਚ ਮਿਲਾ ਕੇ ਦਸ ਤੋਂ ਬਾਰ੍ਹਾਂ ਦਿਨ ਚਿਹਰੇ 'ਤੇ ਲਗਾਉਣ ਨਾਲ ਚਿਹਰੇ ਦੀ ਸੁੰਦਰਤਾ ਵਿਚ ਚੌਖਾ ਨਿਖ਼ਾਰ ਆਵੇਗਾ ਅਤੇ ਚਮੜੀ ਨਰਮ ਹੋ ਜਾਵੇਗੀ।

### ਮੋਟਾਪੇ ਤੋਂ ਛੁਟਕਾਰਾ

ਹਲਦੀ ਵਾਲਾ ਦੁੱਧ ਪੀਣ ਨਾਲ ਸਰੀਰ ਵਿਚ ਜਮ੍ਹਾਂ ਹੋਈ ਚਰਬੀ ਦੀ ਮਾਤਰਾ ਘਟਦੀ ਹੈ। ਇਸ 'ਚ ਮੌਜੂਦ ਕੈਲਸ਼ੀਅਮ ਅਤੇ ਹੋਰ ਪੌਸ਼ਟਿਕ ਤੱਤ ਮੋਟਾਪਾ ਘਟਾਉਣ ਵਿਚ ਮਦਦਗਾਰ ਸਾਬਤ ਹੁੰਦੇ ਹਨ।

### ਸਾਹ ਦੀ ਪਰੇਸ਼ਾਨੀ ਕਰੇ ਦੂਰ

ਹਲਦੀ ਦੁੱਧ ਵਿਚ ਉਬਾਲ ਕੇ ਲੈਣ ਨਾਲ ਸਾਹ ਨਾਲ ਸਬੰਧਤ ਰੋਗਾਂ ਤੋਂ ਰਾਹਤ ਮਿਲਦੀ ਹੈ। ਇਹ ਸਰੀਰ 'ਚ ਗਰਮੀ ਲਿਆ ਕੇ ਕਫ਼ ਨੂੰ ਹਟਾਉਣ 'ਚ ਮਦਦ ਕਰਦੀ ਹੈ। ਇਹ ਬੈਕਟੀਰੀਆ ਵਿਰੁੱਧ ਲੜ੍ਹਨ 'ਚ ਵੀ ਸਹਾਇਕ ਹੁੰਦੀ ਹੈ।

### ਹੱਡੀਆਂ ਦੀ ਮਜ਼ਬੂਤੀ

ਹਲਦੀ ਨੂੰ ਦੁੱਧ 'ਚ ਚੰਗੀ ਤਰ੍ਹਾਂ ਉਬਾਲ ਕੇ ਪੀਣ ਨਾਲ ਹੱਡੀਆਂ ਮਜ਼ਬੂਤ ਹੁੰਦੀਆਂ ਹਨ ਅਤੇ ਜੋੜਾਂ ਦੇ ਦਰਦ ਤੋਂ ਵੀ ਰਾਹਤ ਮਿਲਦੀ ਹੈ ਅਤੇ ਗਠੀਆ ਵੀ ਦੂਰ ਹੁੰਦਾ ਹੈ। ਗਰਮ ਪਾਣੀ 'ਚ ਹਲਦੀ ਪਾਊਡਰ, ਸ਼ਹਿਦ ਅਤੇ ਨਿੰਬੂ ਮਿਲਾ ਕੇ ਖ਼ਾਲੀ ਪੇਟ ਪੀਣ ਨਾਲ ਸਰੀਰ ਦੀ ਗੰਦਗੀ ਬਾਹਰ ਨਿਕਲ ਜਾਂਦੀ ਹੈ।

• ਸੁਖਮੰਦਰ ਸਿੰਘ ਤੂਰ

**ਡੱਬਾ ਬੰਦ ਪਦਾਰਥਾਂ ਦੇ ਇਸਤੇਮਾਲ ਤੋਂ ਬਚਣਾ ਚਾਹੀਦਾ ਹੈ। ਸ਼ਰਾਬ ਅਤੇ ਹੋਰ ਨਸ਼ੀਲੇ ਪਦਾਰਥਾਂ ਦਾ ਸੇਵਨ ਨਹੀਂ ਕਰਨਾ ਚਾਹੀਦਾ। ਹਰੀਆਂ ਪੱਤੇਦਾਰ ਸਬਜ਼ੀਆਂ ਤੇ ਤਾਜ਼ੇ ਫਲ਼ਾਂ ਦਾ ਇਸਤੇਮਾਲ ਕਰਨ ਨਾਲ ਅਸੀਂ ਇਸ ਬਿਮਾਰੀ ਤੋਂ ਛੁਟਕਾਰਾ ਪਾ ਸਕਦੇ ਹਾਂ...**

# ਗਦੂਦਾਂ ਦੇ ਕੈਂਸਰ ਦਾ ਕੁਦਰਤੀ ਇਲਾਜ

ਡਾ. ਹਰਿੰਦਰਪਾਲ ਸਿੰਘ

ਪ੍ਰੋਸਟੇਟ ਇਕ ਹਾਰਮੋਨ ਦਾ ਰਿਸਾਓ ਕਰਨ ਵਾਲੀ ਗ੍ਰੰਥੀ ਹੈ ਜੋ ਕਿ ਮਰਦਾਂ 'ਚ ਪਿਸ਼ਾਬ ਵਾਲੀ ਥੈਲੀ ਦੇ ਥੱਲੇ ਕਰ ਕੇ ਸਥਿਤ ਹੁੰਦੀ ਹੈ। ਇਸਨੂੰ ਗਦੂਦ ਵੀ ਕਿਹਾ ਜਾਂਦਾ ਹੈ। ਉਮਰ ਦੇ ਹਿਸਾਬ ਨਾਲ ਇਸ ਦੇ ਆਕਾਰ 'ਚ ਵਾਧਾ ਹੁੰਦਾ ਜਾਂਦਾ ਹੈ ਜਿਸ ਨਾਲ ਪਿਸ਼ਾਬ ਰੁਕ-ਰੁਕ ਕੇ ਆਉਣਾ ਜਾਂ ਦਰਦ ਦੇ ਨਾਲ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸ ਦੇ ਆਕਾਰ ਦੇ ਵਧਣ ਦਾ ਇਸਦੇ ਕੈਂਸਰ ਨਾਲ ਕੋਈ ਸੰਬੰਧ ਨਹੀਂ ਹੈ। ਕੈਂਸਰ ਦੀ ਹਾਲਤ 'ਚ ਗਦੂਦ ਦੇ ਸੈੱਲ ਆਪਣੀ ਮਰਜ਼ੀ ਨਾਲ ਵਧਣਾ ਸ਼ੁਰੂ ਕਰ ਦਿੰਦੇ ਹਨ।

ਇਹ ਬਿਮਾਰੀ ਅੱਜਕੱਲ੍ਹ ਆਮ ਹੁੰਦੀ ਜਾ ਰਹੀ ਹੈ। ਵੱਡੀ ਉਮਰ ਦੇ ਬਜ਼ੁਰਗ ਲੋਕ ਜ਼ਿਆਦਾ ਇਸ ਦੀ ਲਪੇਟ 'ਚ ਆ ਰਹੇ ਹਨ। ਮੇਰੇ ਨਿੱਜੀ ਅਨੁਭਵ ਅਨੁਸਾਰ ਲੰਮੇ ਕੱਦ ਅਤੇ ਪਤਲੇ ਸਰੀਰ ਵਾਲੇ ਵਿਅਕਤੀ ਇਸ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਅਜਿਹੀ ਹਾਲਤ 'ਚ ਜ਼ਿਆਦਾ ਪ੍ਰਚੱਲਿਤ ਇਲਾਜ ਸਰਜਰੀ, ਰੇਡੀਏਸ਼ਨ ਜਾਂ ਕੀਮੋਥਰੈਪੀ ਹੀ ਹਨ ਪਰ ਇਨ੍ਹਾਂ ਦਾ ਬਹੁਤ ਜ਼ਿਆਦਾ ਦੁਰਪ੍ਰਭਾਵ ਸਰੀਰ ਉੱਤੇ ਪੈਂਦੇ ਹਨ। ਇਸ ਤੋਂ ਇਲਾਵਾ ਕੁੱਝ ਆਯੁਰਵੈਦਿਕ, ਹੋਮਿਓਪੈਥਿਕ ਦਵਾਈਆਂ ਵੀ ਇਸਦੇ ਇਲਾਜ 'ਚ ਕਾਰਗਰ ਸਾਬਤ ਹੋ ਰਹੀਆਂ ਹਨ ਪਰ ਇਹ ਸਭ ਕੁੱਝ ਕਿਸੇ ਯੋਗ ਡਾਕਟਰ ਦੇ ਤਜਰਬੇ ਤੇ ਹੀ ਨਿਰਭਰ ਕਰਦਾ ਹੈ। ਕੁਝ ਕੁਦਰਤੀ ਖਾਧ ਪਦਾਰਥਾਂ ਦਾ ਇਸਤੇਮਾਲ ਕਰ ਕੇ ਇਸ ਦੇ ਖ਼ਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ।

**ਅਦਰਕ** - ਅਦਰਕ 'ਚ ਐਂਟੀ ਮਾਈਕ੍ਰੋਂ ਬੀਅਲ ਅਤੇ ਐਂਟੀ ਇਨਫਲੇਮੇਟਰੀ ਗੁਣ ਹੁੰਦੇ ਹਨ। ਇਹ ਕੈਂਸਰ ਦੇ ਸੈੱਲਾਂ ਦੀ ਪੈਦਾਵਾਰ ਨੂੰ ਰੋਕਣ ਦਾ ਕੰਮ ਕਰਦੇ ਹਨ। ਇਸ ਤੋਂ ਇਲਾਵਾ ਇਹ ਕੀਮੋਥਰੈਪੀ ਦੇ ਬੁਰੇ ਪ੍ਰਭਾਵ ਨੂੰ ਵੀ ਘੱਟ ਕਰਦਾ ਹੈ। ਅਦਰਕ ਦਾ ਜੂਸ ਇਕੱਲਾ ਜਾਂ ਫਿਰ ਸ਼ਹਿਦ 'ਚ ਮਿਲਾ ਕੇ ਵੀ ਲਿਆ ਜਾ ਸਕਦਾ ਹੈ।

**ਅਨਾਰ** - ਵਿਗਿਆਨਕ ਖੋਜਾਂ ਤੋਂ ਸਿੱਧ ਹੋ ਚੁੱਕਾ ਹੈ ਕਿ ਅਨਾਰ 'ਚ ਪਾਏ ਜਾਣ ਵਾਲੇ ਤੱਤ ਕੈਂਸਰ ਸੈੱਲਾਂ ਦੇ ਸਰੀਰ 'ਚ ਫੈਲਣ ਦੀ ਗਤੀ ਨੂੰ ਹੌਲੀ ਕਰ ਦਿੰਦੇ ਹਨ। ਇਸ ਤਰ੍ਹਾਂ ਕੈਂਸਰ ਨੂੰ ਰੋਕਣ 'ਚ ਸਹਾਈ ਹੁੰਦੇ ਹਨ। ਅਨਾਰ ਦਾ ਇਸਤੇਮਾਲ ਰੋਜ਼ਾਨਾ ਕਰਨਾ ਚਾਹੀਦਾ ਹੈ।



**ਟਮਾਟਰ :** ਟਮਾਟਰ 'ਚ ਇਕ ਸ਼ਕਤੀਸ਼ਾਲੀ ਐਂਟੀ ਆਕਸੀਡੈਂਟ ਲਿਕੋਪੀਨ ਪਾਇਆ ਜਾਂਦਾ ਹੈ। ਇਹ ਕੈਂਸਰ ਸੈੱਲਾਂ ਨੂੰ ਅੱਗੇ ਫੈਲਣ ਤੋਂ ਰੋਕਦਾ ਹੈ। ਟਮਾਟਰ ਨੂੰ ਸੂਪ , ਜੂਸ, ਚਟਣੀ ਦੇ ਰੂਪ 'ਚ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ ਜਾਂ ਕੱਚਾ ਖਾਇਆ ਜਾ ਸਕਦਾ ਹੈ। ਲਿਕੋਪੀਨ ਨੂੰ ਸਪਲੀਮੈਂਟ ਦੇ ਤੌਰ 'ਤੇ ਵੀ ਲਿਆ ਜਾ ਸਕਦਾ ਹੈ।



**ਸੋਇਆਬੀਨ**

ਇਸ 'ਚ ਇਕ ਕਿਰਿਆਸ਼ੀਲ ਤੱਤ ਫਾਈਟੋ ਐਸਟਰੋਜਨ ਪਾਇਆ ਜਾਂਦਾ ਹੈ। ਜੋ ਕਿ ਇਸ ਗ੍ਰੰਥੀ ਵਿਚਲੇ ਟੈਸਟਸਟਿਰੋਨ ਹਾਰਮੋਨ ਦੇ ਰਿਸਾਓ ਨੂੰ ਘੱਟ ਕਰ ਦਿੰਦਾ ਹੈ ਜਿਸ ਲਈ ਇਹ ਗ੍ਰੰਥੀ ਨੂੰ ਹੋਣ ਵਾਲੀ ਖ਼ੂਨ ਦੀ ਸਪਲਾਈ ਘੱਟ ਜਾਂਦੀ ਹੈ ਜੋ ਕਿ ਕੈਂਸਰ ਸੈੱਲਾਂ ਦੇ ਵਾਧੇ ਨੂੰ ਰੋਕਦੀ ਹੈ।

**ਕੱਦੂ ਦੇ ਬੀਜ**

*ਇਹ ਭਾਵੇਂ ਸਿੱਧੇ ਤੌਰ 'ਤੇ ਕੈਂਸਰ ਨੂੰ ਠੀਕ ਨਹੀਂ ਕਰਦੇ ਪਰ ਇਹ ਪ੍ਰੋਸਟੇਟ ਅਤੇ ਪਿਸ਼ਾਬ ਦੀ ਥੈਲੀ ਨਾਲ ਸੰਬੰਧਿਤ ਰੋਗਾਂ ਨੂੰ ਜ਼ਰੂਰ ਠੀਕ ਰੱਖਦੇ ਹਨ ਜਿਸ ਕਰਕੇ ਕੈਂਸਰ ਹੋਣ ਦਾ ਖ਼ਤਰਾ ਕਾਫ਼ੀ ਘੱਟ ਹੋ ਜਾਂਦਾ ਹੈ। ਇਸ ਤੋਂ ਇਲਾਵਾ ਇਹ ਬੀਜ ਜ਼ਿੰਕ ਭਰਪੂਰ ਹੋਣ ਕਰਕੇ ਸਰੀਰ ਦੀ ਰੋਗ ਨਿਰੋਧਕ ਸ਼ਕਤੀ 'ਚ ਵਾਧਾ ਕਰ ਕੇ ਸਰੀਰ ਦੀ ਸਫ਼ਾਈ ਕਰਦੇ ਹਨ। ਕੱਦੂ ਦੇ ਬੀਜਾਂ ਦੀ ਗਿਰੀ ਕੱਢ ਕੇ ਉਸਨੂੰ ਭੁੰਨ ਕੇ ਜਾਂ ਫਿਰ ਕਾੜ੍ਹਾ ਬਣਾ ਕੇ ਇਸਤੇਮਾਲ ਕੀਤਾ ਜਾ ਸਕਦਾ ਹੈ। ਪਹਿਲੇ ਸਮਿਆਂ 'ਚ ਕੱਦੂ ਦੇ ਬੀਜਾਂ ਨੂੰ ਭੁੰਨ ਕੇ ਖਾਣ ਦਾ ਪ੍ਰਚਲਨ ਰਿਹਾ ਹੈ।*





**ਵਿਟਾਮਿਨ ਡੀ-** ਸਰੀਰ 'ਚ ਵਿਟਾਮਿਨ ਡੀ ਦੀ ਮੌਜੂਦਗੀ ਗਦੂਦਾਂ ਦੇ ਕੈਂਸਰ ਨੂੰ ਖ਼ਤਮ ਕਰਕੇ ਠੀਕ ਕਰਨ 'ਚ ਸਹਾਈ ਹੁੰਦੀ ਹੈ। ਖਾਧ ਪਦਾਰਥਾਂ ਤੋਂ ਇਲਾਵਾ ਸਵੇਰ ਵੇਲੇ ਸੂਰਜ ਦੀ ਰੌਸ਼ਨੀ ਤੋਂ ਵੀ ਵਿਟਾਮਿਨ ਡੀ ਲਿਆ ਜਾ ਸਕਦਾ ਹੈ। ਇਸ ਲਈ ਸੂਰਜ ਨਿਕਲਣ ਤੋਂ ਲੈ ਕਿ ਅੱਧਾ ਘੰਟੇ ਤਕ ਧੁੱਪ 'ਚ ਬੈਠਣਾ ਚਾਹੀਦਾ ਹੈ। ਵਿਟਾਮਿਨ ਡੀ-3 ਹੀ ਲੈਣਾ ਚਾਹੀਦਾ ਹੈ।

**ਗਰੀਨ-ਟੀ** - ਕੁਦਰਤੀ ਤੌਰ 'ਤੇ ਪੈਦਾ ਹੋਣ ਵਾਲੀ ਬਿਨਾਂ ਦੁੱਧ ਤੋਂ ਬਣੀ ਚਾਹ ਐਂਟੀ ਆਕਸੀਡੈਂਟ ਭਰਪੂਰ ਹੁੰਦੀ ਹੈ। ਇਸ 'ਚ ਪਾਇਆ ਜਾਣ ਵਾਲਾ ਕੁਦਰਤੀ ਤੱਤ ਪੋਲੀਫਿਨੋਲਜ਼ ਕੈਂਸਰ ਸੈੱਲ ਦੀ ਪੈਦਾਵਾਰ ਅਤੇ ਵਾਧੇ ਨੂੰ ਰੋਕਦਾ ਹੈ। ਇਸ 'ਚ ਪਹਿਲਾਂ ਤੋਂ ਮੌਜੂਦ ਕੈਂਸਰ ਸੈੱਲਾਂ ਨੂੰ ਖ਼ਤਮ ਕਰਨ ਦੀ ਸਮਰੱਥਾ ਵੀ ਹੁੰਦੀ ਹੈ। ਮਿਸਾਲ ਦੇ ਤੌਰ 'ਤੇ ਜਪਾਨ 'ਚ ਗਰੀਨ ਟੀ ਇਕ ਅਤਿ ਜ਼ਰੂਰੀ ਪੀਣ ਵਾਲਾ ਪਦਾਰਥ ਹੈ ਇਸ ਲਈ ਜਪਾਨ 'ਚ ਪ੍ਰੋਸਟੇਟ ਦੇ ਕੈਂਸਰ ਮਰੀਜ਼ਾਂ ਦੀ ਗਿਣਤੀ ਅਮਰੀਕਾ ਦੇ ਮੁਕਾਬਲੇ 67% ਘੱਟ ਹੈ। ਗੈਨੋਡਰਮਾ ਯੁਕਤ ਗੈਨੋ ਟੀ ਵੀ ਕੁੱਝ ਅਜਿਹੇ ਗੁਣਾਂ ਨਾਲ ਭਰਪੂਰ ਹੈ।

**ਓਮੇਗਾ-3 ਫੈਟੀ ਐਸਿਡ-** ਓਮੇਗਾ-3 ਫੈਟੀ ਐਸਿਡ ਵੀ ਗਦੂਦਾਂ ਦੇ ਕੈਂਸਰ ਨੂੰ ਰੋਕਣ 'ਚ ਸਹਾਈ ਹੁੰਦੇ ਹਨ। ਸਾਨੂੰ ਇਸ ਦਾ ਇਸਤੇਮਾਲ ਕਰਦੇ ਰਹਿਣਾ ਚਾਹੀਦਾ ਹੈ। ਅਲਸੀ ਦੇ ਬੀਜ, ਅਖਰੋਟ, ਮੱਛੀ ਦਾ ਤੇਲ ਆਦਿ ਇਸ ਦੇ ਉੱਤਮ ਸ੍ਰੋਤ ਹਨ

**ਪਰਹੇਜ਼** - ਜਿਵੇਂ ਕਿ ਕਿਹਾ ਜਾਂਦਾ ਹੈ ਇਲਾਜ ਨਾਲੋਂ ਪਰਹੇਜ਼ ਜ਼ਰੂਰੀ ਹੁੰਦਾ ਹੈ। ਸਾਨੂੰ ਡੱਬਾ ਬੰਦ ਅਤੇ ਪ੍ਰੋਸੈੱਸ ਕੀਤੇ ਖਾਧ ਪਦਾਰਥਾਂ ਦੇ ਇਸਤੇਮਾਲ ਤੋਂ ਬਚਣਾ ਚਾਹੀਦਾ ਹੈ। ਸ਼ਰਾਬ ਅਤੇ ਹੋਰ ਨਸ਼ੀਲੇ ਪਦਾਰਥਾਂ ਦਾ ਸੇਵਨ ਨਹੀਂ ਕਰਨਾ ਚਾਹੀਦਾ। ਹਰੀਆਂ ਪੱਤੇਦਾਰ ਸਬਜ਼ੀਆਂ ਤੇ ਤਾਜ਼ੇ ਫਲ਼ਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਗਦੂਦਾਂ ਦੇ ਵਧੇ ਹੋਏ ਆਕਾਰ ਨੂੰ ਠੀਕ ਕਰਨ ਲਈ ਸੀਤਾਫਲ਼ ਅਤੇ ਖੀਰਾ ਬਹੁਤ ਸਹਾਈ ਹੁੰਦੇ ਹਨ।

9814813674

# 'ਆਪ' ਵਿਧਾਇਕਾਂ ਨੂੰ ਮਿਲਣਗੇ ਤਕਨੀਕੀ ਸਹਾਇਕ

## ਮੋਗਾ ਮੀਟਿੰਗ 'ਚ ਵਿਧਾਇਕਾਂ ਨੂੰ ਗਰਾਊਂਡ ਜ਼ੀਰੋ 'ਤੇ ਰਹਿਣ ਦੇ ਨਿਰਦੇਸ਼

**ਚੰਡੀਗੜ੍ਹ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਅੱਜ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ 'ਗਰਾਊਂਡ ਜ਼ੀਰੋ' 'ਤੇ ਰਹਿਣ ਦੇ ਨਿਰਦੇਸ਼ ਦਿੱਤੇ ਗਏ ਹਨ। ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਦੀ ਮਦਦ ਲਈ ਪਾਰਟੀ ਤਰਫ਼ੋਂ ਹਰ ਹਲਕੇ 'ਚ ਤਕਨੀਕੀ ਸਹਾਇਕ ਤਾਇਨਾਤ ਕਰ ਦਿੱਤੇ ਗਏ ਹਨ। ਹਲਕੇ 'ਚ ਸਰਕਾਰੀ ਸਕੀਮਾਂ ਅਤੇ ਪਾਰਟੀ/ਸਰਕਾਰ ਵੱਲੋਂ ਚਲਾਏ ਜਾ ਰਹੇ ਪ੍ਰੋਗਰਾਮਾਂ ਦੀ ਇਹ ਤਕਨੀਕੀ ਸਹਾਇਕ ਪੂਰੀ ਸੂਚਨਾ ਤਿਆਰ ਕਰਨਗੇ। ਹਲਕੇ ਦੀ ਹਰ ਤਰ੍ਹਾਂ ਦੀ ਸੂਚਨਾ ਪਾਰਟੀ ਮੰਚ 'ਤੇ ਦੇਣਗੇ ਅਤੇ ਵਿਧਾਇਕਾਂ ਦੇ ਮਦਦਗਾਰ ਬਣਨਗੇ, ਜਿਨ੍ਹਾਂ ਹਲਕਿਆਂ 'ਚ ਪਾਰਟੀ ਦਾ ਵਿਧਾਇਕ ਨਹੀਂ, ਉੱਥੇ ਹਲਕਾ ਇੰਚਾਰਜ ਨਾਲ ਤਕਨੀਕੀ ਸਹਾਇਕ ਰਹੇਗਾ। 'ਆਪ' ਦੇ ਪੰਜਾਬ ਇੰਚਾਰਜ ਮੁਨੀਸ਼ ਸਿਸੋਦੀਆ ਨੇ ਅੱਜ ਮੋਗਾ ਰੈਲੀ ਮਗਰੋਂ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਦੀ ਪੈਲੇਸ 'ਚ ਮੀਟਿੰਗ ਕੀਤੀ, ਜਿੱਥੇ ਅਗਲੀਆਂ ਵਿਧਾਨ ਸਭਾ ਚੋਣਾਂ ਦੀ ਰਣਨੀਤੀ ਸਮਝਾਈ ਗਈ। ਸੂਤਰਾਂ ਅਨੁਸਾਰ ਵਿਧਾਇਕਾਂ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਤੇ ਯੁੱਧ ਨਸ਼ਿਆਂ ਵਿਰੁੱਧ ਨੂੰ ਘਰ ਘਰ ਪਹੁੰਚਾਉਣ ਲਈ ਕਿਹਾ।

ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਹਰ ਹਲਕੇ 'ਚੋਂ ਵੱਧ ਤੋਂ ਵੱਧ ਯਾਤਰੀਆਂ ਨੂੰ ਭੇਜਣ ਲਈ ਕਿਹਾ ਗਿਆ। ਕੁਝ ਵਿਧਾਇਕਾਂ ਨੇ ਪਾਰਟੀ ਮੰਚ 'ਤੇ ਕੁਝ ਮੁੱਦੇ ਵੀ ਉਠਾਏ। ਮੋਗਾ ਰੈਲੀ ਖ਼ਤਮ ਹੋਣ ਮਗਰੋਂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਚਲੇ ਗਏ ਸਨ। ਮੋਗਾ ਰੈਲੀ 'ਚ ਅੱਜ ਪਹਿਲੀ ਵਾਰ ਪਾਰਟੀ ਦੇ ਸਾਰੇ ਵਜ਼ੀਰਾਂ, ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਨੂੰ ਮੁੱਖ ਸਟੇਜ 'ਤੇ ਥਾਂ ਦਿੱਤੀ ਗਈ। ਵਿਧਾਇਕਾਂ ਨੇ ਸਟੇਜ 'ਤੇ ਥਾਂ ਨਾ ਮਿਲਣ ਦਾ ਮਾਮਲਾ ਪਾਰਟੀ ਕੋਲ ਉਠਾਇਆ ਸੀ। ਮੋਗਾ ਰੈਲੀ ਲਈ ਸਾਰੇ ਵਿਧਾਇਕ ਆਪੋ ਆਪਣੇ ਹਲਕੇ 'ਚੋਂ ਬੱਸਾਂ ਲੈ ਕੇ ਗਏ ਸਨ। ਰੈਲੀ ਮਗਰੋਂ ਮੀਟਿੰਗ 'ਚ ਵਿਧਾਇਕਾਂ ਨੇ ਆਪੋ ਆਪਣੀ ਸਿਆਸੀ ਹਾਜ਼ਰੀ ਵੀ ਲਵਾਈ। ਪਾਰਟੀ ਦੇ ਸੂਤਰਾਂ ਨੇ ਇਹ ਵੀ ਰੈਲੀ 'ਚ ਨੋਟਿਸ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਭਾਸ਼ਣ ਮੌਕੇ ਪੰਡਾਲ 'ਚ ਨਾਅਰਿਆਂ ਦੀ ਗੂੰਜ ਪੈਂਦੀ ਰਹੀ। ਮੁੱਖ ਮੰਤਰੀ ਨੇ ਅੱਜ ਰੈਲੀ 'ਚ ਅਸਿੱਧੇ ਤਰੀਕੇ ਨਾਲ ਬਿਕਰਮ ਸਿੰਘ ਮਜੀਠੀਆ ਨੂੰ ਮੁੜ ਨਿਸ਼ਾਨੇ 'ਤੇ ਲਿਆ। ਰੈਲੀ ਅੱਜ ਨਿਰਧਾਰਿਤ ਸਮੇਂ ਤੋਂ ਕਾਫ਼ੀ ਪਛੜ ਕੇ ਸ਼ੁਰੂ ਹੋਈ।

# ਸਿਹਤ ਵਿਭਾਗ ਸਵਾਲਾਂ ਦੇ ਘੇਰੇ 'ਚ, 15 ਮਹੀਨਿਆਂ 'ਚ ਭਰੇ ਸਿਰਫ 49 ਸੈਂਪਲ !



**ਲੁਧਿਆਣਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉਦਯੋਗਿਕ ਸ਼ਹਿਰ ਲੁਧਿਆਣਾ ਵਿੱਚ ਲੋਕਾਂ ਦੀ ਸਿਹਤ ਨਾਲ ਖੁੱਲ੍ਹਾ ਖਿਲਵਾੜ ਹੋ ਰਿਹਾ ਹੈ, ਪਰ ਇਸ ਵੱਲ ਧਿਆਨ ਦੇਣ ਵਾਲਾ ਪੰਜਾਬ ਸਿਹਤ ਵਿਭਾਗ ਇਸ ਸਬੰਧੀ ਨਜ਼ਰ ਦਿੰਦਾ ਨਹੀਂ ਆ ਰਿਹਾ। ਸ਼ਹਿਰ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਬੇਕਰੀਆਂ, ਖਾਦ ਪਦਾਰਥ ਤਿਆਰ ਕਰਨ ਵਾਲੀਆਂ ਫੈਕਟਰੀਆਂ ਅਤੇ ਮਿਠਾਈਆਂ ਦੀਆਂ ਦੁਕਾਨਾਂ ਮੌਜੂਦ ਹਨ, ਪਰ ਹੈਰਾਨੀਜਨਕ ਤੌਰ 'ਤੇ ਪਿਛਲੇ 15 ਮਹੀਨਿਆਂ ਦੌਰਾਨ ਸਿਰਫ 49 ਖਾਣੇ ਦੇ ਸੈਂਪਲ ਹੀ ਭਰੇ ਗਏ। ਸਿਹਤ ਮਾਹਿਰਾਂ ਮੁਤਾਬਕ ਖਾਣੇ ਵਿੱਚ ਮਿਲਾਵਟ, ਘਟੀਆ ਸਮੱਗਰੀ ਅਤੇ ਬਿਨਾਂ ਮਿਆਰ ਵਾਲੀ ਤਿਆਰੀ ਕਾਰਨ ਕੈਂਸਰ, ਲਿਵਰ ਬਿਮਾਰੀਆਂ, ਪੇਟ ਦੇ ਰੋਗ ਅਤੇ ਹੋਰ ਗੰਭੀਰ ਸਮੱਸਿਆਵਾਂ ਵਧ ਰਹੀਆਂ ਹਨ। ਇਸ ਦੇ ਬਾਵਜੂਦ ਸਿਹਤ ਵਿਭਾਗ ਵੱਲੋਂ ਨਾਂ ਤਾਂ ਨਿਯਮਿਤ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਨਾਂ ਹੀ ਮਿਲਾਵਟਖੋਰਾਂ ਖਿਲਾਫ਼ ਕੋਈ ਠੋਸ ਕਾਰਵਾਈ ਨਜ਼ਰ ਆਉਂਦੀ ਹੈ।

ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਵਿਭਾਗ ਸਿਰਫ ਕਾਗ਼ਜ਼ੀ ਕਾਰਵਾਈ ਅਤੇ ਜਾਗਰੂਕਤਾ ਮੁਹਿੰਮਾਂ ਦੇ ਨਾਂ 'ਤੇ ਖਾਨਾਪੂਰਤੀ ਕਰ ਰਿਹਾ ਹੈ, ਜਦਕਿ ਜਮੀਨੀ ਹਕੀਕਤ ਇਹ ਹੈ ਕਿ ਜ਼ਹਿਰੀਲਾ ਅਤੇ ਗੈਰ-ਮਿਆਰੀ ਖਾਣਾ ਬੇਰੋਕ-ਟੋਕ ਵਿਕ ਰਿਹਾ ਹੈ। ਕਈ ਬੇਕਰੀਆਂ ਅਤੇ ਫੈਕਟਰੀਆਂ ਬਿਨਾਂ ਲਾਇਸੈਂਸ ਅਤੇ ਸਿਹਤ ਮਿਆਰਾਂ ਤੋਂ ਬਿਨਾਂ ਹੀ ਕੰਮ ਕਰ ਰਹੀਆਂ ਹਨ।

ਸਮਾਜਿਕ ਸੰਸਥਾਵਾਂ ਅਤੇ ਜਾਗਰੂਕ ਨਾਗਰਿਕਾਂ ਨੇ ਮੰਗ ਕੀਤੀ ਹੈ ਕਿ ਖਾਣੇ ਦੇ ਸੈਂਪਲਾਂ ਦੀ ਗਿਣਤੀ ਵਧਾਈ ਜਾਵੇ, ਅਚਾਨਕ ਛਾਪੇ ਮਾਰੇ ਜਾਣ ਅਤੇ ਦੋਸ਼ੀ ਫੈਕਟਰੀ ਮਾਲਕਾਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਇਹ ਲਾਪਰਵਾਹੀ ਲੋਕਾਂ ਦੀ ਸਿਹਤ 'ਤੇ ਹੋਰ ਭਾਰੀ ਪੈ ਸਕਦੀ ਹੈ।

# ਪੰਜਾਬ ਪੁਲਿਸ ਨੇ 516 ਥਾਵਾਂ 'ਤੇ ਕੀਤੀ ਛਾਪੇਮਾਰੀ; 181 ਕਾਬੂ

**➢ ਪੁਲਿਸ ਟੀਮਾਂ ਨੇ 67 ਵਿਅਕਤੀਆਂ ਵਿਰੁੱਧ ਕੀਤੀ ਰੋਕਥਾਮ ਕਾਰਵਾਈ, 139 ਨੂੰ ਤਸਦੀਕ ਉਪਰੰਤ ਕੀਤਾ ਰਿਹਾਅ ➢ ਲੋਕ ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਗੁਪਤ ਰੂਪ ਵਿੱਚ ਗੈਂਗਸਟਰਾਂ ਨਾਲ ਸਬੰਧਤ ਜਾਣਕਾਰੀ ਦੇ ਸਕਦੇ ਹਨ**

**ਚੰਡੀਗੜ੍ਹ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਦੇ 27ਵੇਂ ਦਿਨ, ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਨਾਲ ਸਬੰਧਤ ਪਛਾਣੇ ਗਏ ਅਤੇ ਮੈਪ ਕੀਤੇ ਟਿਕਾਣਿਆਂ 'ਤੇ 516 ਛਾਪੇਮਾਰੀਆਂ ਕੀਤੀਆਂ।

ਜਾਣਕਾਰੀ ਅਨੁਸਾਰ, ਗੈਂਗਸਟਰਾਂ 'ਤੇ ਵਾਰ - ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਵਿੱਢੀ ਇੱਕ ਫੈਸਲਾਕੁੰਨ ਜੰਗ - 20 ਜਨਵਰੀ, 2026 ਨੂੰ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਇਸ ਤਹਿਤ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਵੱਲੋਂ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

ਇਸ ਮੁਹਿੰਮ ਦੇ 27ਵੇਂ ਦਿਨ, ਪੁਲਿਸ ਟੀਮਾਂ ਨੇ 181 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 2 ਹਥਿਆਰ ਬਰਾਮਦ ਕੀਤੇ। ਇਸ ਦੇ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਗਿਣਤੀ 9,442 ਹੋ ਗਈ ਹੈ।

ਇਸ ਤੋਂ ਇਲਾਵਾ 67 ਵਿਅਕਤੀਆਂ ਵਿਰੁੱਧ ਰੋਕਥਾਮ ਕਾਰਵਾਈ ਕੀਤੀ ਗਈ, ਜਦੋਂ ਕਿ 139 ਵਿਅਕਤੀਆਂ ਦੀ ਤਸਦੀਕ ਕੀਤੀ ਗਈ ਅਤੇ ਪੁੱਛਗਿੱਛ ਤੋਂ ਬਾਅਦ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਵੱਲੋਂ ਕਾਰਵਾਈ ਦੌਰਾਨ 9 ਭਗੌੜੇ ਅਪਰਾਧੀਆਂ (ਪੀਓ) ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।

ਲੋੜੀਂਦੇ ਅਪਰਾਧੀਆਂ/ ਗੈਂਗਸਟਰਾਂ ਬਾਰੇ ਜਾਣਕਾਰੀ ਅਤੇ ਅਪਰਾਧ ਤੇ ਅਪਰਾਧਿਕ ਗਤੀਵਿਧੀਆਂ ਬਾਰੇ ਇਤਲਾਹ ਦੇਣ ਲਈ ਲੋਕ ਗੁਪਤ ਰੂਪ ਵਿੱਚ ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਸੰਪਰਕ ਕਰ ਸਕਦੇ ਹਨ।

ਜ਼ਿਕਰਯੋਗ ਹੈ ਕਿ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਨੂੰ 352ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 77 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2 ਕਿਲੋ ਹੈਰੋਇਨ, 1345 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 69,120 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਇਸ ਨਾਲ, ਸਿਰਫ 352 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 49,841 ਹੋ ਗਈ ਹੈ।

# ਰਾਜਪੁਰਾ ਥਰਮਲ ਪਲਾਂਟ ਗੁਜਰਾਤ ਦੀ ਕੰਪਨੀ ਨੇ ਖਰੀਦਿਆ

**ਲਾਰਸਨ ਐਂਡ ਟੂਬਰੋ ਤੇ ਟੋਰੈਂਟੋ ਪਾਵਰ ਲਿਮਿਟਡ ਦਰਮਿਆਨ ਸਮਝੌਤਾ ਹੋਇਆ; ਛੇ ਵਰ੍ਹੇ ਪਹਿਲਾਂ ਪੰਜਾਬ ਸਰਕਾਰ ਨੂੰ ਵੀ ਥਰਮਲ ਵੇਚਣ ਦੀ ਹੋਈ ਸੀ ਪੇਸ਼ਕਸ਼**



**ਚੰਡੀਗੜ੍ਹ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜਪੁਰਾ ਥਰਮਲ ਪਲਾਂਟ (ਨਾਭਾ ਪਾਵਰ ਲਿਮਿਟਡ) ਗੁਜਰਾਤ ਦੀ ਕੰਪਨੀ ਨੇ ਖ਼ਰੀਦ ਲਿਆ ਹੈ। ਐੱਲ ਐਂਡ ਟੀ ਪਾਵਰ ਡਿਵੈਲਪਮੈਂਟ ਲਿਮਿਟਡ ਨੇ ਰਾਜਪੁਰਾ ਤਾਪ ਬਿਜਲੀ ਘਰ ਟੋਰੈਂਟ ਪਾਵਰ ਲਿਮਿਟਡ (ਅਹਿਮਦਾਬਾਦ) ਨੂੰ ਵੇਚਣ ਲਈ ਸਮਝੌਤਾ ਕੀਤਾ ਹੈ।

ਲਾਰਸਨ ਐਂਡ ਟੂਬਰੋ ਕੰਪਨੀ ਨੇ ਕਰੀਬ ਛੇ ਸਾਲ ਪਹਿਲਾਂ ਰਾਜਪੁਰਾ ਥਰਮਲ ਪਲਾਂਟ ਵੇਚਣ ਦਾ ਮਨ ਬਣਾ ਲਿਆ ਸੀ ਅਤੇ ਕੰਪਨੀ ਨੇ 22 ਜੁਲਾਈ 2020 ਨੂੰ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਇਹ ਥਰਮਲ ਪਲਾਂਟ ਪਾਵਰਕੌਮ ਨੂੰ ਵੇਚਣ ਦੀ ਪੇਸ਼ਕਸ਼ ਕੀਤੀ ਸੀ। ਇਸ ਥਰਮਲ ਦੀ ਖ਼ਰੀਦ ਸਬੰਧੀ ਤਜਵੀਜ਼ ਦੇ ਮੁਲਾਂਕਣ ਲਈ ਪਾਵਰਕੌਮ ਦੇ ਚੇਅਰਮੈਨ ਦੀ ਪ੍ਰਵਾਨਗੀ ਨਾਲ 9 ਅਕਤੂਬਰ 2020 ਨੂੰ ਪੱਤਰ ਨੰਬਰ 125 ਤਹਿਤ ਪੰਜ ਮੈਂਬਰੀ ਕਮੇਟੀ ਬਣੀ ਸੀ। ਉਸ ਮਗਰੋਂ ਮਾਮਲਾ ਠੰਢੇ ਬਸਤੇ 'ਚ ਪੈ ਗਿਆ। ਮੌਜੂਦਾ 'ਆਪ' ਸਰਕਾਰ ਨੇ 31 ਦਸੰਬਰ 2024 ਨੂੰ ਪ੍ਰਾਈਵੇਟ ਸੈਕਟਰ ਦਾ ਜੀ ਵੀ ਕੇ ਗੋਇੰਦਵਾਲ ਥਰਮਲ ਪਲਾਂਟ 1080 ਕਰੋੜ 'ਚ ਖ਼ਰੀਦਿਆ ਸੀ ਜਿਸ ਨੂੰ ਮੁੱਖ ਮੰਤਰੀ ਭਗਵੰਤ ਮਾਨ ਪਾਰਟੀ ਦੀ ਪ੍ਰਾਪਤੀ ਵਜੋਂ ਪ੍ਰਚਾਰਦੇ ਵੀ ਰਹੇ ਹਨ।

ਲਾਰਸਨ ਐਂਡ ਟੂਬਰੋ ਦੇ ਡਾਇਰੈਕਟਰ ਤੇ ਵਾਈਸ ਪ੍ਰੈਜ਼ੀਡੈਂਟ (ਵਿਕਾਸ ਪ੍ਰਾਜੈਕਟ) ਨੇ ਪਾਵਰਕੌਮ ਦੇ ਚੇਅਰਮੈਨ ਨੂੰ ਲਿਖੇ ਪੱਤਰ 'ਚ ਰਾਜਪੁਰਾ ਥਰਮਲ ਕਰੀਬ 9,690 ਕਰੋੜ ਰੁਪਏ 'ਚ ਵੇਚਣ ਦੀ ਪੇਸ਼ਕਸ਼ ਕੀਤੀ ਸੀ। ਕੰਪਨੀ ਦਾ ਤਰਕ ਸੀ ਕਿ ਥਰਮਲ 'ਤੇ 10 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ। ਕੰਪਨੀ ਨੇ ਹੁਣ ਥਰਮਲ ਪਲਾਂਟ ਗੁਜਰਾਤ ਦੀ ਕੰਪਨੀ ਨੂੰ 6,889 ਕਰੋੜ 'ਚ ਵੇਚਣ ਦਾ ਸਮਝੌਤਾ ਕੀਤਾ ਹੈ। ਰਾਜਪੁਰਾ ਥਰਮਲ ਦੇ 1400 ਮੈਗਾਵਾਟ ਸਮਰੱਥਾ ਦੇ ਦੋ ਯੂਨਿਟ ਹਨ ਜਿਨ੍ਹਾਂ 'ਚੋਂ ਪਹਿਲਾ ਯੂਨਿਟ 1 ਫਰਵਰੀ 2014 ਅਤੇ ਦੂਜਾ ਯੂਨਿਟ 10 ਜੁਲਾਈ 2014 ਨੂੰ ਚਾਲੂ ਹੋਇਆ ਸੀ। ਇਹ ਥਰਮਲ ਜਪਾਨੀ ਤਕਨਾਲੋਜੀ ਦਾ ਹੈ। ਪੰਜਾਬ ਸਰਕਾਰ ਨੇ ਇਸ ਥਰਮਲ ਨਾਲ 25 ਵਰ੍ਹਿਆਂ ਲਈ ਬਿਜਲੀ ਸਮਝੌਤਾ ਕੀਤਾ ਹੋਇਆ ਹੈ। ਗੁਜਰਾਤ ਦੀ ਕੰਪਨੀ ਵੱਲੋਂ ਇਹ ਥਰਮਲ ਪਲਾਂਟ ਖ਼ਰੀਦੇ ਜਾਣ ਨਾਲ ਬਿਜਲੀ ਸਮਝੌਤੇ 'ਤੇ ਕੋਈ ਅਸਰ ਨਹੀਂ ਪਵੇਗਾ।

# ਚੌਲ ਘਪਲਾ: ਵਿਜੀਲੈਂਸ ਦੀ ਟਰੱਕ ਮਾਲਕਾਂ ਤੋਂ ਪੁੱਛ-ਪੜਤਾਲ



**ਤਪਾ ਮੰਡੀ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਦਿਨ ਚੜ੍ਹਦੇ ਹੀ ਵਿਜੀਲੈਂਸ ਦੀ ਨੇ ਚੌਲਾਂ ਦੀ ਢੋਆ ਢੁਆਈ ਮਾਮਲੇ ਵਿੱਚ ਟਰੱਕ ਯੂਨੀਅਨ ਤਪਾ ਵਿੱਚ ਦਸਤਕ ਦਿੱਤੀ, ਜਿੱਥੇ ਉਨ੍ਹਾਂ ਟਰੱਕ ਮਾਲਕਾਂ, ਡਰਾਈਵਰਾਂ ਅਤੇ ਕਲੀਨਰਾਂ ਤੋਂ ਪੁੱਛ ਪੜਤਾਲ ਕੀਤੀ। ਕੇਂਦਰ ਦੀ ਭਾਰਤ ਰਾਈਸ ਯੋਜਨਾ ਹੈ, ਜਿਸ ਦਾ ਟੀਚਾ ਆਮ ਲੋਕਾਂ ਨੂੰ ਸਸਤੀਆਂ ਦਰਾਂ 'ਤੇ ਚੌਲ ਮੁਹੱਈਆ ਕਰਵਾਉਣਾ ਹੈ।

ਯੋਜਨਾ ਵਿਚ ਪਿਛਲੇ ਸਮੇਂ ਤੋਂ ਵੱਡੇ ਪੱਧਰ 'ਤੇ ਹੋਏ ਕਥਿਤ ਘਪਲੇ ਨੇ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਹੋਸ਼ ਉਡਾ ਦਿੱਤੇ ਹਨ। ਪੰਜਾਬ ਅਤੇ ਹਰਿਆਣਾ ਵਿਚ ਪ੍ਰਾਈਵੇਟ ਪਲੇਅਰਾਂ ਨੇ ਸਰਕਾਰ ਤੋਂ ਆਰ ਓ ਰਿਲੀਜ਼ ਆਰਡਰ ਰਾਹੀਂ ਵੱਡੇ ਪੱਧਰ ਉੱਪਰ ਸਸਤੀਆਂ ਦਰਾਂ 'ਤੇ ਚੌਲ ਖਰੀਦੇ ਪਰ ਪ੍ਰਾਈਵੇਟ ਪਲੇਅਰਾਂ ਨੇ ਇਹ ਚੌਲ ਪੈਕਿੰਗ ਕਰਕੇ ਗਰੀਬਾਂ ਨੂੰ ਦੇਣ ਦੀ ਬਜਾਏ ਵੱਡੇ ਪੱਧਰ ਉੱਪਰ ਖੁੱਲ੍ਹੀ ਮੰਡੀ ਵਿਚ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਹੀ ਉੱਚ ਭਾਅ 'ਤੇ ਵੇਚ ਦਿੱਤੇ। ਇਸ ਦਾ ਲੇਖਾ ਜੋਖਾ ਬਾਹਰ ਆਉਣ ਲੱਗਿਆ ਤਾਂ ਦਿੱਲੀ ਅਤੇ ਪੰਜਾਬ ਦੇ ਖੁਰਾਕ ਮੰਤਰਾਲਿਆਂ ਦੇ ਵੱਡੇ ਕਾਰੋਬਾਰੀਆਂ ਦੇ ਹੋਸ਼ ਉੱਡ ਗਏ। ਇਲਾਕੇ 'ਚ ਇਹ ਵੀ ਚਰਚਾ ਹੈ ਕਿ ਚੌਲਾਂ ਦੇ ਭਰੇ ਕੁਝ ਟਰੱਕ ਤਾਂ ਸਹੀ ਟਿਕਾਣਿਆਂ 'ਤੇ ਪਹੁੰਚੇ ਪਰ ਵੱਡੀ ਤਾਦਾਦ 'ਚ ਟਰੱਕਾਂ ਦਾ ਮਾਲ ਕਿਤੇ ਹੋਰ ਹੀ ਖਪਾ ਦਿੱਤਾ, ਜਿਸ ਕਾਰਨ ਵਿਜੀਲੈਂਸ ਦੀਆਂ ਟੀਮਾਂ ਇਨ੍ਹਾਂ ਵੱਲੋਂ ਉਠਾਏ ਗਏ ਮਾਲ ਅਤੇ ਇਸ ਨੂੰ ਕਿੱਥੇ ਖਪਤ ਕੀਤਾ ਇਸ ਦੇ ਵੇਰਵੇ ਇਕੱਠੇ ਕਰ ਰਹੀਆਂ ਹਨ।

**ਕੀ ਕਹਿੰਦੇ ਨੇ ਵਿਜੀਲੈਂਸ ਦੇ ਅਧਿਕਾਰੀ**

ਵਿਜੀਲੈਂਸ ਦੇ ਅਧਿਕਾਰੀ ਗੁਰਮੇਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਪਿਛਲੇ ਸਾਲਾਂ 'ਚ ਚੌਲਾਂ ਦੀ ਢੋਆ ਢੁਆਈ ਸਬੰਧੀ ਵੇਰਵੇ ਇਕੱਠੇ ਕਰਕੇ ਰਿਪੋਰਟ ਮਹਿਕਮੇ ਨੂੰ ਪੇਸ਼ ਕਰ ਦਿੱਤੀ ਜਾਵੇਗੀ ਅਤੇ ਇਸ ਕਾਰਵਾਈ ਦੌਰਾਨ ਜੇ ਕੋਈ ਵੀ ਦੋਸ਼ੀ ਪਾਇਆ ਗਿਆ ਤਾਂ ਉਸ ਵਿਰੁੱਧ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

# ਪੰਜਾਬ ਸਰਕਾਰ ਵੱਲੋਂ ਨਿੱਜੀ ਸਕੂਲ ਦੀ ਮਾਨਤਾ ਰੱਦ, ਜਾਂਚ ਰਿਪੋਰਟਾਂ ਸੌਂਪਣ ਦੇ ਨਿਰਦੇਸ਼

**ਸਿੱਖਿਆ ਮੰਤਰੀ ਵੱਲੋਂ ਜਾਂਚ ਟੀਮਾਂ ਨੂੰ ਹੋਰ ਸ਼ੱਕੀ ਸਕੂਲਾਂ ਦੀ ਜਾਂਚ ਵਿੱਚ ਤੇਜ਼ੀ ਲਿਆਉਣ ਅਤੇ ਜਲਦ ਤੋਂ ਜਲਦ ਰਿਪੋਰਟਾਂ ਸੌਂਪਣ ਦੇ ਨਿਰਦੇਸ਼**

**ਚੰਡੀਗੜ੍ਹ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੀ ਸਿੱਖਿਆ ਪ੍ਰਣਾਲੀ ਦੀ ਪਵਿੱਤਰਤਾ ਤੇ ਇਮਾਨਦਾਰੀ ਨੂੰ ਬਰਕਰਾਰ ਰੱਖਣ ਲਈ ਵੱਡੀ ਕਾਰਵਾਈ ਕਰਦਿਆਂ ਪੰਜਾਬ ਸਰਕਾਰ ਨੇ ਲੁਧਿਆਣਾ ਦੇ ਇੱਕ ਫਰਜ਼ੀ ਸਕੂਲ ਵਿਰੁੱਧ ਸਖ਼ਤ ਕਾਰਵਾਈ ਕੀਤੀ ਹੈ ਕਿਉਂਕਿ ਇਸ ਸਕੂਲ ਵਿੱਚ ਪ੍ਰੈਕਟੀਕਲ ਪ੍ਰੀਖਿਆ ਲਈ ਸਹੂਲਤਾਂ ਦੀ ਘਾਟ ਦੇ ਬਾਵਜੂਦ 12ਵੀਂ ਦੀਆਂ ਪ੍ਰੀਖਿਆਵਾਂ ਲਈ ਵਿਦਿਆਰਥੀਆਂ ਨੂੰ ਰਜਿਸਟਰ ਕੀਤਾ ਗਿਆ ਸੀ।



ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ (ਪੀ.ਐਸ.ਈ.ਬੀ.) ਵੱਲੋਂ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਮਹਿਦੂਦਾਂ, ਲੁਧਿਆਣਾ (ਸਕੂਲ ਕੋਡ 3100187) ਵਿਰੁੱਧ ਸਖ਼ਤ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਵਿੱਚ ਮਾਨਤਾ ਵਾਪਸ ਲੈਣਾ ਅਤੇ ਫਰਜ਼ੀ ਦਸਤਾਵੇਜ਼ ਜਮ੍ਹਾਂ ਕਰਾਉਣ ਲਈ ਅਪਰਾਧਿਕ ਸ਼ਿਕਾਇਤ ਦਰਜ ਕਰਨਾ ਸ਼ਾਮਲ ਹੈ।

ਉਨ੍ਹਾਂ ਦੱਸਿਆ ਕਿ ਪੀ.ਐਸ.ਈ.ਬੀ. ਨੇ ਸਕੂਲ ਵੱਲੋਂ ਰਜਿਸਟਰ ਕੀਤੇ ਸਾਰੇ 27 ਵਿਦਿਆਰਥੀਆਂ ਦੇ ਰੋਲ ਨੰਬਰ ਵੀ ਰੱਦ ਕਰ ਦਿੱਤੇ ਹਨ।

ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਫਿਜੀਕਲ ਜਾਂਚ ਦੌਰਾਨ, ਇਸ ਸਕੂਲ ਦਾ ਕੋਈ ਵਾਜੂਦ ਸਾਹਮਣੇ ਨਹੀਂ ਆਇਆ, ਇਸ ਦੀ ਇਮਾਰਤ ਕਿਰਾਏ 'ਤੇ ਦਿੱਤੀ ਗਈ ਸੀ ਅਤੇ ਕੋਈ ਕਲਾਸ ਨਹੀਂ ਲਗਾਈ ਜਾ ਰਹੀ ਸੀ। 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਲਈ ਰਜਿਸਟਰਡ 27 ਵਿਦਿਆਰਥੀਆਂ ਦੇ ਰੋਲ ਨੰਬਰ ਵੀ ਮੌਜੂਦ ਨਹੀਂ ਸਨ, ਜਿਸ ਕਾਰਨ ਪੀ.ਐਸ.ਈ.ਬੀ. ਨੇ ਉਨ੍ਹਾਂ ਦੇ ਰੋਲ ਨੰਬਰ ਰੱਦ ਕਰ ਦਿੱਤੇ।

ਉਨ੍ਹਾਂ ਦੱਸਿਆ ਕਿ ਜਾਂਚ ਟੀਮਾਂ ਨੂੰ ਹੋਰ ਸ਼ੱਕੀ ਸਕੂਲਾਂ ਦੀ ਜਾਂਚ ਵਿੱਚ ਤੇਜ਼ੀ ਲਿਆਉਣ ਅਤੇ ਜਲਦ ਤੋਂ ਜਲਦ ਰਿਪੋਰਟਾਂ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਰੈਲੀਆਂ ਕਰਨ ਨਾਲ ਨਸ਼ਾ ਖ਼ਤਮ ਨਹੀਂ ਹੁੰਦਾ- ਕਾਂਗਰਸ ਨੇ ਵਿੰਨ੍ਹਿਆ AAP 'ਤੇ ਨਿਸ਼ਾਨਾ

**ਚੰਡੀਗੜ੍ਹ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਕਾਂਗਰਸ ਦੇ ਇੰਚਾਰਜ ਭੂਪੇਸ਼ ਬਘੇਲ ਨੇ ਅੱਜ ਜ਼ਿਲ੍ਹਾ ਪ੍ਰਧਾਨਾਂ ਨਾਲ ਅਹਿਮ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਸੱਤਾਧਾਰੀ ਆਮ ਆਦਮੀ ਪਾਰਟੀ 'ਤੇ ਜ਼ੋਰਦਾਰ ਨਿਸ਼ਾਨਾ ਸਾਧਿਆ।

ਬਘੇਲ ਨੇ ਦੱਸਿਆ ਕਿ ਇਹ ਮੀਟਿੰਗ ਜ਼ਿਲ੍ਹਾ ਪ੍ਰਧਾਨਾਂ ਨਾਲ 2027 ਦੀਆਂ ਚੋਣਾਂ ਦੀ ਰਣਨੀਤੀ ਉਲੀਕਣ ਲਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਵਿੱਚ ਮਨਰੇਗਾ ਨੂੰ ਲੈ ਕੇ ਰੈਲੀਆਂ ਕੀਤੀਆਂ ਗਈਆਂ ਹਨ ਅਤੇ ਹੁਣ ਕਾਂਗਰਸ ਚੋਣ ਮੈਦਾਨ ਵਿੱਚ ਉਤਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

ਨਸ਼ਿਆਂ ਵਿਰੁੱਧ ਮੋਗਾ ਵਿੱਚ ਕੀਤੀ ਜਾ ਰਹੀ ਰੈਲੀ ਬਾਰੇ ਬਘੇਲ ਨੇ ਕਿਹਾ ਕਿ ਨਸ਼ਾ ਖ਼ਤਮ ਕਰਨ ਦੀਆਂ ਗੱਲਾਂ ਸਿਰਫ਼ ਇੱਕ ÷ਦਿਖਾਵਾ÷ ਹਨ। ਉਨ੍ਹਾਂ ਕਿਹਾ ਕਿ ਰੈਲੀਆਂ ਕਰਨ ਨਾਲ ਨਸ਼ਾ ਖ਼ਤਮ ਨਹੀਂ ਹੁੰਦਾ; ਜ਼ਮੀਨੀ ਹਕੀਕਤ ਇਹ ਹੈ ਕਿ ਨਸ਼ਾ ਖ਼ਤਮ ਹੋਣ ਦੀ ਬਜਾਏ ਹੋਰ ਵਧ ਰਿਹਾ ਹੈ।

ਉਪ-ਮੁੱਖ ਮੰਤਰੀ (Deputy CM) ਲਗਾਉਣ ਦੀਆਂ ਚਰਚਾਵਾਂ 'ਤੇ ਬਘੇਲ ਨੇ ਕਿਹਾ ਕਿ ਜਦੋਂ ਚੋਣਾਂ ਨੇੜੇ ਆ ਗਈਆਂ ਹਨ, ਉਦੋਂ ਇਨ੍ਹਾਂ ਨੂੰ ਡਿਪਟੀ ਸੀਐਮ ਦੀ ਯਾਦ ਆਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਤੱਕ ਦਿੱਲੀ ਵਾਲੇ ਪੰਜਾਬ ਦੀ ਸੱਤਾ ਦੀ ਮਲਾਈ ਖਾਂਦੇ ਰਹੇ ਹਨ। ਮੁੱਖ ਮੰਤਰੀ ਦੇ ਉਮੀਦਵਾਰ ਬਾਰੇ ਬਘੇਲ ਨੇ ਦਾਅਵਾ ਕੀਤਾ ਕਿ ਕਾਂਗਰਸ ਦੇ ਸਾਰੇ ਆਗੂ ਇੱਕਜੁੱਟ ਹਨ।

ਅਤੇ ਪੰਜਾਬ ਦੇ ਆਗੂਆਂ ਦੀ ਹਾਈਕਮਾਂਡ ਨਾਲ ਮੀਟਿੰਗ ਹੋ ਚੁੱਕੀ ਹੈ। ਉਨ੍ਹਾਂ ਕਿਹਾ, ÷ਸਾਡੇ ਕੋਲ ਕਈ ਕਾਬਲ ਆਗੂ ਹਨ, ਜਦਕਿ ਬਾਕੀ ਪਾਰਟੀਆਂ ਕੋਲ ਕੁਝ ਵੀ ਨਹੀਂ ਹੈ।

# ਹਰਿਆਣਾ ਦੇ ਐਡਵੋਕੇਟ ਜਨਰਲ ਅਤੇ ਹਾਈ ਕੋਰਟ ਦਫ਼ਤਰ ਵਿੱਚ ਪ੍ਰਵੇਸ਼ ਲਈ ਆਨਲਾਇਨ ਵਿਜ਼ਿਟਿੰਗ ਪਾਸ ਜਰੂਰੀ

**ਚੰਡੀਗੜ੍ਹ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਐਡਵੋਕੇਟ ਜਨਰਲ ਅਤੇ ਹਾਈ ਕੋਰਟ ਦਫ਼ਤਰ ਵਿੱਚ ਪ੍ਰਵੇਸ਼ ਨੂੰ ਸੁਵਿਵਸਥਿਤ, ਸੁਰੱਖਿਅਤ ਅਤੇ ਪਾਰਦਰਸ਼ੀ ਬਨਾਉਣ ਦੇ ਉਦੇਸ਼ ਨਾਲ ਆਨਲਾਇਨ ਵਿਜ਼ਿਟਿੰਗ ਪਾਸ ਪ੍ਰਣਾਲੀ ਲਾਗੂ ਕੀਤੀ ਜਾ ਰਹੀ ਹੈ। ਇੱਕ ਸਰਕਾਰੀ ਬੁਲਾਰੇ ਨੇ ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੁਣ ਹਰਿਆਣਾ ਦੇ ਐਡਵੋਕੇਟ ਜਨਰਲ ਅਤੇ ਹਾਈ ਕੋਰਟ ਦਫ਼ਤਰ ਵਿੱਚ ਦਫ਼ਤਰਾਂ ਨਾਲ ਸਬੰਧਿਤ ਕਿਸੇ ਵੀ ਅਧਿਕਾਰਿਕ ਕੰਮ ਜਾਂ ਕਿਸੇ ਕੇਸ ਜਾਂ ਸੁਣਵਾਈ ਲਈ ਆਉਣ ਵਾਲੇ ਅਧਿਕਾਰਿਆਂ/ ਕਰਮਚਾਰਿਆਂ ਅਤੇ ਸਬੰਧਿਤ ਵਿਅਕਤੀਆਂ ਨੂੰ ਐਲਐਮਐਸ ਪੋਰਟਲ (https:// lmshry.gov.in) ਰਾਹੀਂ ਪਹਿਲਾਂ ਹੀ ਆਨਲਾਇਨ ਵਿਜ਼ਿਟਿੰਗ ਪਾਸ ਬਨਾਉਣਾ ਜਰੂਰੀ ਹੋਵੇਗਾ।

ਉਨ੍ਹਾਂ ਨੇ ਦੱਸਿਆ ਕਿ ਆਨਲਾਇਨ ਵਿਜ਼ਿਟਿੰਗ ਪਾਸ ਦੇ ਸਬੰਧ ਵਿੱਚ ਬਿਨੈਕਾਰ ਕੋਲ੍ਹ ਆਪਣਾ ਐਮਪਲੋਏ ਆਈਡੀ ਕਾਰਡ ਜਰੂਰੀ ਹੋਣਾ ਚਾਹੀਦਾ ਹੈ, ਗੇਟ ਪਾਸ ਦੇ ਪ੍ਰਿੰਟਆਉਟ ਨੂੰ ਅਧਿਕਾਰਤ ਹਸਤਾਖਰਕਰਤਾ ਵੱਲੋਂ ਵੈਰੀਫਾਈਡ ਕਰਵਾਉਣਾ ਹੋਵੇਗਾ ਅਤੇ ਪਾਸ ਜਾਰੀ ਹੋਣ ਤੋਂ ਬਾਅਦ ਸਬੰਧਿਤ ਦਫ਼ਤਰ ਵੱਲੋਂ ਉਸ ਨੂੰ ਵੈਰੀਫਾਇਡ ਕਰਵਾਉਣਾ ਜਰੂਰੀ ਹੋਵੇਗਾ।

ਬੁਲਾਰੇ ਨੇ ਦੱਸਿਆ ਕਿ ਇਸ ਨਵੀਂ ਪ੍ਰਣਾਲੀ ਰਾਹੀਂ ਦਫ਼ਤਰ ਵਿੱਚ ਪ੍ਰਵੇਸ਼ ਪ੍ਰਕਿਰਿਆ ਨੂੰ ਵੱਧ ਸੰਗਠਿਤ, ਸੁਰੱਖਿਅਤ ਅਤੇ ਡਿਜ਼ਿਟਲ ਬਣਾਇਆ ਗਿਆ ਹੈ।

ਤਾਂ ਜੋ ਕੰਮ ਵਿੱਚ ਪਾਰਦਰਸ਼ਿਤਾ ਅਤੇ ਕੁਸ਼ਲਤਾ ਯਕੀਨੀ ਕੀਤੀ ਜਾ ਸਕੇਗੀ। ਇਹ ਵਿਵਸਥਾ 9 ਫਰਵਰੀ, 2026 ਤੋਂ ਪ੍ਰਭਾਵੀ ਹੋ ਚੁੱਕੀ ਹੈ।

# ਹੋਲਾ ਮਹੱਲਾ ਮੌਕੇ 1 ਤੇ 2 ਮਾਰਚ ਨੂੰ ਹੋਣਗੇ ਦਸਤਾਰ ਬੰਦੀ ਮੁਕਾਬਲੇ: ਚੰਦਰ ਜਯੋਤੀ ਸਿੰਘ

**24 ਫਰਵਰੀ ਤੱਕ ਭਾਗ ਲੈਣ ਦੇ ਚਾਹਵਾਨ ਦੇ ਸਕਦੇ ਹਨ ਆਪਣੀਆਂ ਦਰਖਾਸਤਾ: ਏ.ਡੀ.ਸੀ**

**ਸ੍ਰੀ ਆਨੰਦਪੁਰ ਸਾਹਿਬ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਦਰ ਜਯੋਤੀ ਸਿੰਘ ਆਈਏਐਸ ਵਧੀਕ ਡਿਪਟੀ ਕਮਿਸ਼ਨਰ ਰੂਪਨਗਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਰੂਪਨਗਰ ਵੱਲੋਂ ਇਤਿਹਾਸਕ ਤਿਉਹਾਰ ਹੋਲਾ ਮਹੱਲਾ 2026 ਮੌਕੇ 'ਤੇ ਧਾਰਮਿਕ ਤੇ ਸੱਭਿਆਚਾਰਕ ਰਿਵਾਇਤਾਂ ਨੂੰ ਉਤਸ਼ਾਹਿਤ ਕਰਨ ਲਈ ਦਸਤਾਰਬੰਦੀ (ਦਸਤਾਰ ਸਜਾਉਣ) ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਇਹ ਮੁਕਾਬਲੇ 1 ਅਤੇ 2 ਮਾਰਚ 2026 ਨੂੰ ਚਰਨਗੰਗਾ ਸਟੇਡੀਅਮ ਵਿਖੇ ਆਯੋਜਿਤ ਕੀਤੇ ਜਾਣਗੇ।

ਚੰਦਰ ਜਯੋਤੀ ਸਿੰਘ ਵਧੀਕ ਡਿਪਟੀ ਕਮਿਸ਼ਨਰ ਰੂਪਨਗਰ ਨੇ ਦੱਸਿਆ ਕਿ ਦਸਤਾਰਬੰਦੀ ਮੁਕਾਬਲੇ ਚਾਰ ਵਰਗਾਂ ਵਿੱਚ ਕਰਵਾਏ ਜਾਣਗੇ। ਪਹਿਲਾ ਵਰਗ ਲੜਕੇ ਉਮਰ 14 ਸਾਲ ਤੋਂ ਘੱਟ ਲਈ 1 ਮਾਰਚ ਨੂੰ ਸਵੇਰੇ 9 ਤੋਂ 11 ਵਜੇ ਤੱਕ ਹੋਵੇਗਾ। ਦੂਜਾ ਵਰਗ ਲੜਕੀਆਂ ਲਈ ਕੋਈ ਉਮਰ ਸੀਮਾ ਨਹੀਂ 1 ਮਾਰਚ ਨੂੰ ਦੁਪਹਿਰ 2 ਤੋਂ 4 ਵਜੇ ਤੱਕ ਕਰਵਾਇਆ ਜਾਵੇਗਾ। ਤੀਜਾ ਵਰਗ ਲੜਕੇ ਲਈ ਉਮਰ 14 ਤੋਂ 18 ਸਾਲ ਲਈ 2 ਮਾਰਚ ਨੂੰ ਸਵੇਰੇ 9 ਤੋਂ 11 ਵਜੇ ਤੱਕ ਹੋਵੇਗਾ, ਜਦਕਿ ਚੌਥਾ ਵਰਗ 18 ਸਾਲ ਤੋਂ ਉੱਪਰ ਦੇ ਲੜਕੇ ਲਈ 2 ਮਾਰਚ ਨੂੰ ਦੁਪਹਿਰ 2 ਤੋਂ 4 ਵਜੇ ਤੱਕ ਕਰਵਾਇਆ ਜਾਵੇਗਾ।

ਦਸਤਾਰ ਮੁਕਾਬਲਿਆਂ ਵਿੱਚ ਭਾਗ ਲੈਣ ਦੇ ਇੱਛੁਕ ਉਮੀਦਵਾਰ ਆਪਣਾ ਨਾਮ, ਪਿਤਾ ਦਾ ਨਾਮ, ਪਤਾ, ਫ਼ੋਨ ਨੰਬਰ, ਇੱਕ ਫੋਟੋ ਅਤੇ ਆਧਾਰ ਕਾਰਡ ਦੀ ਕਾਪੀ ਮਿਤੀ 24 ਫਰਵਰੀ 2026 ਨੂੰ ਦੁਪਹਿਰ 3 ਵਜੇ ਤੱਕ ਕਮਰਾ ਨੰਬਰ 116, ਦਫ਼ਤਰ ਕਾਰਜਕਾਰੀ ਇੰਜੀਨੀਅਰ, ਪੰਚਾਇਤ ਰਾਜ ਲੋਕ ਨਿਰਮਾਣ ਮੰਡਲ, ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ, ਰੂਪਨਗਰ ਵਿਖੇ ਦਸਤੀ ਰੂਪ ਵਿੱਚ ਜਮ੍ਹਾਂ ਕਰਵਾ ਸਕਦੇ ਹਨ ਜਾਂ ਈਮੇਲ ਰਾਹੀਂ xenprdrpr@ gmail.com 'ਤੇ ਭੇਜ ਸਕਦੇ ਹਨ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਮੁਕਾਬਲੇ ਦੌਰਾਨ ਸਿੱਖੀ ਮਰਯਾਦਾ ਦੀ ਪਾਲਣਾ ਲਾਜ਼ਮੀ ਹੋਵੇਗੀ ਅਤੇ ਭਾਗੀਦਾਰਾਂ ਦਾ ਸਿੱਖ ਸਰੂਪ ਵਿੱਚ ਹੋਣਾ ਜ਼ਰੂਰੀ ਹੈ। ਪਹਿਲੇ ਅਤੇ ਦੂਜੇ ਵਰਗ ਲਈ ਦਸਤਾਰ ਸਜਾਉਣ ਦਾ ਸਮਾਂ 10 ਤੋਂ 12 ਮਿੰਟ ਅਤੇ ਤੀਜੇ ਤੇ ਚੌਥੇ ਵਰਗ ਲਈ 8 ਤੋਂ 10 ਮਿੰਟ ਨਿਰਧਾਰਤ ਕੀਤਾ ਗਿਆ ਹੈ। ਮੁਕਾਬਲੇ ਤੋਂ ਪਹਿਲਾਂ ਤਿਆਰੀ ਲਈ ਵੱਖਰਾ ਸਮਾਂ ਦਿੱਤਾ ਜਾਵੇਗਾ। ਤਿੰਨ ਨਿਰਪੱਖ ਜੱਜ ਸਾਹਿਬਾਨ ਵੱਲੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲਿਆਂ ਦੀ ਚੋਣ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਪ੍ਰਮਾਣ ਪੱਤਰ ਦਿੱਤੇ ਜਾਣਗੇ। 24 ਫਰਵਰੀ 2026 ਨੂੰ ਦੁਪਹਿਰ 3 ਵਜੇ ਤੋਂ ਬਾਅਦ ਮਿਲਣ ਵਾਲੀਆਂ ਅਰਜ਼ੀਆਂ 'ਤੇ ਗੌਰ ਨਹੀਂ ਕੀਤਾ ਜਾਵੇਗਾ। ਜੱਜ ਸਾਹਿਬਾਨ ਦਾ ਫੈਸਲਾ ਅੰਤਿਮ ਹੋਵੇਗਾ।

# ਡੇਅਰੀ ਉੱਦਮ ਸਿਖ਼ਲਾਈ ਕੋਰਸ 23 ਫਰਵਰੀ ਤੋਂ

**ਜਲੰਧਰ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਡਾਇਰੈਕਟਰ, ਡੇਅਰੀ ਕਸ਼ਮੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਡੇਅਰੀ ਵਿਕਾਸ ਵਿਭਾਗ ਵੱਲੋਂ ਚਾਰ ਹਫ਼ਤੇ ਦਾ ਡੇਅਰੀ ਉੱਦਮ ਸਿਖ਼ਲਾਈ ਕੋਰਸ 23 ਫਰਵਰੀ 2026 ਤੋਂ ਡੇਅਰੀ ਸਿਖ਼ਲਾਈ ਕੇਂਦਰ ਫਗਵਾੜਾ ਵਿਖੇ ਸ਼ੁਰੂ ਹੋਣ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੇਂਡੂ ਖੇਤਰ ਨਾਲ ਸਬੰਧਤ ਚਾਹਵਾਨ ਡੇਅਰੀ ਫਾਰਮਰ, ਜਿਨ੍ਹਾਂ ਦੀ ਉਮਰ 18 ਤੋਂ 55 ਸਾਲ ਦੇ ਦਰਮਿਆਨ ਹੋਵੇ ਤੇ ਘੱਟੋ-ਘੱਟ 10ਵੀਂ ਪਾਸ ਹੋਣ ਅਤੇ ਪਹਿਲਾਂ ਘੱਟੋ-ਘੱਟ 5 ਪਸ਼ੂ ਰੱਖੇ ਹੋਣ, ਸਿਖ਼ਲਾਈ ਵਿੱਚ ਭਾਗ ਲੈ ਸਕਦੇ ਹਨ।

ਡਿਪਟੀ ਡਾਇਰੈਕਟਰ ਨੇ ਅੱਗੇ ਦੱਸਿਆ ਕਿ ਡੇਅਰੀ ਸਿਖ਼ਲਾਈ ਕੋਰਸ ਦੌਰਾਨ ਫਾਰਮਰਜ਼ ਨੂੰ ਕੁਸ਼ਲ ਡੇਅਰੀ ਮੈਨੇਜਰ ਬਣਾਉਣ ਲਈ ਵੱਖ-ਵੱਖ ਵਿਸ਼ਾ ਮਾਹਰਾਂ ਵਲੋਂ ਪਸ਼ੂਆਂ ਦੀ ਸਾਂਭ-ਸੰਭਾਲ, ਵੱਖ-ਵੱਖ ਬਿਮਾਰੀਆਂ, ਮਨਸੂਹੀ ਗਰਭਦਾਨ, ਦੁੱਧ ਤੋਂ ਦੁੱਧ ਪਦਾਰਥ ਤਿਆਰ ਕਰਨ ਦੀ ਪ੍ਰੈਕਟੀਕਲ ਸਿਖ਼ਲਾਈ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਮਾਡਲ ਕੈਟਲ ਸ਼ੈਡਾਂ ਦੀ ਉਸਾਰੀ, ਦੁੱਧ ਚੁਆਈ ਮਸ਼ੀਨਾਂ ਅਤੇ ਡੇਅਰੀ ਧੰਦੇ ਦੇ ਮੁਕੰਮਲ ਮਸ਼ੀਨੀਕਰਨ ਲਈ ਲੋੜੀਂਦੀਆਂ ਤਕਨੀਕਾਂ ਅਤੇ ਸਬਸਿਡੀਆਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਜਲੰਧਰ ਦੇ ਸਿਖ਼ਲਾਈ ਲੈਣ ਦੇ ਚਾਹਵਾਨ 20 ਫਰਵਰੀ 2026 ਤੱਕ ਦਫ਼ਤਰ ਡਿਪਟੀ ਡਾਇਰੈਕਟਰ, ਡੇਅਰੀ ਵਿਕਾਸ ਜਲੰਧਰ, ਆਰ.ਡੀ.ਡੀ.ਐਲ ਕੰਪਲੈਕਸ, ਲਾਡੋਵਾਲੀ ਰੋਡ ਵਿਖੇ ਹਾਜ਼ਰ ਹੋ ਕੇ ਪ੍ਰਾਸਪੈਕਟ (ਫਾਰਮ) ਹਾਸਲ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਚੁਣੇ ਹੋਏ ਸਿਖਿਆਰਥੀਆਂ ਦੀ ਫੀਸ (ਜਨਰਲ ਕੈਟਾਗਰੀ ਲਈ 5000 ਰੁਪਏ ਅਤੇ ਅਨੁਸੂਚਿਤ ਜਾਤੀ ਲਈ 4000 ਰੁਪਏ) ਹੋਵੇਗੀ। ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 94787-26641 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਰਾਜਪਾਲ ਤੇ ਭਾਰਤੀ ਚੋਣ ਕਮਿਸ਼ਨ ਆਪ ਵੱਲੋਂ ਮੋਗਾ ਰੈਲੀ ਵਿਚ ਸਰਕਾਰੀ ਫੰਡਾਂ ਦੀ ਦੁਰਵਰਤੋਂ ਦਾ ਨੋਟਿਸ ਲੈਣ: ਅਕਾਲੀ ਦਲ

**ਰੈਲੀ 'ਤੇ ਖਰਚ ਕੀਤੀ ਗਈ ਸਾਰੀ ਰਾਸ਼ੀ ਆਪ ਤੋਂ ਵਸੂਲੀ ਜਾਵੇ: ਡਾ. ਦਲਜੀਤ ਚੀਮਾ**

**ਚੰਡੀਗੜ੍ਹ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਅਤੇ ਭਾਰਤੀ ਚੋਣ ਕਮਿਸ਼ਨ (ਈ ਸੀ ਆਈ) ਨੂੰ ਅਪੀਲ ਕੀਤੀ ਹੈ ਕਿ ਜਿਸ ਤਰੀਕੇ ਅੱਜ ਆਮ ਆਦਮੀ ਪਾਰਟੀ (ਆਪ) ਨੇ ਮੋਗਾ ਦੇ ਕਿੱਲੀ ਚਾਹਲਾਂ ਵਿਖੇ ਰੈਲੀ ਵਾਸਤੇ ਸਰਕਾਰੀ ਫੰਡਾਂ ਦੀ ਦੁਰਵਰਤੋਂ ਕੀਤੀ, ਉਸਦਾ ਨੋਟਿਸ ਲਿਆ ਜਾਣਾ ਚਾਹੀਦਾ ਹੈ।



ਅੱਜ ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਆਪ ਨੇ ਅੱਜ ਦੀ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਰੈਲੀ ਦੀ ਆੜ ਵਿਚ ਸਿਆਸੀ ਧੋਖਾਧੜੀ ਕੀਤੀ ਹੈ ਜਦੋਂ ਕਿ ਇਸ ਰੈਲੀ ਦਾ ਮਕਸਦ 2027 ਦੀਆਂ ਵਿਧਾਨ ਸਭਾ ਚੋਣਾਂ ਵਾਸਤੇ ਬਿਗਲ ਵਜਾਉਣਾ ਸੀ। ਉਹਨਾਂ ਕਿਹਾ ਕਿ ਨਾ ਸਿਰਫ ਸਰਕਾਰੀ ਫੰਡਾਂ ਦੀ ਵਰਤੋਂ ਰੈਲੀ ਵਾਸਤੇ ਲੋਕਾਂ ਨੂੰ ਲਿਆਉਣ ਲਈ ਕੀਤੀ ਗਈ ਸਗੋਂ ਸਾਰੀ ਰੈਲੀ ਦਾ ਖਰਚਾ ਸਰਕਾਰੀ ਤੌਰ 'ਤੇ ਕੀਤਾ ਗਿਆ। ਉਹਨਾਂ ਕਿਹਾ ਕਿ ਅਜਿਹਾ ਉਦੋਂ ਕੀਤਾ ਗਿਆ ਜਦੋਂ ਰੈਲੀ ਦੀ ਪ੍ਰਧਾਨਗੀ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪਾਰਟੀ ਦੀ ਦਿੱਲੀ ਲੀਡਰਸ਼ਿਪ ਨੇ ਕੀਤੀ ਜਿਹਨਾਂ ਦੀ ਪੰਜਾਬ ਦੀ ਸਰਕਾਰ ਵਿਚ ਕੋਈ ਭੂਮਿਕਾ ਨਹੀਂ ਹੈ।

ਡਾ. ਦਲਜੀਤ ਸਿੰਘ ਚੀਮਾ ਨੇ ਇਸ ਕਿਸਮ ਦੀ ਰਾਜਨੀਤੀ ਨੂੰ ਸ਼ਰਮਨਾਕ ਕਰਾਰ ਦਿੰਦਿਆਂ ਕਿਹਾ ਕਿ ਰੈਲੀ ਵਿਚ ਸਿਆਸੀ ਤਕਰੀਰਾਂ ਕੀਤੀਆਂ ਗਈਆਂ ਅਤੇ ਸਿਆਸੀ ਵਿਰੋਧੀਆਂ ਖਿਲਾਫ ਦੂਸ਼ਣਬਾਜ਼ੀ ਕੀਤੀ ਗਈ। ਉਹਨਾਂ ਨੇ ਰਾਜਪਾਲ ਅਤੇ ਭਾਰਤੀ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਇਸ ਰੈਲੀ 'ਤੇ ਹੋਏ ਖਰਚ ਦੀ ਰਾਸ਼ੀ ਆਪ ਤੋਂ ਵਸੂਲਣ ਦੀ ਪ੍ਰਕਿਰਿਆ ਸ਼ੁਰੂ ਕਰਨ ਕਿਉਂਕਿ ਇਹ ਖਰਚਾ ਨਿਯਮਾਂ ਨੂੰ ਅਣਡਿੱਠ ਕਰ ਕੇ ਕੀਤਾ ਗਿਆ ਹੈ ਤੇ ਇਹ ਸਰਕਾਰੀ ਪ੍ਰੋਗਰਾਮ ਨਹੀਂ ਸੀ।

ਅਕਾਲੀ ਆਗੂ ਨੇ ਇਸ ਸਿਆਸੀ ਰੈਲੀ ਨੂੰ ਪੰਜਾਬ ਦੇ ਮੁੱਖ ਸਕੱਤਰ ਅਤੇ ਡੀ ਜੀ ਪੀ ਵੱਲੋਂ ਸੰਬੋਧਨ ਕਰਨ ਦੀ ਵੀ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਇਸ ਨਾਲ ਸੂਬੇ ਦੀ ਅਫਸਰਸ਼ਾਹੀ ਦਾ ਸਿਆਸੀਕਰਨ ਹੋਵੇਗਾ ਅਤੇ ਇਹ ਲੋਕਤੰਤਰ ਲਈ ਚੰਗਾ ਨਹੀਂ ਹੈ। ਉਹਨਾਂ ਕਿਹਾ ਕਿ ਕੱਲ੍ਹ ਨੂੰ ਆਪ ਸਰਕਾਰ ਜ਼ਿਲ੍ਹਾ ਪੱਧਰੀ ਅਫਸਰਾਂ ਨੂੰ ਸਿਆਸੀ ਰੈਲੀਆਂ ਨੂੰ ਸੰਬੋਧਨ ਕਰਨ ਵਾਸਤੇ ਮਜਬੂਰ ਕਰਨਗੇ ਅਤੇ ਉਹ ਆਪ ਦਾ ਹਿੱਸਾ ਬਣ ਜਾਣਗੇ।

ਉਹਨਾਂ ਕਿਹਾ ਕਿ ਅਜਿਹੇ ਹਾਲਾਤ ਵਿਚ ਆਜ਼ਾਦ ਤੇ ਨਿਰਪੱਖ ਚੋਣਾਂ ਦੀ ਆਸ ਨਹੀਂ ਕੀਤੀ ਜਾ ਸਕਦੀ।

# ਸਰਕਾਰੀ ਆਹੁਦੇ 'ਤੇ ਬਰਕਰਾਰ, ਸਰਕਾਰੀ ਕੋਠੀ ਕਰਵਾਈ ਖਾਲੀ, ਸਾਈਨ ਬੋਰਡ ਅਜੇ ਵੀ ਬਰਕਰਾਰ

**➢ ਧਾਰਮਿਕ ਆਸਥਾ ਦੇ ਪ੍ਰਤੀਕ ਖੰਡਾ ਚੌਂਕ 'ਤੇ ਵਿਭਾਗ ਦੀ ਨਾਲਾਇਕੀ ਕਾਰਨ ਸਾਈਨ ਬੋਰਡ ਬਰਕਰਾਰ ➢ ਕਿਹੜੇ ਵਿਭਾਗ ਦੀ ਬਣਦੀ ਹੈ ਬੋਰਡ ਲਗਾਉਣ ਤੇ ਉਤਾਰਨ ਦੀ ਜਿਮੇਵਾਰੀ ?**

**ਪਟਿਆਲਾ, 18 ਫਰਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਪਾਸੇ ਜਿਥੇ ਸੂਬਾ ਸਰਕਾਰ ਆਪਣੀ ਈਮਾਨਦਾਰ ਸ਼ਵੀ ਦਾ ਢਿੰਡੋਰਾ ਪਿੱਟਦੀ ਨਹੀਂ ਥੱਕਦੀ ਦੂਜੇ ਪਾਸੇ ਈਮਾਨਦਾਰੀ ਨਾਲ ਧੱਕੇਸ਼ਾਹੀ ਵੀ ਕਰਦੀ ਦਿਖਾਈ ਦਿੰਦੀ ਹੈ। ਸ਼ਾਹੀ ਸ਼ਹਿਰ ਅੰਦਰ ਸਰਕਾਰੀ ਕੋਠੀਆਂ ਵਿਚ ਰਿਹਾਇਸ਼ ਰੱਖਣ ਵਾਲੇ ਹਲਕਾ ਸਨੌਰ ਦੇ ਭਗੌੜਾ ਕਰਾਰ ਦਿੱਤੇ ਗਏ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੇ ਪਰਿਵਾਰ ਤੋਂ ਧੱਕੇਸ਼ਾਹੀ ਕਰਦਿਆਂ ਸਰਕਾਰੀ ਕੋਠੀ ਖਾਲੀ ਕਰਵਾ ਕੇ ਸੀਲ੍ਹ ਕਰ ਦਿੱਤੀ ਗਈ ਸੀ, ਜਦੋਂਕਿ ਉਹ ਹਾਲੇ ਵੀ ਵਿਧਾਇਕ ਦੇ ਆਹੁਦੇ 'ਤੇ ਬਰਕਰਾਰ ਹੈ ਅਤੇ ਕਾਨੂੰਨੀ ਪ੍ਰੀਕ੍ਰਿਆ ਨਾਲ ਦਾਅ-ਪੇਚ ਖੇਡੇ ਜਾ ਰਹੇ ਹਨ। ਪਰ ਵਿਧਾਇਕ ਦੀ ਖਾਲੀ ਕਰਵਾਈ ਕੋਠੀ ਨੂੰ ਜਾਣ ਵਾਲੇ ਰਸਤੇ ਸੰਬੰਧੀ ਪਾਸੀ ਰੋਡ 'ਤੇ ਲੱਗੇ ਸਾਈਨ ਬੋਰਡ ਦੀ ਸਰਦਾਰੀ ਹਾਲੇ ਵੀ ਕਾਇਮ ਹੈ। ਇੰਨਾ ਹੀ ਨਹੀਂ ਦੂਜੇ ਪਾਸੇ ਪੀ. ਆਰ. ਟੀ. ਸੀ. ਦੇ ਸਾਬਕਾ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੂੰ ਸਰਕਾਰ ਨੇ ਫਾਰਗ ਕਰ ਦਿੱਤਾ ਹੈ ਅਤੇ ਨਵੇਂ ਚੇਅਰਮੈਨ ਨੇ ਜਿਮੇਵਾਰੀ ਸੰਭਾਲ ਲਈ ਹੈ। ਪਰ ਹਡਾਣਾ ਵੱਲੋਂ ਉਨ੍ਹਾਂ ਨੂੰ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਕੋਲ ਮਿਲੀ ਹੋਈ ਕੋਠੀ 'ਤੇ ਕਬਜ਼ਾ ਹਾਲੇ ਵੀ ਬਰਕਰਾਰ ਹੈ ਅਤੇ ਉਨ੍ਹਾਂ ਦੀ ਰਿਹਾਇਸ਼ ਵੱਲ ਜਾਂਦੇ ਰਸਤੇ ਸੰਬੰਧੀ ਖੰਡਾ ਚੌਂਕ ਦੇ ਬਿਲਕੁੱਲ ਵਿਚਕਾਰ ਲੱਗਾ ਹੋਇਆ ਸਾਈਨ ਬੋਰਡ ਆਮ ਆਦਮੀ ਪਾਰਟੀ ਦੀ ਈਮਾਨਦਾਰੀ ਦਾ ਮੂੰਹ ਚਿੜਾਉਂਦਾ ਪ੍ਰਤੀਤ ਹੁੰਦਾ ਹੈ। ਭਾਵੇਂ ਕਿ ਇਸ ਸੰਬੰਧੀ ਧਾਰਮਿਕ ਬਿਰਤੀ ਵਾਲੇ ਲੋਕ ਧਾਰਮਿਕ ਆਸਥਾ ਦੇ ਪ੍ਰਤੀਕ ਖੰਡਾ ਚੌਂਕ ਦੇ ਥੜ੍ਹੇ 'ਤੇ ਕਿਸੇ ਰਾਜਨੀਤਿਕ ਵਿਅਕਤੀ ਦੇ ਨਾਮ ਦਾ ਬੋਰਡ ਲੱਗਣ ਸੰਬੰਧੀ ਵੀ ਇਤਰਾਜ਼ ਪ੍ਰਗਟ ਕਰ ਚੁੱਕੇ ਹਨ, ਪਰ ਸਰਕਾਰ ਦੇ ਕੰਨ੍ਹਾਂ 'ਤੇ ਜੂੰ ਨਹੀਂ ਸਰਕੀ। ਹੁਣ ਜਦੋਂਕਿ ਹਡਾਣਾ ਕੋਲ ਕੋਈ ਸਰਕਾਰੀ ਆਹੁਦਾ ਵੀ ਨਹੀਂ ਤੇ ਫਿਰ ਵੀ ਸਰਕਾਰੀ ਕੋਠੀ ਵਿਚ ਰੱਖੀ ਹੋਈ ਰਿਹਾਇਸ਼ ਸਵਾਲਾਂ ਦੇ ਘੇਰੇ ਵਿਚ ਹੈ। ਜਿਕਰਯੋਗ ਹੈ ਕਿ ਬੋਰਡ ਲਗਾਉਣ ਵਾਲਾ ਖੇਤਰ ਪ੍ਰੋਵਿੰਸ਼ੀਅਲ ਡਵੀਜਨ ਨੰਬਰ 1 ਅਧੀਨ ਪੈਂਦਾ ਹੈ। ਇਸ ਤੋਂ ਇਲਾਵਾ ਜਿਲ੍ਹਾ ਯੋਜਨਾ ਬੋਰਡ ਦੇ ਦਫਤਰ ਨੂੰ ਜਾਣ ਵਾਲੇ ਰਸਤੇ ਵਿਚ ਜੇਲ੍ਹ ਰੋਡ ਲੱਗਿਆ ਜੱਸੀ ਸੋਹੀਆਂ ਵਾਲਾ ਚੇਅਰਮੈਨ ਦੇ ਨਾਮ ਦਾ ਬੋਰਡ ਵੀ ਗਲਤ ਜਾਣਕਾਰੀ ਦਿੰਦਾ ਪ੍ਰਤੀਤ ਹੁੰਦਾ ਹੈ, ਜਦੋਂਕਿ ਜੱਸੀ ਚੇਅਰਮੈਨ ਨੂੰ ਬਦਲੇ ਨੂੰ ਵੀ ਕਰੀਬ ਤਿੰਨ ਮਹੀਨੇ ਦਾ ਸਮਾਂ ਬੀਤ ਚੁੱਕਾ ਹੈ। ਭਾਵੇਂਕਿ ਜਿਲ੍ਹਾ ਯੋਜਨਾ ਬੋਰਡ ਦੇ ਨਵੇਂ ਚੇਅਰਮੈਨ ਨੇ ਵੀ ਆਹੁਦਾ ਸੰਭਾਲ ਲਿਆ ਹੈ, ਪਰ ਫਿਰ ਅਧਿਕਾਰੀਆਂ ਦੀ ਨਾਲਾਇਕੀ ਕਾਰਨ ਪੁਰਾਣੇ ਬੋਰਡ ਜਿਉਂ ਦੀ ਤਿਉਂ ਹੀ ਲੱਗੇ ਹੋਏ। ਦੱਸਣਯੋਗ ਹੈ ਕਿ ਸਰਕਾਰ ਦੇ ਖਜਾਨੇ ਵਿਚੋਂ ਇਹ ਅਧਿਕਾਰੀ ਲੱਖਾਂ ਰੁਪਏ ਪ੍ਰਤੀ ਮਹੀਨਾ ਤਨਖਾਹਾਂ ਵਸੂਲਣ ਦੇ ਬਾਵਜੂਦ ਵੀ ਅਜਿਹੀਆਂ ਗੱਲਾਂ ਨੂੰ ਅਣਗੌਲਿਆਂ ਕਰਕੇ ਸ਼ਹਿਰੀਆਂ ਨਾਲ ਭੱਦਾ ਮਜ਼ਾਕ ਕਰਦੇ ਦਿਖਾਈ ਦੇ ਰਹੇ ਹਨ।




1: ਪਾਸੀ ਰੋਡ 'ਤੇ ਭਗੌੜਾ ਕਰਾਰ ਦਿੱਤੇ ਹੋਏ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ, ਖੰਡਾ ਚੌਂਕ 'ਤੇ ਲੱਗਾ ਹੋਇਆ ਸਾਬਕਾ ਚੇਅਰਮੈਨ ਰਣਜੋਧ ਸਿੰਘ ਹਡਾਣਾ ਦੇ ਨਾਮ ਦਾ ਸਾਈਨ ਬੋਰਡ ਅਤੇ ਜੇਲ੍ਹ ਰੋਡ 'ਤੇ ਲੱਗਾ ਜੱਸੀ ਸੋਹੀਆਂ ਵਾਲਾ ਦੇ ਨਾਮ ਦਾ ਸਾਈਨ ਬੋਰਡ ਪੀ. ਡਬਲਿਯੂ. ਡੀ./ਬੀ ਐਂਡ ਆਰ. ਅਧਿਕਾਰੀਆਂ ਦੀ ਨਾਲਾਇਕੀ ਪੇਸ਼ ਕਰਦੇ ਹੋਏ।

**ਸਾਈਨ ਬੋਰਡ ਲਗਵਾਉਣਾ ਤੇ ਹਟਾਉਣਾ ਕਿਸੇ ਦੀ ਜਿਮੇਵਾਰੀ ?**

ਸਰਕਾਰੀ ਆਹੁਦਿਆਂ 'ਤੇ ਬੈਠਣ ਅਤੇ ਫਾਰਗ ਹੋਣ ਦੀ ਸੂਰਤ ਵਿਚ ਉਨ੍ਹਾਂ ਵਿਅਕਤੀਆਂ ਦੇ ਨਾਮ ਦੇ ਬੋਰਡ ਲਗਾਉਣ ਅਤੇ ਹਟਾਉਣ ਦੀ ਜਿਮੇਵਾਰੀ ਪ੍ਰੋਵਿੰਸ਼ੀਅਲ ਡਵੀਜਨ ਨੰਬਰ 1 ਦੇ ਐਕਸੀਅਨ ਪੀ. ਡਬਲਿਯੂ. ਡੀ./ਬੀ. ਐਂਡ ਆਰ. ਦੀ ਬਣਦੀ ਹੈ। ਬੋਰਡ ਬਣਾਉਣ ਦਾ ਖਰਚਾ ਵੀ ਸਰਕਾਰ ਦੇ ਖਜਾਨੇ ਵਿਚੋਂ ਅਦਾ ਕੀਤਾ ਜਾਂਦਾ ਹੈ, ਜਿਸ ਦਾ ਸਿੱਧਾ ਬੋਝ ਜਨਤਾ ਦੀ ਜੇਬ 'ਤੇ ਪੈਂਦਾ ਹੈ। ਪਰ ਸਰਕਾਰਾਂ ਆਪਣੀ ਪਾਰਟੀ ਦੀ ਸ਼ਾਖ ਨੂੰ ਮਜ਼ਬੂਤ ਬਣਾਉਣ ਲਈ ਝੱਟ-ਪੱਟ ਨਵੇਂ ਵਿਅਕਤੀਆਂ ਨੂੰ ਸਰਕਾਰੀ ਆਹੁਦਿਆਂ ਤੇ ਬਿਠਾ ਦਿੰਦੇ ਹਨ ਤੇ ਉਪਰਲੇ ਖਰਚੇ ਖਜਾਨੇ 'ਤੇ ਪੈਣਾ ਸੁਭਾਵਿਕ ਹੁੰਦਾ ਹੈ, ਪਰ ਲੱਗੇ ਹੋਏ ਬੋਰਡ ਆਮ ਜਨਤਾ ਨੂੰ ਮਾਨਸਿਕ ਤੌਰ 'ਤੇ ਜਿਥੇ ਪ੍ਰੇਸ਼ਾਨ ਕਰਦੇ ਹਨ ਅਤੇ ਉਥੇ ਗਲਤ ਸੰਕੇਤ ਵੀ ਦਿੰਦੇ ਜਾਪਦੇ ਹਨ।

## ਸੰਪਾਦਕੀ

### ਨਫ਼ਰਤ ਦੀ ਹਨੇਰੀ 'ਚ ਰੌਸ਼ਨ ਧਰਮ ਦਾ ਦੀਪਕ

ਉੱਤਰਾਖੰਡ ਦੇ ਸ਼ਹਿਰ ਕੋਟਦਵਾਰ ਦੇ ਦੀਪਕ, ਜਿਸ ਨੂੰ ਹੁਣ ਸਮੁੱਚਾ ਦੇਸ਼ 'ਮੁਹੰਮਦ' ਦੀਪਕ ਵਜੋਂ ਜਾਣਦਾ ਹੈ, ਨਾਲ ਬੀਤੇ ਦਿਨਾਂ 'ਚ ਜੋ ਕੁਝ ਵੀ ਵਾਪਰਿਆ ਅਤੇ ਵਾਪਰ ਰਿਹਾ ਹੈ, ਉਹ ਸਾਡੇ ਦੇਸ਼ ਦੇ ਮੌਜੂਦਾ ਦੌਰ ਦੀ ਅਜਿਹੀ ਹਕੀਕਤ ਹੈ, ਜਿਸ ਨੂੰ ਦੇਖ ਕੇ ਤੁਸੀਂ ਆਪਣਾ ਮੂੰਹ ਨਹੀਂ ਮੋੜ ਸਕਦੇ। ਦੀਪਕ ਹੈ ਤਾਂ ਦੀਪਕ ਕੁਮਾਰ, ਪਰ ਉਸ ਨੂੰ ਮੁਹੰਮਦ ਦੀਪਕ ਉਦੋਂ ਬਣਨਾ ਪਿਆ ਜਦੋਂ ਬਜਰੰਗ ਦਲ ਦੇ ਕੁਝ ਨੌਜਵਾਨ ਪਾਰਕਿਨਸਨ ਦੀ ਬਿਮਾਰੀ ਤੋਂ ਪੀੜਤ ਇੱਕ ਬਜ਼ੁਰਗ ਮੁਸਲਮਾਨ ਦੀ ਦੁਕਾਨ 'ਤੇ ਹੰਗਾਮਾ ਕਰਦਿਆਂ ਉਸ ਨੂੰ ਧਮਕਾ ਰਹੇ ਸਨ ਕਿ ਉਹ ਆਪਣੀ ਦੁਕਾਨ ਦੇ ਨਾਂ ਵਿੱਚੋਂ 'ਬਾਬਾ' ਸ਼ਬਦ ਹਟਾਏ। ਇਸ ਦੁਕਾਨ ਦੇ ਬਿਲਕੁਲ ਨੇੜੇ ਆਪਣੇ ਇੱਕ ਮਿੱਤਰ ਦੀ ਦੁਕਾਨ 'ਤੇ ਬੈਠੇ ਦੀਪਕ ਨੇ ਜਦੋਂ ਇਹ ਰੌਲਾ-ਰੱਪਾ ਸੁਣਿਆ ਤਾਂ ਉਹ ਸਹਿਜ ਹੀ ਉੱਠ ਕੇ ਦੇਖਣ ਚਲਾ ਗਿਆ ਕਿ ਏਨਾ ਸ਼ੋਰ ਕਿਸ ਗੱਲ ਦਾ ਹੈ। ਹੁੱਲੜਬਾਜ਼ ਮੁੰਡੇ ਬਜ਼ੁਰਗ ਮੁਸਲਮਾਨ ਨੂੰ ਘੇਰ ਕੇ ਖੜੋਤੇ ਹੋਏ ਇਹ ਕਹਿ ਰਹੇ ਸਨ ਕਿ ਉਹ ਪਹਿਲਾਂ ਵੀ ਉਸ ਨੂੰ ਦੁਕਾਨ ਦੇ ਨਾਂ 'ਚੋਂ 'ਬਾਬਾ' ਸ਼ਬਦ ਹਟਾਉਣ ਦੀ ਚਿਤਾਵਨੀ ਦੇ ਕੇ ਗਏ ਸਨ, ਪਰ ਅਜੇ ਤੱਕ ਵੀ ਉਸ ਨੇ ਨਾਂ ਨਹੀਂ ਬਦਲਿਆ। ਦੀਪਕ ਨੇ ਦੇਖਿਆ ਕਿ ਇਨ੍ਹਾਂ ਹੁੱਲੜਬਾਜ਼ਾਂ 'ਚ ਘਿਰੇ ਉਸ ਬਜ਼ੁਰਗ ਦੇ ਹੱਥ ਕੰਬ ਰਹੇ ਸਨ ਅਤੇ ਉਹ ਘਬਰਾਇਆ ਤੇ ਸਹਿਮਿਆ ਹੋਇਆ ਸੀ। ਦੀਪਕ ਨੇ ਉਨ੍ਹਾਂ ਮੁੰਡਿਆਂ ਨਾਲ ਮੱਥਾ ਲਾਉਂਦਿਆਂ ਪੁੱਛਿਆ ਕਿ ਕੀ ਇਸ ਦੁਕਾਨ ਦਾ ਨਾਂ ਬਦਲਾਉਣ ਲਈ ਉਨ੍ਹਾਂ ਕੋਲ ਕੋਈ ਸਰਕਾਰੀ ਜਾਂ ਅਦਾਲਤੀ ਆਦੇਸ਼ ਹੈ? ਨਾਲੇ ਦੁਕਾਨ ਦਾ ਨਾਂ ਬਦਲਣ ਨਾਲ ਕਿਸੇ ਨੂੰ ਕੀ ਫ਼ਰਕ ਪਵੇਗਾ? ਦਰਅਸਲ, ਇਸ ਦੁਕਾਨ ਦਾ ਨਾਂ 'ਬਾਬਾ ਸਕੂਲ ਡਰੈੱਸ ਐਂਡ ਮੈਚਿੰਗ ਸੈਂਟਰ' ਹੈ। ਦੀਪਕ ਨੇ ਜੋ ਸਵਾਲ ਹੰਗਾਮਾ ਕਰਨ ਵਾਲੇ ਮੁੰਡਿਆਂ ਨੂੰ ਪੁੱਛੇ, ਸਹੀ ਸੋਚ ਵਾਲਾ ਕੋਈ ਵੀ ਵਿਅਕਤੀ ਇਹੋ ਸਵਾਲ ਹੀ ਪੁੱਛੇਗਾ। ਕੋਈ ਵੀ ਜਮਹੂਰੀ ਦੇਸ਼ 'ਕਿਉਂਕਿ ਮੈਨੂੰ ਇਹ ਚੰਗਾ ਨਹੀਂ ਲੱਗਦਾ' ਜਿਹੀਆਂ ਮਨਮਰਜ਼ੀਆਂ ਅਨੁਸਾਰ ਨਹੀਂ ਚੱਲ ਸਕਦਾ। ਸਾਡਾ ਦੇਸ਼ ਬਾਕਾਇਦਾ ਸੰਵਿਧਾਨ ਅਨੁਸਾਰ ਚੱਲਦਾ ਹੈ ਅਤੇ ਇਸ ਵਿੱਚ ਕਾਨੂੰਨ ਦੇ ਨਿਯਮਾਂ ਦਾ ਰਾਜ ਹੈ। ਨਿੱਜੀ ਖ਼ਾਹਿਸ਼ਾਂ ਅਨੁਸਾਰ ਦੁਕਾਨ ਦਾ ਨਾਂ ਬਦਲਾਉਣ ਦੀ ਕੋਸ਼ਿਸ਼ ਕਰਨ ਵਾਲੇ ਮੁੰਡੇ ਇਨ੍ਹਾਂ ਔਖੇ ਸਵਾਲਾਂ, ਜਿਨ੍ਹਾਂ ਦਾ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ, ਤੋਂ ਖਿੱਝ ਗਏ ਤੇ ਉਲਟਾ ਦੀਪਕ ਨੂੰ ਪੁੱਛਣ ਲੱਗੇ, "ਤੁਮ ਕੌਨ ਹੋ? ਇਸ ਕੀ ਔਲਾਦ ਹੋ? ਤੁਮ ਮੁੱਲਾ-ਕਠਮੁੱਲਾ ਹੋ?" ਜਦੋਂ ਉਹ ਵਾਰ ਵਾਰ ਪੁੱਛਣ ਲੱਗੇ ਕਿ ਉਹ ਕੌਣ ਹੈ ਤਾਂ ਦੀਪਕ ਨੇ ਉਸ ਬਜ਼ੁਰਗ ਨੂੰ ਬਚਾਉਂਦਿਆਂ ਆਖਿਆ, "ਮੈਂ ਹਾਂ 'ਮੁਹੰਮਦ' ਦੀਪਕ।" ਸਾਰੇ ਹੰਗਾਮੇ ਦੀ ਵੀਡੀਓ ਵਾਇਰਲ ਹੋਣ ਮਗਰੋਂ ਇਸੇ ਲਈ ਹੁਣ ਉਹ ਦੇਸ਼ ਭਰ 'ਚ ਮੁਹੰਮਦ ਦੀਪਕ ਵਜੋਂ ਹੀ ਜਾਣਿਆ ਜਾਂਦਾ ਹੈ।

ਆਪਣੇ ਧਰਮ ਦੀ ਆੜ ਲੈ ਕੇ ਦੂਜੇ ਧਰਮ ਨੂੰ ਨੀਵਾਂ ਦਿਖਾਉਣ ਵਾਲੇ ਹੁੜਦੰਗੀਆਂ 'ਚ ਘਿਰਿਆ ਹੋਣ ਦੇ ਬਾਵਜੂਦ ਦੀਪਕ ਦੂਜੇ ਮਜ਼ਹਬ ਦੇ ਉਸ ਬਜ਼ੁਰਗ ਦੇ ਹੱਕ 'ਚ ਡਟਿਆ ਰਿਹਾ। ਉਸ ਦਾ ਕਹਿਣਾ ਹੈ, "ਮੇਰੇ ਹਿੰਦੂ ਧਰਮ ਨੇ ਮੈਨੂੰ ਇਹੀ ਸਿਖਾਇਆ ਹੈ ਕਿ ਜਦੋਂ ਵੀ ਬੇਵੱਸ ਅਤੇ ਮਜਬੂਰ ਵਿਅਕਤੀ ਸੰਕਟ 'ਚ ਘਿਰਿਆ ਹੋਵੇ ਤਾਂ ਮੈਂ ਉਸ ਦੀ ਮਦਦ ਕਰਾਂ। ਉਸ ਦੀ ਜਾਤ-ਧਰਮ ਨਾਲ ਮੈਨੂੰ ਕੋਈ ਮਤਲਬ ਨਹੀਂ। ਮੇਰੇ ਲਈ ਉਹ ਬਜ਼ੁਰਗ ਇੱਕ ਬੇਵੱਸ ਇਨਸਾਨ ਸੀ, ਜਿਸ ਨੂੰ ਉਸ ਮੌਕੇ ਮੇਰੀ ਮਦਦ ਦੀ ਲੋੜ ਸੀ ਅਤੇ ਮੈਂ ਆਪਣੇ ਧਰਮ ਦੀ ਇਨਸਾਨੀਅਤ ਦੀ ਸਿੱਖਿਆ ਅਨੁਸਾਰ ਹੀ ਉਸ ਦੀ ਮਦਦ ਕੀਤੀ।"

ਦੀਪਕ ਨੇ ਆਪਣੇ ਧਰਮ ਦੀ ਸਿੱਖਿਆ ਅਨੁਸਾਰ ਉਸ ਬਜ਼ੁਰਗ ਮੁਸਲਮਾਨ ਦੀ ਮਦਦ ਕੀਤੀ। ਉਸ ਦਾ ਇਹ ਕਦਮ ਹਿੰਦੂ ਧਰਮ 'ਚ ਆਸਥਾ ਰੱਖਣ ਵਾਲੇ ਹਰ ਵਿਅਕਤੀ ਲਈ ਮਾਣ ਵਾਲੀ ਗੱਲ ਹੈ, ਪਰ ਅਜੇ ਤਾਂ ਉਸ ਨੂੰ ਆਪਣੇ ਧਰਮ ਦੀ ਸਿੱਖਿਆ ਨੂੰ ਜੀਵਨ ਵਿੱਚ ਅਮਲੀ ਰੂਪ 'ਚ ਅਪਣਾਉਣ ਲਈ ਸਬਕ ਸਿਖਾਇਆ ਜਾਣਾ ਸੀ। ਹੁੜਦੰਗੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਵੱਲੋਂ ਉਸ ਖ਼ਿਲਾਫ਼ ਫੈਲਾਈ ਗਈ ਨਫ਼ਰਤ ਦੀ ਹਨੇਰੀ 'ਚ ਉਸ ਨੂੰ ਮੁੱਲਾ, ਕਠਮੁੱਲਾ ਅਤੇ ਹੋਰ ਪਤਾ ਨਹੀਂ ਕੀ ਕੀ ਕਿਹਾ ਗਿਆ। ਉਸ ਨੂੰ ਇਹ ਵੀ ਕਿਹਾ ਗਿਆ ਕਿ ਜੇਕਰ ਉਸ ਨੂੰ ਉਸ ਬਜ਼ੁਰਗ ਨਾਲ ਏਨੀ ਹੀ ਹਮਦਰਦੀ ਹੈ ਤਾਂ ਉਹ ਆਪਣਾ ਧਰਮ ਪਰਿਵਰਤਨ ਕਰ ਲਵੇ। ਐਲਾਨੀਆ ਤੌਰ 'ਤੇ ਉਸ ਦਾ ਵਿਰੋਧ ਕਰਨ ਲਈ ਬਜਰੰਗ ਦਲ ਦੇ ਹੁੜਦੰਗੀਆਂ ਨੇ ਉਸ ਦੇ ਜਿਮ ਮੂਹਰੇ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਅਤੇ ਮਿੱਥੇ ਦਿਨ ਉੱਥੇ ਪਹੁੰਚ ਕੇ ਬਹੁਤ ਹੰਗਾਮਾ ਕੀਤਾ। ਦੀਪਕ ਵੱਲੋਂ ਬਾਕਾਇਦਾ ਪਹਿਲਾਂ ਹੀ ਪੁਲਿਸ ਨੂੰ ਸੂਚਿਤ ਕੀਤੇ ਜਾਣ ਦੇ ਬਾਵਜੂਦ ਇਹ ਹੁੱਲੜਬਾਜ਼ ਗੱਡੀਆਂ 'ਤੇ ਆਏ। ਹੈਰਾਨੀ ਦੀ ਗੱਲ ਇਹ ਹੈ ਕਿ ਪੁਲਿਸ ਦੀ ਗੱਡੀ ਵੀ ਹੁੱਲੜਬਾਜ਼ਾਂ ਦੀਆਂ ਗੱਡੀਆਂ ਦੇ ਅੱਗੇ ਅੱਗੇ ਜਾ ਰਹੀ ਸੀ, ਪਰ ਕਿਸੇ ਨੇ ਇਨ੍ਹਾਂ ਨੂੰ ਰੋਕਿਆ ਨਹੀਂ। ਹੁੜਦੰਗੀਆਂ ਨੇ ਆਪਣਾ ਸਾਰਾ ਧਿਆਨ ਦੀਪਕ 'ਤੇ ਇਸ ਲਈ ਕੇਂਦਰਤ ਕੀਤਾ ਤਾਂ ਜੋ ਉਨ੍ਹਾਂ ਦੇ ਭਵਿੱਖ ਦੇ ਮਨਸੂਬਿਆਂ ਨੂੰ ਨੇਪਰੇ ਚਾੜ੍ਹਨ ਦੇ ਅਮਲ ਨੂੰ ਰੋਕਣ ਲਈ ਦੀਪਕ ਵਰਗਾ ਕੋਈ ਹੋਰ ਇਨਸਾਨ ਅੱਗੇ ਨਾ ਆਵੇ। ਉਨ੍ਹਾਂ ਲਈ ਸਭ ਤੋਂ ਪਹਿਲਾਂ ਅਜਿਹੇ ਲੋਕਾਂ ਦਾ 'ਇਲਾਜ' ਕਰਨਾ ਜ਼ਰੂਰੀ ਹੈ, ਜਿਹੜੇ ਹਰ ਵੇਲੇ ਸਨਾਤਨ ਦੀ ਇਨਸਾਨੀਅਤ ਦੀ ਸਿੱਖਿਆ ਨੂੰ ਜੀਵਨ 'ਚ ਅਪਣਾਉਂਦੇ ਤੇ ਇਸ 'ਤੇ ਅਮਲ ਕਰਦੇ ਹਨ।

ਪੁਲਿਸ ਨੇ ਵੀ ਇਨ੍ਹਾਂ ਹੁੜਦੰਗੀਆਂ ਖ਼ਿਲਾਫ਼ ਜਿਹੜੀ ਐਫ ਆਈ ਆਰ ਦਰਜ ਕੀਤੀ, ਉਹ 'ਅਗਿਆਤ' ਵਿਅਕਤੀਆਂ ਖ਼ਿਲਾਫ਼ ਸੀ ਹਾਲਾਂਕਿ ਉਹ ਬਾਕਾਇਦਾ ਵੀਡੀਓ ਜਾਰੀ ਕਰ ਕੇ ਦੀਪਕ ਦੇ ਜਿਮ ਮੂਹਰੇ ਪ੍ਰਦਰਸ਼ਨ ਕਰਨ ਆਏ ਸਨ, ਪਰ ਕਾਫ਼ਲੇ ਮੂਹਰੇ ਚੱਲਦਿਆਂ ਕਮਜ਼ੋਰ ਨਜ਼ਰ ਪੁਲਿਸ ਨਾ ਤਾਂ ਉਨ੍ਹਾਂ ਦੇ ਚਿਹਰੇ ਚੰਗੀ ਤਰ੍ਹਾਂ ਦੇਖ ਸਕੀ, ਨਾ ਪਛਾਣ ਸਕੀ ਅਤੇ ਨਾ ਹੀ ਯਾਦ ਰੱਖ ਸਕੀ। ਹਾਂ, ਦੀਪਕ ਦੇ ਚਿਹਰੇ ਦਾ ਹਰ ਨਕਸ਼ ਉਨ੍ਹਾਂ ਨੂੰ ਯਾਦ ਸੀ ਅਤੇ ਫਿਰ ਐਫ ਆਈ ਆਰ ਵੀ ਬਾਕਾਇਦਾ ਦੀਪਕ ਖ਼ਿਲਾਫ਼ ਹੀ ਕੱਟੀ ਗਈ ਅਤੇ ਕੱਟੀ ਵੀ ਮਾਰਕੁੱਟ ਤੇ ਸ਼ਾਂਤੀ ਭੰਗ ਕਰਨ ਦੇ ਦੋਸ਼ ਹੇਠ। ਹਾਲਾਂਕਿ ਦੀਪਕ ਉਸ ਵੇਲੇ ਆਪਣੇ ਜਿਮ ਵਿੱਚ ਇਕੱਲਾ ਸੀ ਜਦੋਂ ਬਾਹਰ ਖੜ੍ਹੇ ਸੌ ਕੁ-ਡੇਢ ਸੌ ਵਿਅਕਤੀ ਉਸ ਨੂੰ ਗਾਲ੍ਹਾਂ ਦਿੰਦਿਆਂ ਹੋਰ ਅਪਸ਼ਬਦ ਬੋਲ ਰਹੇ ਸਨ।

ਦੀਪਕ ਨੂੰ ਉਸ ਬਜ਼ੁਰਗ ਦੀ ਮਦਦ ਕਰਨ ਕਰਕੇ ਅੱਜ ਦੇਸ਼ ਭਰ ਦੇ ਲੋਕਾਂ ਵੱਲੋਂ ਬਹੁਤ ਹੀ ਵਡਿਆਇਆ ਜਾ ਰਿਹਾ ਹੈ। ਕਿਸੇ ਟੀ ਵੀ ਚੈਨਲ ਦਾ ਪੱਤਰਕਾਰ ਜਦੋਂ ਉੱਥੇ ਦੇ ਆਮ ਲੋਕਾਂ ਤੋਂ ਇਸ ਘਟਨਾ ਬਾਰੇ ਪ੍ਰਤੀਕਰਮ ਪੁੱਛ ਰਿਹਾ ਸੀ ਤਾਂ ਇੱਕ ਸਥਾਨਕ ਵਿਅਕਤੀ ਨੇ ਪੱਤਰਕਾਰ ਨੂੰ ਹੀ ਸਵਾਲ ਪੁੱਛਿਆ ਕਿ ਬਜਰੰਗ ਦਲ ਵਾਲੇ ਦੀਪਕ ਦੇ ਜਿਮ ਮੂਹਰੇ ਤਾਂ ਪ੍ਰਦਰਸ਼ਨ ਕਰਨ ਆ ਗਏ ਅਤੇ ਉਸ ਨੂੰ ਤਾਂ ਬਜ਼ੁਰਗ ਦੀ ਮਦਦ ਕਰਨ ਲਈ ਗਾਲ੍ਹਾਂ ਕੱਢ ਰਹੇ ਹਨ ਪਰ ਅੰਕਿਤਾ ਭੰਡਾਰੀ, ਜੋ ਸਾਡੀ ਸਭ ਦੀ ਭੈਣ ਹੈ, ਦੀ ਪੱਤ ਰੋਲਣ, ਬਲਾਤਕਾਰ ਕਰ ਕੇ ਉਸ ਦੀ ਹੱਤਿਆ ਕਰਨ ਵਾਲਿਆਂ ਖ਼ਿਲਾਫ਼ ਉਨ੍ਹਾਂ ਦਾ ਖ਼ੂਨ ਕਿਉਂ ਨਹੀਂ ਖੌਲਦਾ? ਉਹ ਜਿਸ ਹਿੰਦੂ ਧਰਮ ਦੀ ਵਾਰ ਵਾਰ ਦੁਹਾਈ ਦੇ ਰਹੇ ਹਨ, ਕੀ ਉੱਤਰਾਖੰਡ ਦੀ ਅੰਕਿਤਾ ਇਨ੍ਹਾਂ ਦੀ ਹਿੰਦੂ ਭੈਣ ਨਹੀਂ ਸੀ? ਉਸ ਭੈਣ ਲਈ ਇਨਸਾਫ਼ ਵਾਸਤੇ ਤਾਂ ਰੋਸ ਪ੍ਰਦਰਸ਼ਨ ਲਈ ਇਨ੍ਹਾਂ ਕੋਈ ਕਾਫ਼ਲਾ ਨਹੀਂ ਬੰਨ੍ਹਿਆ ਅਤੇ ਨਾ ਹੀ ਉਨ੍ਹਾਂ ਕਥਿਤ ਬਲਾਤਕਾਰੀਆਂ ਦੇ ਘਰਾਂ ਅੱਗੇ ਰੋਸ ਮੁਜ਼ਾਹਰੇ ਕੀਤੇ ਹਨ। ਕੋਟਦਵਾਰ ਦੇ ਲੋਕ ਅਤੇ ਵਪਾਰ ਮੰਡਲ ਦੇ ਅਹੁਦੇਦਾਰ ਸਾਰੇ ਹੀ ਮੁਸਲਿਮ ਬਜ਼ੁਰਗ ਅਤੇ ਦੀਪਕ ਦੇ ਹੱਕ 'ਚ ਆ ਖੜ੍ਹੇ ਹੋਏ ਹਨ। ਆਮ ਲੋਕਾਂ ਨੇ ਸੋਸ਼ਲ ਮੀਡੀਆ 'ਤੇ ਵੀ ਇਨ੍ਹਾਂ ਹੁੜਦੰਗੀਆਂ ਖ਼ਿਲਾਫ਼ ਖ਼ੂਬ ਭੜਾਸ ਕੱਢੀ ਹੈ। ਕੋਟਦਵਾਰ ਦੇ ਲੋਕਾਂ ਨੂੰ ਲੱਗਦਾ ਹੈ ਕਿ ਅਜਿਹੇ ਅਨਸਰ ਇੱਥੋਂ ਦੇ ਸ਼ਾਂਤ ਮਾਹੌਲ ਨੂੰ ਭੰਗ ਕਰਨਾ ਚਾਹੁੰਦੇ ਹਨ ਅਤੇ ਦੋਹਾਂ ਭਾਈਚਾਰਿਆਂ 'ਚ ਫ਼ਿਰਕੂ ਤਣਾਅ ਪੈਦਾ ਕਰਨਾ ਚਾਹੁੰਦੇ ਹਨ।

ਖ਼ੈਰ, ਇਸ ਸੂਬੇ 'ਚ ਅਗਲੇ ਸਾਲ ਚੋਣਾਂ ਹੋਣ ਵਾਲੀਆਂ ਹਨ। ਬੇਰੁਜ਼ਗਾਰੀ, ਸਿੱਖਿਆ ਤੇ ਸਿਹਤ ਸਹੂਲਤਾਂ ਨਾਲ ਜੁੜੇ ਵੱਡੇ ਸਵਾਲਾਂ ਦੇ ਜਵਾਬ 'ਚ ਅਸੀਂ ਵੋਟਾਂ ਦੀ ਭਰਵੀਂ ਫ਼ਸਲ ਕੱਟਣ ਲਈ ਸਫਲਤਾ ਨਾਲ ਅਜ਼ਮਾਏ ਜਾ ਚੁੱਕੇ ਫ਼ਿਰਕੂ ਨੁਸਖ਼ੇ ਹੁਣ ਲਗਾਤਾਰ ਵਰਤਣੇ ਸ਼ੁਰੂ ਕਰ ਦਿੱਤੇ ਹਨ। ਆਮ ਲੋਕਾਂ ਦੀ ਭਲਾਈ ਦੇ ਲੰਮੇ ਰਾਹ ਤੁਰਨ ਦੀ ਥਾਂ ਸੌਖਾ ਫ਼ਿਰਕੂ ਰਾਹ ਅੱਜ ਦੀ ਸਿਆਸਤ ਨੂੰ ਵਾਰਾ ਖਾਣ ਲੱਗਾ ਹੈ। ਇਹ ਹਜੂਮ ਜਿਸ ਵੇਲੇ ਦੀਪਕ ਦੇ ਜਿਮ ਮੂਹਰੇ ਖੜ੍ਹਾ ਹੋ ਕੇ ਉਸ ਨੂੰ ਮਾਂ-ਭੈਣ ਦੀਆਂ ਗਾਲ੍ਹਾਂ ਕੱਢ ਰਿਹਾ ਸੀ, ਉਸ ਵੇਲੇ ਉਸ ਦੀ ਮਾਂ ਵੀ ਹਾਜ਼ਰ ਸੀ, ਜੋ ਉੱਥੇ ਆਪਣੇ ਪੁੱਤਰ ਦੀ ਫ਼ਿਕਰ 'ਚ ਆਈ ਸੀ। ਦੀਪਕ ਦੀਆਂ ਅੱਖਾਂ 'ਚ ਅੱਥਰੂ ਸਨ ਕਿ ਧਰਮ ਦੇ ਰਾਹ 'ਤੇ ਚਲਦਿਆਂ ਉਸ ਵੱਲੋਂ ਇੱਕ ਵਿਅਕਤੀ ਦੀ ਮਦਦ ਕਰਨ ਕਰਕੇ ਉਸ ਦੀ ਮਾਂ ਨੂੰ ਇਹੋ ਜਿਹੇ ਗਲੀਜ਼ ਸ਼ਬਦ ਸੁਣਨੇ ਪੈ ਰਹੇ ਹਨ। ਜਿਨ੍ਹਾਂ ਲੋਕਾਂ ਨੂੰ ਧੀਆਂ-ਭੈਣਾਂ ਦੀ ਇੱਜ਼ਤ ਦਾ ਖ਼ਿਆਲ ਨਹੀਂ, ਕੀ ਅਜਿਹੇ ਲੋਕ ਸਨਾਤਨ ਦਾ ਮਾਣ ਵਧਾਉਣਗੇ?

ਨਫ਼ਰਤ ਦੀ ਇਸ ਹਨੇਰੀ ਵਿੱਚ ਦੀਪਕ ਵੱਲੋਂ ਦਿੱਤਾ ਗਿਆ ਸਨਾਤਨ ਦਾ ਅਸਲ ਸੁਨੇਹਾ ਦੇਸ਼ ਵਿੱਚ ਦੂਰ ਦੂਰ ਤੱਕ ਫੈਲ ਗਿਆ ਹੈ। ਉਸ ਨੂੰ ਵੱਖ ਵੱਖ ਥਾਵਾਂ ਤੋਂ ਲੋਕ ਫ਼ੋਨ, ਮੈਸੇਜ ਕਰ ਕੇ ਅਤੇ ਸੋਸ਼ਲ ਮੀਡੀਆ 'ਤੇ ਉਸ ਦੀ ਪ੍ਰਸ਼ੰਸਾ ਕਰ ਰਹੇ ਹਨ। ਦੀਪਕ ਨੂੰ ਲੱਗਦਾ ਹੈ ਕਿ ਉਸ ਨੇ ਇਹ ਕੋਈ ਵੱਡਾ ਕੰਮ ਨਹੀਂ ਕੀਤਾ। ਕਿਸੇ ਬਜ਼ੁਰਗ ਨੂੰ ਅਜਿਹੀ ਸਥਿਤੀ ਵਿੱਚ ਦੇਖ ਕੇ ਕੋਈ ਵੀ ਅਜਿਹਾ ਹੀ ਕਰੇਗਾ।

## ਧੰਨਾ ਭਗਤ ਬਿਰਧ ਆਸ਼ਰਮ ਵਿੱਚ ਆਰਐਸਐਸ ਦੇ 100 ਸਾਲ ਪੂਰੇ ਹੋਣ ਮੌਕੇ ਵਿਸ਼ਾਲ ਧਰਮ ਸੰਮੇਲਨ ਆਯੋਜਿਤ




**ਮਿਰਜਾਪੁਰ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵਰਾਤਰੀ ਦੇ ਪਾਵਨ ਮੌਕੇ 'ਤੇ ਰਾਸ਼ਟਰੀ ਸਵੈ ਸੇਵਕ ਸੰਘ (ਆਰਐਸਐਸ) ਦੇ 100 ਸਾਲ ਪੂਰੇ ਹੋਣ ਦੇ ਉਪਲੱਖ ਵਿੱਚ ਧੰਨਾ ਭਗਤ ਬਿਰਧ ਆਸ਼ਰਮ, ਮਿਰਜਾਪੁਰ ਵਿੱਚ ਇੱਕ ਵਿਸ਼ਾਲ ਧਰਮ ਸੰਮੇਲਨ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਸ਼ਹਿਰ ਅਤੇ ਨੇੜਲੇ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਸੰਗਤ ਅਤੇ ਸਮਾਜ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਨੇ ਹਾਜ਼ਰੀ ਭਰ ਕੇ ਸਮਾਜਿਕ ਏਕਤਾ, ਸੇਵਾ ਭਾਵਨਾ ਅਤੇ ਰਾਸ਼ਟਰ ਸੇਵਾ ਦਾ ਸੰਦੇਸ਼ ਦਿੱਤਾ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਰਜਿੰਦਰ ਕੁਮਾਰ, ਮਨਮੋਹਨ, ਵਰਿੰਦਰ ਗੁਪਤਾ, ਵਿਸ਼ਾਲ ਬੰਸਲ (ਸੀਏ) ਅਤੇ ਕਿਰਨ ਹੰਸ ਸਮੇਤ ਸੰਘ ਪਰਿਵਾਰ ਦੇ ਪਤਵੰਤੇ ਪਹੁੰਚੇ। ਇਸ ਤੋਂ ਇਲਾਵਾ ਵਰਿੰਦਰ ਗੁਪਤਾ ਅਤੇ ਜਰਨੈਲ ਸਿੰਘ ਅਲੀਪੁਰ ਵੱਲੋਂ ਵੀ ਆਪਣੇ ਵਿਚਾਰ ਸਾਂਝੇ ਕੀਤੇ ਗਏ। ਵਕਤਾਵਾਂ ਨੇ ਆਰਐਸਐਸ ਵੱਲੋਂ ਪਿਛਲੇ 100 ਸਾਲਾਂ ਦੌਰਾਨ ਕੀਤੀਆਂ ਗਈਆਂ ਸਮਾਜ ਸੇਵਾ ਗਤੀਵਿਧੀਆਂ, ਸਿੱਖਿਆ, ਸਿਹਤ, ਪ੍ਰਾਕ੍ਰਿਤਕ ਆਫ਼ਤਾਂ ਦੌਰਾਨ ਰਾਹਤ ਕਾਰਜਾਂ ਅਤੇ ਰਾਸ਼ਟਰੀ ਚੇਤਨਾ ਨੂੰ ਮਜ਼ਬੂਤ ਕਰਨ ਲਈ ਕੀਤੇ ਯਤਨਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਵਕਤਾਵਾਂ ਨੇ ਕਿਹਾ ਕਿ ਸੰਘ ਪਿਛਲੇ ਇੱਕ ਸਦੀ ਤੋਂ ਨਿਸ਼ਕਾਮ ਭਾਵ ਨਾਲ ਰਾਸ਼ਟਰ ਅਤੇ ਸਮਾਜ ਦੀ ਸੇਵਾ ਕਰਦਾ ਆ ਰਿਹਾ ਹੈ। ਉਨ੍ਹਾਂ ਨੇ ਸ਼ਹਿਰ ਅਤੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਵੈਸੇਵਕ ਵਜੋਂ ਸੰਘ ਨਾਲ ਜੁੜ ਕੇ ਆਉਣ ਵਾਲੇ ਸਮੇਂ ਵਿੱਚ ਸਮਾਜ ਨੂੰ ਹੋਰ ਮਜ਼ਬੂਤ ਅਤੇ ਸੁਸੰਸਕ੍ਰਿਤ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।

ਆਏ ਹੋਏ ਮਹਿਮਾਨਾਂ ਦਾ ਸਵਾਗਤ ਸਪਨਾ ਸਿੰਘ ਅਤੇ ਰਜਿੰਦਰ ਕੌਰ ਵੱਲੋਂ ਕੀਤਾ ਗਿਆ। ਸਮਾਗਮ ਦੀ ਸਾਰੀ ਯੋਜਨਾ ਅਤੇ ਪ੍ਰਬੰਧਨਾ ਗੁਰਸੇਵਕ ਸਿੰਘ ਨੌਲੱਖਾ ਦੀ ਦੇਖਰੇਖ ਹੇਠ ਕੀਤੀ ਗਈ। ਉਨ੍ਹਾਂ ਵੱਲੋਂ ਮਹਿਮਾਨਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਲੰਗਰ ਅਤੇ ਹੋਰ ਸਹੂਲਤਾਂ ਦਾ ਵੀ ਉਤਕ੍ਰਿਸ਼ਟ ਪ੍ਰਬੰਧ ਕੀਤਾ ਗਿਆ, ਜਿਸ ਦੀ ਹਾਜ਼ਰ ਸੰਗਤ ਵੱਲੋਂ ਖੂਬ ਪ੍ਰਸ਼ੰਸਾ ਕੀਤੀ ਗਈ।

ਇਸ ਮੌਕੇ ਇੱਕ ਹੋਰ ਇਤਿਹਾਸਕ ਅਤੇ ਯਾਦਗਾਰ ਪਲ ਉਸ ਸਮੇਂ ਬਣਿਆ ਜਦੋਂ ਧੰਨਾ ਭਗਤ ਪੂਜਾ ਘਰ, ਮਿਰਜਾਪੁਰ ਸਥਿਤ ਅਰਧ ਨਾਗੇਸ਼ਵਰ ਮਹਾਦੇਵ ਦੇ ਦਰਬਾਰ ਵਿੱਚ ਪਹਿਲੀ ਵਾਰ ਸ਼ਿਵਰਾਤਰੀ ਦਾ ਪਾਵਨ ਤਿਉਹਾਰ ਮਨਾਇਆ ਗਿਆ। ਇਸ ਧਾਰਮਿਕ ਆਯੋਜਨ ਨੇ ਸੰਗਤ ਵਿੱਚ ਭਗਤੀਮਈ ਮਾਹੌਲ ਪੈਦਾ ਕਰ ਦਿੱਤਾ।

ਕੁੱਲ ਮਿਲਾ ਕੇ ਇਹ ਧਰਮ ਸੰਮੇਲਨ ਨਾ ਸਿਰਫ਼ ਆਰਐਸਐਸ ਦੀਆਂ ਸੌ ਸਾਲਾ ਸੇਵਾਵਾਂ ਨੂੰ ਯਾਦਗਾਰ ਬਣਾਉਣ ਵਿੱਚ ਸਫਲ ਰਿਹਾ, ਸਗੋਂ ਸਮਾਜਿਕ ਸਾਂਝ, ਸੇਵਾ ਭਾਵਨਾ ਅਤੇ ਰਾਸ਼ਟਰੀ ਚੇਤਨਾ ਨੂੰ ਹੋਰ ਮਜ਼ਬੂਤ ਕਰਨ ਦਾ ਪ੍ਰਭਾਵਸ਼ਾਲੀ ਸੰਦੇਸ਼ ਵੀ ਦੇ ਗਿਆ।

## ਵਿਧਾਇਕ ਸ਼ੈਰੀ ਕਲਸੀ ਨੇ ਵਾਰਡ ਨੰਬਰ 45 ਵਿਖੇ ਵਿਕਾਸ ਕਾਰਜਾਂ ਦਾ ਰੱਖਿਆ ਨੀਂਹ ਪੱਥਰ



**ਬਟਾਲਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਟਾਲਾ ਸ਼ਹਿਰ ਅੰਦਰ ਵਿਕਾਸ ਪੱਖੋਂ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਸ਼ਹਿਰ ਵਾਸੀਆਂ ਦੀਆਂ ਲੰਮੇ ਸਮੇਂ ਤੋਂ ਲਮਕਦੀਆਂ ਮੰਗਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਵਾਰਡ ਨੰਬਰ 45 ਵਿਖੇ ਵਾਰਡ ਵਾਸੀਆਂ ਦੀ ਮੌਜੂਦਗੀ ਵਿਖੇ ਗਲੀ ਬਣਾਉਣ ਦਾ ਕੰਮ ਸ਼ੁਰੂ ਕਰਨ ਉਪਰੰਤ ਕੀਤਾ।

ਵਿਧਾਇਕ ਸ਼ੈਰੀ ਕਲਸੀ ਨੇ ਵਾਰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹਿਰ ਵਾਸੀਆਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਪਿਛਲੇ ਕਈ ਸਾਲਾਂ ਤੋਂ ਗਲੀਆਂ ਨਾ ਬਣਨ ਕਾਰਨ ਲੋਕਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਪਰ ਹੁਣ ਉਹ ਖੁਦ ਲੋਕਾਂ ਤੱਕ ਪਹੁੰਚ ਕਰਕੇ ਉਨਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰ ਰਹੇ ਹਨ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਸ਼ਹਿਰ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਗਿਆ ਹੈ ਅਤੇ ਹੁਣ ਲੋਕਾਂ ਦੀ ਬਾਂਹ ਫੜ੍ਹਦਿਆਂ ਉਨਾਂ ਦੀਆਂ ਚਿਰੋਕਣੀਆਂ ਮੰਗਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਵੱਖ ਵੱਖ ਵਿਕਾਸ ਕਾਰਜ ਪ੍ਰਗਤੀ ਅਧੀਨ ਹਨ।

ਇਸ ਮੌਕੇ ਵਾਰਡ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਗਲੀ ਨਾ ਬਣਨ ਕਰਕੇ ਲੋਕ ਮੁਸ਼ਕਲ ਦਾ ਸਾਹਮਣਾ ਕਰ ਰਹੇ ਸਨ ਪਰ ਹੁਣ ਉਨਾਂ ਦੀ ਸਾਰ ਲਈ ਗਈ ਹੈ, ਜਿਸ ਨਾਲ ਇਥੋਂ ਦੇ ਵਾਸੀਆਂ ਨੂੰ ਵੱਡੀ ਰਾਹਤ ਮਿਲੀ ਹੈ।

## ਸੀਟੀ ਯੂਨੀਵਰਸਿਟੀ ਲਈ ਮਾਣ ਦਾ ਪਲ : ਡਾ. ਸਿਮਰਨਜੀਤ ਕੌਰ ਗਿੱਲ ਨੂੰ ਪੰਜਾਬ ਧੀਆਂ ਦਾ ਮਾਣ ਐਵਾਰਡ




**ਲੁਧਿਆਣਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਟੀ ਯੂਨੀਵਰਸਿਟੀ ਦੀ ਪ੍ਰੋ ਵਾਈਸ ਚਾਂਸਲਰ ਡਾ. ਸਿਮਰਨਜੀਤ ਕੌਰ ਗਿੱਲ ਨੂੰ 38ਵੇਂ ਮਾਡਰਨ ਰੂਰਲ ਮਿਨੀ ਓਲੰਪਿਕ ਜਰਖੜ ਸਪੋਰਟਸ ਫੈਸਟੀਵਲ 2026 ਦੌਰਾਨ ਪੰਜਾਬ ਧੀਆਂ ਦਾ ਮਾਣ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਇਹ ਸਮਾਗਮ ਜਰਖੜ ਸਟੇਡੀਅਮ ਵਿੱਚ ਆਯੋਜਿਤ ਹੋਇਆ, ਜਿਸ ਵਿੱਚ ਕਈ ਪ੍ਰਸਿੱਧ ਹਸਤੀਆਂ ਨੇ ਸ਼ਿਰਕਤ ਕੀਤੀ।

ਡਾ. ਗਿੱਲ ਨੂੰ ਉੱਚ ਸਿੱਖਿਆ ਖੇਤਰ ਵਿੱਚ ਉਨ੍ਹਾਂ ਦੇ ਵਿਸ਼ੇਸ਼ ਯੋਗਦਾਨ, ਨੌਜਵਾਨਾਂ ਖ਼ਾਸ ਕਰਕੇ ਕੁੜੀਆਂ ਦੇ ਸਸ਼ਕਤੀਕਰਨ ਲਈ ਕੀਤੇ ਜਾ ਰਹੇ ਯਤਨਾਂ ਅਤੇ ਦੂਰਅੰਦੇਸ਼ ਨੇਤ੍ਰਿਤਵ ਲਈ ਇਹ ਸਨਮਾਨ ਦਿੱਤਾ ਗਿਆ।

ਸਨਮਾਨ ਪ੍ਰਾਪਤ ਕਰਦੇ ਹੋਏ ਡਾ. ਗਿੱਲ ਨੇ ਇਹ ਐਵਾਰਡ ਪੂਰੇ ਯੂਨੀਵਰਸਿਟੀ ਪਰਿਵਾਰ ਨੂੰ ਸਮਰਪਿਤ ਕਰਦੇ ਹੋਏ ਸਿੱਖਿਆ ਵਿੱਚ ਉਤਕ੍ਰਿਸ਼ਟਤਾ, ਨਵੀਨਤਾ ਅਤੇ ਵਿਦਿਆਰਥੀਆਂ ਦੇ ਸਮੂਹਿਕ ਵਿਕਾਸ ਲਈ ਆਪਣੀ ਵਚਨਬੱਧਤਾ ਦੁਹਰਾਈ।

ਚਾਂਸਲਰ ਸਰਦਾਰ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਇਹ ਸਨਮਾਨ ਯੂਨੀਵਰਸਿਟੀ ਲਈ ਮਾਣ ਦੀ ਗੱਲ ਹੈ ਅਤੇ ਡਾ. ਗਿੱਲ ਦੀ ਲਗਨ ਸੰਸਥਾ ਦੇ ਮੁੱਲਾਂ ਨੂੰ ਦਰਸਾਉਂਦੀ ਹੈ।

## ਨਸ਼ਿਆਂ ਤੇ ਠੱਲ ਪਾਉਣ ਲਈ ਜਿਥੇ ਸਰਕਾਰ ਸਰਗਰਮ ਉਥੇ ਵੀਡੀਸੀ ਮੈਬਰਾਂ ਦੀ ਭੂਮਿਕਾ ਬੇਮਿਸਾਲ: ਨਰਿੰਦਰਪਾਲ ਸਿੰਘ ਸਵਨਾ



**ਫਾਜ਼ਿਲਕਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਮੋਗਾ ਵਿਖੇ ਆਯੋਜਿਤ ਰੈਲੀ ਵਿਚ ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰਪਾਲ ਸਿੰਘ ਸਵਨਾ ਦੀ ਅਗਵਾਈ ਹੇਠ ਵੀਡੀਸੀ ਮੈਬਰਾਂ ਨੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਰੋਕਥਾਮ ਵਿਚ ਵੀਡੀਸੀ ਮੈਬਰਾਂ ਦੀ ਭੂਮਿਕਾ ਬੇਮਿਸਾਲ ਹੈ ।

ਇਸ ਦੌਰਾਨ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਪਾਰਟੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਮੌਜੂਦਾ ਪੰਜਾਬ ਸਰਕਾਰ ਨੇ ਨਸ਼ਿਆਂ ਖਿਲਾਫ ਅਨੇਕਾਂ ਕਾਰਵਾਈਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਪਿਛਲੇ 4 ਸਾਲਾਂ ਤੋਂ ਆਮ ਆਦਮੀ ਪਾਰਟੀ ਲਗਾਤਾਰ ਨਸ਼ਿਆਂ ਦਾ ਲੱਕ ਤੋੜਨ ਲਈ ਮੈਦਾਨ ਵਿਚ ਜੁਟੀ ਹੋਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਜਿਥੇ ਨਸ਼ਾ ਤਸਕਰਾਂ ਖਿਲਾਫ ਕਾਰਵਾਈਆਂ ਕੀਤੀਆਂ ਹਨ, ਜੇਲ੍ਹਾਂ ਅੰਦਰ ਢਕਿਆ ਹੈ ਉਥੇ ਬੁਲਡੋਜਰ ਚਲਾ ਕੇ ਉਨ੍ਹਾਂ ਦੀਆਂ ਸੰਪਤੀਆਂ ਨੂੰ ਨਸ਼ਟ ਕੀਤਾ ਹੈ।

ਉਨ੍ਹਾਂ ਕਿਹਾ ਕਿ ਨਸ਼ਿਆਂ ਖਿਲਾਫ ਸਰਕਾਰ ਵੱਲੋਂ ਕੀਤੀਆਂ ਕਾਰਵਾਈਆਂ ਦੀ ਲੋਕਾਂ ਵੱਲੋਂ ਸ਼ਲਾਂਘਾ ਕੀਤੀ ਗਈ ਹੈ। ਇਸ ਤੋਂ ਇਲਾਵਾ ਸਰਕਾਰ ਦੇ ਨਾਲ ਪਿੰਡ ਸੁਰੱਖਿਆ ਕਮੇਟੀਆਂ ਵੀ ਮੋਢੇ ਨਾਲ ਮੋਢਾ ਜੋੜ ਕੇ ਖੜੀਆਂ ਹਨ ਜਿਨ੍ਹਾਂ ਦੇ ਸਹਿਯੋਗ ਸਦਕਾ ਨਸ਼ਿਆਂ ਤੇ ਠੱਲ ਪਈ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਨੌਜਵਾਨੀ ਨੂੰ ਬਚਾਉਣ ਲਈ ਉਨ੍ਹਾਂ ਕਿਹਾ ਕਿ ਸਰਕਾਰ ਨੇ ਜਿਥੇ ਨਸ਼ਾ ਤਸਕਰਾਂ ਖਿਲਾਫ ਕਾਰਵਾਈਆਂ ਕੀਤੀਆਂ ਹਨ, ਜੇਲ੍ਹਾਂ ਅੰਦਰ ਢਕਿਆ ਹੈ ਉਥੇ ਬੁਲਡੋਜਰ ਚਲਾ ਕੇ ਉਨ੍ਹਾਂ ਦੀਆਂ ਸੰਪਤੀਆਂ ਨੂੰ ਨਸ਼ਟ ਕੀਤਾ ਹੈ। ਨਸ਼ਾ ਤਸਕਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ ।

## ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਅੰਦਰ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ : ਜ਼ਿਲ੍ਹਾ ਮੈਜਿਸਟ੍ਰੇਟ



**ਬਠਿੰਡਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ ਸ੍ਰੀ ਰਾਜੇਸ਼ ਧੀਮਾਨ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਬਠਿੰਡਾ ਦੀ ਹਦੂਦ ਅੰਦਰ ਸਥਾਪਿਤ ਕੀਤੇ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਵਿੱਚ ਪੰਜ ਜਾਂ ਪੰਜ ਤੋਂ ਵੱਧ ਵਿਆਕਤੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਹੁਕਮ ਅਨੁਸਾਰ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ ਨਗਰ, (ਮੋਹਾਲੀ) ਦੇ ਪੱਤਰ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਅੱਠਵੀਂ, ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੀਆਂ ਫਰਵਰੀ/ਮਾਰਚ 2026 ਦੀਆਂ ਸਲਾਨਾ ਪ੍ਰੀਖਿਆਵਾਂ ( ਸਮੇਤ ਓਪਨ ਸਕੂਲ),17 ਫਰਵਰੀ 2026 ਤੋਂ 04 ਅਪ੍ਰੈਲ 2026 ਤੱਕ ਕਰਵਾਈਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਚੇਅਰਮੈਨ, ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਦੇ ਪੱਤਰ ਅਨੁਸਾਰ ਸੀਬੀਐਸਸੀ ਬੋਰਡ ਵੱਲੋਂ ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੀਆਂ ਫਰਵਰੀ/ਮਾਰਚ 2026 ਦੀਆਂ ਸਲਾਨਾ ਪ੍ਰੀਖਿਆਵਾਂ 17 ਫਰਵਰੀ 2026 ਤੋਂ 11 ਅਪ੍ਰੈਲ 2026 ਤੱਕ ਕਰਵਾਈਆਂ ਜਾ ਰਹੀਆਂ ਹਨ।ਇਹ ਹੁਕਮ 17 ਫਰਵਰੀ 2026 ਤੋਂ 11 ਅਪ੍ਰੈਲ 2026 ਤੱਕ ਲਾਗੂ ਰਹਿਣਗੇ।

## ਪੀਸੀਏ ਦੇ ਸੀਈਓ ਦੀਪਕ ਸ਼ਰਮਾ ਨੂੰ ਦੋਹਰੀ ਨੌਕਰੀ ਦੇ ਮਾਮਲੇ 'ਚ ਅਸਤੀਫਾ ਦੇਣ ਦੇ ਹੁਕਮ

**ਮੁਹਾਲੀ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀਸੀਏ) ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਦੀਪਕ ਸ਼ਰਮਾ ਨੂੰ ਐਥਿਕਸ ਅਫਸਰ-ਕਮ-ਓਂਬਡਸਮੈਨ ਜਸਟਿਸ ਜਸਪਾਲ ਸਿੰਘ (ਸੇਵਾਮੁਕਤ) ਵੱਲੋਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ 13 ਫਰਵਰੀ 2026 ਨੂੰ ਜਾਰੀ ਕੀਤਾ ਗਿਆ।

ਇਹ ਮਾਮਲਾ ਪੀਸੀਏ ਦੇ ਆਜੀਵਨ ਮੈਂਬਰ ਰਾਕੇਸ਼ ਹਾਂਡਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ 'ਤੇ ਸੁਣਵਾਈ ਤੋਂ ਬਾਅਦ ਸਾਹਮਣੇ ਆਇਆ। ਸ਼ਿਕਾਇਤ ਵਿੱਚ ਵਿੱਤੀ ਗੜਬੜਾਂ, ਹਿਤਾਂ ਦੇ ਟਕਰਾਅ, ਨਿਯੁਕਤੀਆਂ ਵਿੱਚ ਗੜਬੜ, ਖਿਡਾਰੀਆਂ ਦੀ ਚੋਣ ਵਿੱਚ ਦਖਲਅੰਦਾਜ਼ੀ ਅਤੇ ਪੀਸੀਏ ਦੀ ਸੰਪਤੀ ਦੇ ਦੁਰੁਪਯੋਗ ਦੇ ਦੋਸ਼ ਲਗਾਏ ਗਏ ਸਨ। ਸੁਣਵਾਈ ਦੌਰਾਨ ਦੋਵਾਂ ਧਿਰਾਂ ਦੀਆਂ ਦਲੀਲਾਂ ਅਤੇ ਦਸਤਾਵੇਜ਼ੀ ਸਬੂਤਾਂ ਦੀ ਜਾਂਚ ਤੋਂ ਬਾਅਦ ਓਂਬਡਸਮੈਨ ਨੇ ਜ਼ਿਆਦਾਤਰ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ।

ਖਿਡਾਰੀ ਚੋਣ ਵਿੱਚ ਦਖਲਅੰਦਾਜ਼ੀ, ਨਿਯੁਕਤੀਆਂ ਵਿੱਚ ਗੜਬੜ ਅਤੇ ਪੀਸੀਏ ਦੀ ਇਨੋਵਾ ਕਾਰ ਦੇ ਦੁਰੁਪਯੋਗ ਨਾਲ ਸਬੰਧਿਤ ਦੋਸ਼ ਸਾਬਤ ਨਹੀਂ ਹੋਏ। ਹਾਲਾਂਕਿ ਦੋਹਰੀ ਨਿਯੁਕਤੀ (ਡਿਊਅਲ ਇੰਪਲੌਇਮੈਂਟ) ਦੇ ਮਾਮਲੇ ਵਿੱਚ ਦੋਸ਼ ਸਾਬਤ ਹੋਇਆ। ਹੁਕਮ ਅਨੁਸਾਰ ਸਾਲ 2014-15 ਦੌਰਾਨ ਦੀਪਕ ਸ਼ਰਮਾ ਨੇ ਪੀਸੀਏ ਅਤੇ ਪੰਜਾਬ ਸਟੇਟ ਹਾਊਸਿੰਗ ਫੈਡਰੇਸ਼ਨ (ਹਾਊਸਫੈਡ) ਦੋਵਾਂ ਤੋਂ ਇਕੱਠੇ ਤਨਖਾਹ ਪ੍ਰਾਪਤ ਕੀਤੀ, ਜਿਸਦਾ ਢੰਗ ਨਾਲ ਖੁਲਾਸਾ ਨਹੀਂ ਕੀਤਾ ਗਿਆ। ਅਧਿਕਾਰੀਆਂ ਨੇ ਇਸਨੂੰ ਤੱਥਾਂ ਦੀ ਗਲਤ ਪੇਸ਼ਕਾਰੀ ਅਤੇ ਵਿੱਤੀ ਲਾਭ ਪ੍ਰਾਪਤ ਕਰਨ ਦੀ ਕਾਰਵਾਈ ਮੰਨਿਆ। ਕਾਰਵਾਈ ਦੌਰਾਨ ਦੀਪਕ ਸ਼ਰਮਾ ਵੱਲੋਂ ਅਸਤੀਫਾ ਦੇਣ ਦੀ ਇੱਛਾ ਵੀ ਜਤਾਈ ਗਈ ਸੀ। ਇਸਨੂੰ ਧਿਆਨ ਵਿੱਚ ਰੱਖਦਿਆਂ ਓਂਬਡਸਮੈਨ ਨੇ ਉਨ੍ਹਾਂ ਨੂੰ 18 ਫਰਵਰੀ 2026 ਸ਼ਾਮ 5 ਵਜੇ ਤੱਕ ਬਿਨਾ ਸ਼ਰਤ ਅਸਤੀਫਾ ਦੇਣ ਲਈ ਤਿੰਨ ਕਾਰਜ ਦਿਨਾਂ ਦਾ ਸਮਾਂ ਦਿੱਤਾ ਹੈ। ਹੁਕਮ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਨਿਰਧਾਰਤ ਸਮੇਂ ਅੰਦਰ ਅਸਤੀਫਾ ਨਾ ਦੇਣ ਜਾਂ ਸ਼ਰਤਾਂ ਵਾਲਾ ਅਸਤੀਫਾ ਦੇਣ ਦੀ ਸੂਰਤ ਵਿੱਚ ਉਨ੍ਹਾਂ ਨੂੰ ਤੁਰੰਤ ਪ੍ਰਭਾਵ ਨਾਲ ਸੀਈਓ ਅਹੁਦੇ ਤੋਂ ਹਟਿਆ ਹੋਇਆ ਮੰਨਿਆ ਜਾਵੇਗਾ। ਅਸਤੀਫਾ ਮਨਜ਼ੂਰ ਹੋਣ 'ਤੇ ਉਨ੍ਹਾਂ ਨੂੰ ਨੌਕਰੀ ਮਿਆਦ ਦੌਰਾਨ ਪ੍ਰਾਪਤ ਲਾਭਾਂ ਦਾ ਹੱਕ ਰਹੇਗਾ। ਇਸਦੇ ਨਾਲ ਹੀ ਪੀਸੀਏ ਐਪੈਕਸ ਕੌਂਸਲ ਨੂੰ ਸੀਈਓ ਦਫ਼ਤਰ ਦੀ ਸੁਚਾਰੂ ਕਾਰਗੁਜ਼ਾਰੀ ਲਈ ਅੰਤਰਿਮ ਪ੍ਰਬੰਧ ਕਰਨ ਦੇ ਹੁਕਮ ਦਿੱਤੇ ਗਏ ਹਨ। ਇਹ ਆਦੇਸ਼ ਸਿਰਫ਼ ਸੰਬੰਧਿਤ ਪੱਖਾਂ ਤੱਕ ਹੀ ਸੀਮਿਤ ਰਹੇਗਾ।

## ਪੀਸੀਏ ਦੇ ਸੀਈਓ ਦੀਪਕ ਸ਼ਰਮਾ ਨੂੰ ਦੋਹਰੀ ਨੌਕਰੀ ਦੇ ਮਾਮਲੇ 'ਚ ਅਸਤੀਫਾ ਦੇਣ ਦੇ ਹੁਕਮ

**ਮੁਹਾਲੀ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀਸੀਏ) ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਦੀਪਕ ਸ਼ਰਮਾ ਨੂੰ ਐਥਿਕਸ ਅਫਸਰ-ਕਮ-ਓਂਬਡਸਮੈਨ ਜਸਟਿਸ ਜਸਪਾਲ ਸਿੰਘ (ਸੇਵਾਮੁਕਤ) ਵੱਲੋਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ 13 ਫਰਵਰੀ 2026 ਨੂੰ ਜਾਰੀ ਕੀਤਾ ਗਿਆ।

ਇਹ ਮਾਮਲਾ ਪੀਸੀਏ ਦੇ ਆਜੀਵਨ ਮੈਂਬਰ ਰਾਕੇਸ਼ ਹਾਂਡਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ 'ਤੇ ਸੁਣਵਾਈ ਤੋਂ ਬਾਅਦ ਸਾਹਮਣੇ ਆਇਆ। ਸ਼ਿਕਾਇਤ ਵਿੱਚ ਵਿੱਤੀ ਗੜਬੜਾਂ, ਹਿਤਾਂ ਦੇ ਟਕਰਾਅ, ਨਿਯੁਕਤੀਆਂ ਵਿੱਚ ਗੜਬੜ, ਖਿਡਾਰੀਆਂ ਦੀ ਚੋਣ ਵਿੱਚ ਦਖਲਅੰਦਾਜ਼ੀ ਅਤੇ ਪੀਸੀਏ ਦੀ ਸੰਪਤੀ ਦੇ ਦੁਰੁਪਯੋਗ ਦੇ ਦੋਸ਼ ਲਗਾਏ ਗਏ ਸਨ। ਸੁਣਵਾਈ ਦੌਰਾਨ ਦੋਵਾਂ ਧਿਰਾਂ ਦੀਆਂ ਦਲੀਲਾਂ ਅਤੇ ਦਸਤਾਵੇਜ਼ੀ ਸਬੂਤਾਂ ਦੀ ਜਾਂਚ ਤੋਂ ਬਾਅਦ ਓਂਬਡਸਮੈਨ ਨੇ ਜ਼ਿਆਦਾਤਰ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ।

ਖਿਡਾਰੀ ਚੋਣ ਵਿੱਚ ਦਖਲਅੰਦਾਜ਼ੀ, ਨਿਯੁਕਤੀਆਂ ਵਿੱਚ ਗੜਬੜ ਅਤੇ ਪੀਸੀਏ ਦੀ ਇਨੋਵਾ ਕਾਰ ਦੇ ਦੁਰੁਪਯੋਗ ਨਾਲ ਸਬੰਧਿਤ ਦੋਸ਼ ਸਾਬਤ ਨਹੀਂ ਹੋਏ। ਹਾਲਾਂਕਿ ਦੋਹਰੀ ਨਿਯੁਕਤੀ (ਡਿਊਅਲ ਇੰਪਲੌਇਮੈਂਟ) ਦੇ ਮਾਮਲੇ ਵਿੱਚ ਦੋਸ਼ ਸਾਬਤ ਹੋਇਆ। ਹੁਕਮ ਅਨੁਸਾਰ ਸਾਲ 2014-15 ਦੌਰਾਨ ਦੀਪਕ ਸ਼ਰਮਾ ਨੇ ਪੀਸੀਏ ਅਤੇ ਪੰਜਾਬ ਸਟੇਟ ਹਾਊਸਿੰਗ ਫੈਡਰੇਸ਼ਨ (ਹਾਊਸਫੈਡ) ਦੋਵਾਂ ਤੋਂ ਇਕੱਠੇ ਤਨਖਾਹ ਪ੍ਰਾਪਤ ਕੀਤੀ, ਜਿਸਦਾ ਢੰਗ ਨਾਲ ਖੁਲਾਸਾ ਨਹੀਂ ਕੀਤਾ ਗਿਆ। ਅਧਿਕਾਰੀਆਂ ਨੇ ਇਸਨੂੰ ਤੱਥਾਂ ਦੀ ਗਲਤ ਪੇਸ਼ਕਾਰੀ ਅਤੇ ਵਿੱਤੀ ਲਾਭ ਪ੍ਰਾਪਤ ਕਰਨ ਦੀ ਕਾਰਵਾਈ ਮੰਨਿਆ। ਕਾਰਵਾਈ ਦੌਰਾਨ ਦੀਪਕ ਸ਼ਰਮਾ ਵੱਲੋਂ ਅਸਤੀਫਾ ਦੇਣ ਦੀ ਇੱਛਾ ਵੀ ਜਤਾਈ ਗਈ ਸੀ। ਇਸਨੂੰ ਧਿਆਨ ਵਿੱਚ ਰੱਖਦਿਆਂ ਓਂਬਡਸਮੈਨ ਨੇ ਉਨ੍ਹਾਂ ਨੂੰ 18 ਫਰਵਰੀ 2026 ਸ਼ਾਮ 5 ਵਜੇ ਤੱਕ ਬਿਨਾ ਸ਼ਰਤ ਅਸਤੀਫਾ ਦੇਣ ਲਈ ਤਿੰਨ ਕਾਰਜ ਦਿਨਾਂ ਦਾ ਸਮਾਂ ਦਿੱਤਾ ਹੈ। ਹੁਕਮ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਨਿਰਧਾਰਤ ਸਮੇਂ ਅੰਦਰ ਅਸਤੀਫਾ ਨਾ ਦੇਣ ਜਾਂ ਸ਼ਰਤਾਂ ਵਾਲਾ ਅਸਤੀਫਾ ਦੇਣ ਦੀ ਸੂਰਤ ਵਿੱਚ ਉਨ੍ਹਾਂ ਨੂੰ ਤੁਰੰਤ ਪ੍ਰਭਾਵ ਨਾਲ ਸੀਈਓ ਅਹੁਦੇ ਤੋਂ ਹਟਿਆ ਹੋਇਆ ਮੰਨਿਆ ਜਾਵੇਗਾ। ਅਸਤੀਫਾ ਮਨਜ਼ੂਰ ਹੋਣ 'ਤੇ ਉਨ੍ਹਾਂ ਨੂੰ ਨੌਕਰੀ ਮਿਆਦ ਦੌਰਾਨ ਪ੍ਰਾਪਤ ਲਾਭਾਂ ਦਾ ਹੱਕ ਰਹੇਗਾ। ਇਸਦੇ ਨਾਲ ਹੀ ਪੀਸੀਏ ਐਪੈਕਸ ਕੌਂਸਲ ਨੂੰ ਸੀਈਓ ਦਫ਼ਤਰ ਦੀ ਸੁਚਾਰੂ ਕਾਰਗੁਜ਼ਾਰੀ ਲਈ ਅੰਤਰਿਮ ਪ੍ਰਬੰਧ ਕਰਨ ਦੇ ਹੁਕਮ ਦਿੱਤੇ ਗਏ ਹਨ। ਇਹ ਆਦੇਸ਼ ਸਿਰਫ਼ ਸੰਬੰਧਿਤ ਪੱਖਾਂ ਤੱਕ ਹੀ ਸੀਮਿਤ ਰਹੇਗਾ।

## ਪੋਸ਼ਣ ਵੀ ਪੜ੍ਹਾਈ ਵੀ, ਟ੍ਰੇਨਿੰਗ ਦਾ ਚੌਥਾ ਬੈਚ ਸ਼ੁਰੂ

**ਤਰਨਤਾਰਨ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਜ਼ਿਲ੍ਹਾ ਤਰਨ ਤਾਰਨ ਵੱਲੋਂ ਪੋਸ਼ਣ ਵੀ ਪੜ੍ਹਾਈ ਵੀ (ਟਾਇਰ-2 ਫੇਸ-2) ਅਧੀਨ ਟ੍ਰੇਨਿੰਗ ਦਾ ਚੌਥਾ ਬੈਚ ਅੱਜ ਬਲਾਕ ਗੰਡੀਵਿੰਡ ਦੀਆਂ ਆਂਗਣਵਾੜੀ ਵਰਕਰਾਂ ਨਾਲ ਸ਼ੁਰੂ ਕੀਤਾ ਗਿਆ। ਇਸ ਟ੍ਰੇਨਿੰਗ ਦਾ ਆਯੋਜਨ ਆਂਗਣਵਾੜੀ ਵਰਕਰਾਂ ਦੀ ਸਮਰੱਥਾ ਵਿੱਚ ਵਾਧਾ ਕਰਨ ਅਤੇ ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਮਜ਼ਬੂਤ ਕਰਨ ਲਈ ਕੀਤਾ ਜਾ ਰਿਹਾ ਹੈ।

ਟ੍ਰੇਨਿੰਗ ਦੌਰਾਨ ਪ੍ਰਥਮ ਐਜੂਕੇਸ਼ਨ ਫਾਊਂਡੇਸ਼ਨ ਦੀ ਟੀਮ ਵੱਲੋਂ ਹਾਜ਼ਰੀਨਾਂ ਨੂੰ ਪ੍ਰੀ-ਸਕੂਲ ਸਿੱਖਿਆ, ਸ਼ੁਰੂਆਤੀ ਭਾਸ਼ਾ ਅਤੇ ਗਿਣਤੀ ਕੌਸ਼ਲ, ਖੇਡ-ਆਧਾਰਿਤ ਸਿਖਲਾਈ ਤਰੀਕਿਆਂ ਅਤੇ ਬੱਚਾ-ਕੇਂਦਰਿਤ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਟੀਮ ਮੈਂਬਰਾਂ ਵੱਲੋਂ ਪ੍ਰੈਕਟੀਕਲ ਡੈਮੋ, ਸਮੂਹ ਚਰਚਾ, ਲਰਨਿੰਗ ਮਟੀਰੀਅਲ ਦੀ ਤਿਆਰੀ ਅਤੇ ਐਕਟੀਵਿਟੀ-ਬੇਸਡ ਮਾਡਲ ਰਾਹੀਂ ਟ੍ਰੇਨਿੰਗ ਨੂੰ ਰੁਚੀਕਰ ਬਣਾਇਆ ਗਿਆ।

ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਰਾਹੁਲ ਅਰੋੜਾ ਨੇ ਕਿਹਾ ਕਿ ਪੋਸ਼ਣ ਵੀ ਪੜ੍ਹਾਈ ਵੀ ਅਭਿਆਨ ਬੱਚਿਆਂ ਦੀ ਸਿਹਤ ਅਤੇ ਸਿੱਖਿਆ ਦੋਵਾਂ ਨੂੰ ਇਕੱਠੇ ਮਜ਼ਬੂਤ ਕਰਨ ਵੱਲ ਮਹੱਤਵਪੂਰਨ ਕਦਮ ਹੈ। ਉਨ੍ਹਾਂ ਨੇ ਆਂਗਣਵਾੜੀ ਵਰਕਰਾਂ ਨੂੰ ਸਿਖਲਾਈ ਦੌਰਾਨ ਪ੍ਰਾਪਤ ਗਿਆਨ ਨੂੰ ਮੈਦਾਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਅਪੀਲ ਕੀਤੀ।

ਜ਼ਿਲ੍ਹਾ ਕੋਆਰਡੀਨੇਟਰ ਪੋਸ਼ਣ ਅਭਿਆਨ ਗੁਰਵੈਲ ਸਿੰਘ ਨੇ ਟ੍ਰੇਨਿੰਗ ਦੇ ਉਦੇਸ਼ਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪਹਿਲ ਰਾਹੀਂ ਬੱਚਿਆਂ ਵਿੱਚ ਪੋਸ਼ਣ ਸਥਿਤੀ ਸੁਧਾਰਨ ਦੇ ਨਾਲ-ਨਾਲ ਸਿੱਖਣ ਦੇ ਨਤੀਜਿਆਂ ਨੂੰ ਵੀ ਬਿਹਤਰ ਬਣਾਇਆ ਜਾ ਰਿਹਾ ਹੈ।ਸੀ.ਡੀ.ਪੀ.ਓ ਨਿਵੇਦਿਤਾ ਕੁਮਰਾ ਨੇ ਟ੍ਰੇਨਿੰਗ ਦੌਰਾਨ ਵਰਕਰਾਂ ਨੂੰ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਨਵੀਂ ਗਤੀਵਿਧੀਆਂ ਅਪਨਾਉਣ ਦੀ ਅਪੀਲ ਕੀਤੀ।

ਬਲਾਕ ਕੋਆਰਡੀਨੇਟਰ ਪੋਸ਼ਣ ਅਭਿਆਨ ਸੁਲੱਖਣ ਸਿੰਘ, ਸੁਪਰਵਾਈਜ਼ਰ ਮਨਿੰਦਰਜੀਤ ਕੌਰ (ਖਡੂਰ ਸਾਹਿਬ) ਅਤੇ ਜਸਪ੍ਰੀਤ ਕੌਰ (ਤਰਨ ਤਾਰਨ) ਵੀ ਮੌਜੂਦ ਰਹੇ ਅਤੇ ਉਨ੍ਹਾਂ ਨੇ ਟ੍ਰੇਨਿੰਗ ਪ੍ਰਬੰਧਾਂ ਦੀ ਨਿਗਰਾਨੀ ਕੀਤੀ।

## ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਹਰਿਆਣਾ ਨੇ ਵੱਡੀ ਕਾਰਵਾਈ ਕੀਤੀ

### 22 ਕਰੋੜ ਰੁਪਏ ਦੇ ਗਬਨ ਮਾਮਲੇ ਵਿੱਚ ਇੱਕ ਹੋਰ ਦੋਸ਼ੀ ਨੂੰ ਗ੍ਰਿਫ਼ਤਾਰ

**ਚੰਡੀਗੜ੍ਹ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਹਰਿਆਣਾ ਨੇ ਫਰੀਦਾਬਾਦ ਦੇ ਫਰਾਰ ਦੋਸ਼ੀ ਸਾਗਰ, ਫਰਮ ਡਾ ਡਿਜ਼ਾਈਨ ਕੋਡ ਦੇ ਮਾਲਕ, ਸ਼੍ਰੀ ਦੇਸ਼ਰਾਜ ਦੇ ਪੁੱਤਰ, ਪਿੰਡ ਨਵਾਦਾ, ਬਲਾਕ ਤਿਗਾਓਂ, ਥਾਣਾ ਸਦਰ ਬੱਲਭਗੜ੍ਹ, ਜ਼ਿਲ੍ਹਾ ਫਰੀਦਾਬਾਦ ਦੇ ਨਿਵਾਸੀ, ਨੂੰ, ਕਾਫ਼ੀ ਸਬੂਤਾਂ ਦੇ ਆਧਾਰ 'ਤੇ, ਜ਼ਿਲ੍ਹਾ ਫਰੀਦਾਬਾਦ ਦੇ ਬਲਾਕ ਤਿਗਾਓਂ, ਗ੍ਰਾਮ ਪੰਚਾਇਤ ਮੁਜੇਦੀ ਵਿੱਚ ਸਾਲ 2020-21 ਦੌਰਾਨ ਲਗਭਗ 22 ਕਰੋੜ ਰੁਪਏ ਦੇ ਕਥਿਤ ਗਬਨ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤਾ।

ਇਹ ਮਾਮਲਾ ਕੇਸ ਨੰਬਰ 355, ਮਿਤੀ 16 ਅਕਤੂਬਰ, 2022 ਨੂੰ ਥਾਣਾ ਸਦਰ ਬੱਲਭਗੜ੍ਹ, ਜ਼ਿਲ੍ਹਾ ਫਰੀਦਾਬਾਦ ਵਿੱਚ ਦਰਜ ਹੈ, ਅਤੇ ਇਸ ਵੇਲੇ ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਫਰੀਦਾਬਾਦ ਵਿਖੇ ਜਾਂਚ ਅਧੀਨ ਹੈ। ਉਪਰੋਕਤ ਮਾਮਲੇ ਵਿੱਚ, ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 120-ਬੀ, 201, 406, 409, 420, 467, 468, 471 ਅਤੇ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀ ਧਾਰਾ 7, 71, 13(1)(✲) ਦੇ ਨਾਲ ਪੜ੍ਹੀ ਜਾਂਦੀ ਹੈ, ਤਹਿਤ ਕਾਰਵਾਈ ਕੀਤੀ ਜਾ ਰਹੀ ਹੈ। ਜਾਂਚ ਵਿੱਚ ਦੋਸ਼ ਲਗਾਇਆ ਗਿਆ ਹੈ ਕਿ 09.10.2020 ਨੂੰ ਨਿਯੁਕਤ ਕੀਤੇ ਗਏ ਕਾਰਜਕਾਰੀ ਸਰਪੰਚ ਬ੍ਰਹਮਪਾਲ ਨੇ ਪਿੰਡ ਸਕੱਤਰ ਜੋਗਿੰਦਰ, ਬੀਡੀਪੀਓ ਪੂਜਾ ਸ਼ਰਮਾ ਅਤੇ ਵੱਖ-ਵੱਖ ਫਰਮ ਮਾਲਕਾਂ ਨਾਲ ਕਥਿਤ ਮਿਲੀਭੁਗਤ ਨਾਲ, ਪ੍ਰਸ਼ਾਸਕੀ ਇਜਾਜ਼ਤ ਤੋਂ ਬਿਨਾਂ ਜਾਅਲੀ ਵਿਕਾਸ ਕਾਰਜ ਦਿਖਾ ਕੇ ਲਗਭਗ 22 ਕਰੋੜ ਰੁਪਏ ਦੇ ਭੁਗਤਾਨ ਪ੍ਰਾਪਤ ਕੀਤੇ। ਇਸ ਵਿੱਚੋਂ, ਲਗਭਗ 17 ਕਰੋੜ 14 ਲੱਖ ਰੁਪਏ ਵੱਖ-ਵੱਖ ਫਰਮਾਂ - ਡਾ ਡਿਜ਼ਾਈਨ ਕੋਡ, ਐਸ.ਕੇ. ਐਂਟਰਪ੍ਰਾਈਜ਼, ਸਤਗੁਰੂ ਐਂਟਰਪ੍ਰਾਈਜ਼, ਸਾਈ ਟ੍ਰੇਡਿੰਗ ਕੰਪਨੀ, ਫਰਹਾਨ ਐਂਟਰਪ੍ਰਾਈਜ਼, ਰਾਘਵ ਬਿਲਡਿੰਗ ਮਟੀਰੀਅਲ ਸਪਲਾਇਰ ਅਤੇ ਠੇਕੇਦਾਰ, ਸਾਕਿਰ ਬਿਲਡਿੰਗ ਮਟੀਰੀਅਲ ਸਪਲਾਇਰ ਅਤੇ ਠੇਕੇਦਾਰ, ਹੀਰਾਲਾਲ, ਰਸਿਕ ਬਿਹਾਰੀ ਪ੍ਰਾਈਵੇਟ ਲਿਮਟਿਡ ਨੂੰ ਵੰਡੇ ਗਏ ਸਨ।

ਲਿਮਟਿਡ, ਮੈਸਰਜ਼ ਸ਼ਿਆਮਜੀ ਐਸੋਸੀਏਟਸ, ਆਦਿ। ਹੁਣ ਤੱਕ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਕੁੱਲ ?22 ਕਰੋੜ ਦੀ ਗਬਨ ਰਾਸ਼ੀ ਵਿੱਚੋਂ, 1,94,79,968/- ਦੇ ਅਨਿਯਮਿਤ ਭੁਗਤਾਨ ਦੋਸ਼ੀ ਸਾਗਰ ਦੀ ਫਰਮ, ਮੈਸਰਜ਼ ਡਾ ਡਿਜ਼ਾਈਨ ਕੋਡ ਦੇ ਖਾਤੇ ਵਿੱਚ ਪਾਏ ਗਏ ਹਨ।

ਮਾਮਲੇ ਦੀ ਜਾਂਚ ਦੌਰਾਨ, ਸ਼੍ਰੀਮਤੀ ਪੂਜਾ ਸ਼ਰਮਾ ਅਤੇ ਹੀਰਾਲਾਲ ਨੂੰ 09.09.2025 ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਅਤੇ ਸ਼੍ਰੀਮਤੀ ਤਨੂਜਾ ਸ਼ਰਮਾ, ਨੰਦ ਕਿਸ਼ੋਰ ਅਤੇ ਮਨੋਜ ਕੁਮਾਰ ਨੂੰ 27.12.2025 ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਵੇਲੇ, ਸ਼੍ਰੀਮਤੀ ਪੂਜਾ ਸ਼ਰਮਾ ਅਤੇ ਸ਼੍ਰੀਮਤੀ ਤਨੂਜਾ ਸ਼ਰਮਾ ਮਾਨਯੋਗ ਹਰਿਆਣਾ ਹਾਈ ਕੋਰਟ ਅਤੇ ਚੰਡੀਗੜ੍ਹ ਤੋਂ ਜ਼ਮਾਨਤ 'ਤੇ ਹਨ, ਜਦੋਂ ਕਿ ਬਾਕੀ ਤਿੰਨ ਦੋਸ਼ੀ ਜ਼ਿਲ੍ਹਾ ਜੇਲ੍ਹ, ਨੀਮਕਾ, ਫਰੀਦਾਬਾਦ ਵਿੱਚ ਨਜ਼ਰਬੰਦ ਹਨ। ਮਾਮਲੇ ਵਿੱਚ ਨਾਮਜ਼ਦ ਦੋਸ਼ੀ ਲਲਿਤ ਮੋਹਨ ਸ਼ਰਮਾ ਨੂੰ ਮਾਨਯੋਗ ਅਦਾਲਤ ਤੋਂ ਅਗਾਊਂ ਜ਼ਮਾਨਤ ਮਿਲ ਗਈ ਹੈ। ਸ਼੍ਰੀਮਤੀ ਪੂਜਾ ਸ਼ਰਮਾ, ਹੀਰਾਲਾਲ ਅਤੇ ਲਲਿਤ ਮੋਹਨ ਸ਼ਰਮਾ ਵਿਰੁੱਧ 24.11.2025 ਨੂੰ ਮਾਨਯੋਗ ਅਦਾਲਤ ਵਿੱਚ ਚਲਾਨ ਪੇਸ਼ ਕੀਤਾ ਗਿਆ ਹੈ। ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਉਪਲਬਧ ਸਬੂਤਾਂ ਦੇ ਆਧਾਰ 'ਤੇ ਨਿਯਮਾਂ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ।

ਪੰਜਾਬ 'ਚ ਮਾਂਹ ਦੀ ਬਿਜਾਈ 4 ਹਜ਼ਾਰ ਹੈਕਟੇਅਰ 'ਚ ਕੀਤੀ ਜਾਂਦੀ ਹੈ। ਇਸ ਦੀ ਮੰਗ ਲਗਾਤਾਰ ਵਧ ਰਹੀ ਹੈ, ਇਸ ਲਈ ਇਹ ਰਕਬਾ ਵਧਾਏ ਜਾਣ ਦੀ ਲੋੜ ਹੈ...





# ਇੰਜ ਲਓ ਮਾਂਹ ਦੀ ਵਧੇਰੇ ਪੈਦਾਵਾਰ

• ਡਾ. ਅਮਰੀਕ ਸਿੰਘ

ਦਾਲਾਂ ਮਨੁੱਖੀ ਖ਼ੁਰਾਕ ਦਾ ਬਹੁਤ ਜ਼ਰੂਰੀ ਹਿੱਸਾ ਹਨ। ਪੰਜਾਬ 'ਚ ਆਮ ਤੌਰ 'ਤੇ ਕਿਸਾਨਾਂ ਵੱਲੋਂ ਕਣਕ-ਝੋਨੇ ਦਾ ਫ਼ਸਲੀ ਚੱਕਰ ਅਪਨਾਉਣ ਕਾਰਨ ਦਾਲਾਂ ਹੇਠ ਰਕਬਾ ਬਹੁਤ ਘਟ ਗਿਆ ਹੈ। ਵੱਸੋਂ ਵਿਚ ਲਗਾਤਾਰ ਵਾਧੇ ਅਤੇ ਦਾਲਾਂ ਦੀ ਪੈਦਾਵਾਰ 'ਚ ਆਈ ਖੜੋਤ ਕਾਰਨ ਪ੍ਰਤੀ ਵਿਅਕਤੀ ਦਾਲਾਂ ਦੀ ਖਪਤ 70 ਗ੍ਰਾਮ ਤੋਂ ਘਟ ਕੇ 27 ਗ੍ਰਾਮ ਰਹਿ ਗਈ ਹੈ, ਜੋ ਵਿਸ਼ਵ ਸਿਹਤ ਸੰਸਥਾ ਦੇ 80 ਗ੍ਰਾਮ ਪ੍ਰਤੀ ਵਿਅਕਤੀ ਦਾਲ ਦੇ ਮਾਪਦੰਡ ਤੋਂ ਕਾਫੀ ਘੱਟ ਹੈ। ਪੰਜਾਬ ਵਿਚ ਗਰਮ ਰੁੱਤ ਦੇ ਮਾਂਹ ਦੀ ਬਿਜਾਈ ਕਰੀਬ 4 ਹਜ਼ਾਰ ਹੈਕਟੇਅਰ ਰਕਬੇ 'ਚ ਕੀਤੀ ਜਾਂਦੀ ਹੈ ਅਤੇ ਦਾਲਾਂ ਹੇਠ ਰਕਬਾ ਸਾਲ 2015-16 ਦੌਰਾਨ 30 ਹਜ਼ਾਰ ਹੈਕਟੇਅਰ ਸੀ। ਜ਼ਿਲ੍ਹਾ ਗੁਰਦਾਸਪੁਰ ਵਿਚ ਕਿਸੇ ਸਮੇਂ ਰਿਆੜਕੀ ਦੇ ਇਲਾਕੇ ਦੇ ਮਾਂਹ ਮਸ਼ਹੂਰ ਹੁੰਦੇ ਸਨ। ਪੰਜਾਬ ਵਿਚ ਕੋਈ ਅਜਿਹਾ ਸਮਾਜਿਕ ਜਾਂ ਧਾਰਮਿਕ ਸਮਾਗਮ ਸੰਪੂਰਨ ਨਹੀਂ ਹੁੰਦਾ ਜਦ ਤਕ ਮਾਂਹ ਦੀ ਦਾਲ ਨਾ ਬਣੇ। ਜਦ ਕਦੇ ਬਾਹਰ ਕਿਸੇ ਢਾਬੇ 'ਤੇ ਰੋਟੀ ਖਾਣੀ ਹੋਵੇ ਤਾਂ ਮਾਂਹ ਦੀ ਦਾਲ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ। ਮਾਂਹ ਦੀ ਦਾਲ ਦੀ ਮੰਗ ਨੂੰ ਮੁੱਖ ਰੱਖਦਿਆਂ ਇਸ ਹੇਠ ਰਕਬਾ ਵਧਾਇਆ ਜਾ ਸਕਦਾ ਹੈ। ਜੇ ਉੱਦਮੀ ਕਿਸਾਨ ਮਾਂਹ ਦੀ ਪੈਦਾਵਾਰ ਨੂੰ ਖ਼ੁਦ ਇਕ ਕਿੱਲੋ ਤੋਂ ਪੰਜ ਕਿੱਲੋ ਤਕ ਦੀ ਪੈਕਿੰਗ ਕਰ ਕੇ ਖਪਤਕਾਰਾਂ ਨੂੰ ਸਿੱਧਾ ਮੰਡੀਕਰਨ ਕਰਨ ਤਾਂ ਹੋਰ ਵੀ ਫ਼ਾਇਦਾ ਲਿਆ ਜਾ ਸਕਦਾ ਹੈ। ਗਰਮ ਰੁੱਤ ਦੇ ਮਾਂਹ ਦੀ ਕਾਸ਼ਤ ਕਮਾਦ ਦੀ ਫ਼ਸਲ ਵਿਚ ਅੰਤਰ-ਫ਼ਸਲ ਵੱਜੋਂ ਵੀ ਕੀਤੀ ਜਾ ਸਕਦੀ ਹੈ। ਗਰਮ ਰੁੱਤ ਦੇ ਮਾਂਹ ਦੀ ਕਾਸ਼ਤ ਕਰ ਕੇ ਕਿਸਾਨ ਜਿੱਥੇ ਵਧੇਰੇ ਆਮਦਨ ਲੈ ਸਕਦੇ ਹਨ, ਉਥੇ ਇਸ ਦੀ ਉਪਜ ਨਾਲ ਜ਼ਮੀਨ ਦੀ ਸਿਹਤ 'ਚ ਵੀ ਸੁਧਾਰ ਆਉਂਦਾ ਹੈ।



## ਕੀੜੇ-ਮਕੌੜੇ

ਫਲੀ-ਛੇਦਕ ਸੁੰਡੀ ਮਾਂਹ ਦੇ ਪੱਤਿਆਂ, ਫਲੀਆਂ ਅਤੇ ਫੁੱਲਾਂ ਨੂੰ ਖਾ ਕੇ ਨੁਕਸਾਨ ਕਰਦੀ ਹੈ। ਇਸ ਦੇ ਹਮਲੇ ਦਾ ਪਤਾ ਨੁਕਸਾਨ ਵਾਲੇ ਪੱਤੇ, ਫਲੀਆਂ ਵਿਚ ਮੋਰੀਆਂ, ਬੂਟਿਆਂ ਹੇਠ ਜ਼ਮੀਨ ਉੱਤੇ ਗੂੜ੍ਹੇ ਹਰੇ ਰੰਗ ਦੀਆਂ ਵਿੱਠਾਂ ਤੋਂ ਲਗਾਇਆ ਜਾ ਸਕਦਾ ਹੈ। ਇਸ ਦੀ ਰੋਕਥਾਮ ਹਮਲਾ ਸ਼ੁਰੂ ਹੋਣ 'ਤੇ ਸਪਾਈਨੋਸੈਡ 45 ਐੱਸਸੀ ਜਾਂ 200 ਮਿਲੀਲਿਟਰ ਐਂਡੋਸਕਾਰਬ 14.5 ਐੱਸਸੀ ਜਾਂ 800 ਗ੍ਰਾਮ ਐਸੀਫੇਟ 75 ਐੱਸਪੀ ਨੂੰ 80 ਤੋਂ 100 ਲਿਟਰ ਪਾਣੀ ਵਿਚ ਘੋਲ ਕੇ ਨੈਪਸੈਕ ਪੰਪ ਨਾਲ ਪ੍ਰਤੀ ਏਕੜ ਛਿੜਕਾਅ ਕਰ ਕੇ ਕੀਤੀ ਜਾ ਸਕਦੀ ਹੈ। ਜੇ ਜ਼ਰੂਰਤ ਪਵੇ ਤਾਂ ਦੁਬਾਰਾ ਛਿੜਕਾਅ ਕਰੋ।

### ਉੱਨਤ ਕਿਸਮਾਂ ਤੇ ਪੈਦਾਵਾਰ

ਮਾਂਹ ਦੀ ਫ਼ਸਲ ਹੋਰਨਾਂ ਦਾਲਾਂ ਨਾਲੋਂ ਵਧੇਰੇ ਗਰਮੀ ਸਹਾਰਨ ਦੇ ਸਮਰੱਥ ਹੋਣ ਕਾਰਨ ਇਸ ਦੀ ਕਾਸ਼ਤ ਲਈ ਗਰਮ ਜਲਵਾਯੂ ਦੀ ਜ਼ਰੂਰਤ ਹੈ। ਇਸ ਦੀ ਕਾਸ਼ਤ ਲਈ ਪਾਣੀ ਦੇ ਚੰਗੇ ਨਿਕਾਸ ਵਾਲੀ ਭੱਲ ਤੋਂ ਰੇਤਲੀ ਭੱਲ ਵਾਲੀ ਜ਼ਮੀਨ ਬਹੁਤ ਢੁੱਕਵੀਂ ਹੈ। ਮਾਂਹ ਦੀ ਕਾਸਤ ਲਈ ਦੋ ਕਿਸਮਾਂ, ਮਾਂਹ-1008 ਅਤੇ ਮਾਂਹ-218 ਦੀ ਸਿਫਾਰਸ਼ ਕੀਤੀ ਗਈ ਹੈ। ਮਾਂਹ-1008 ਕਿਸਮ ਨੂੰ ਭਰਪੂਰ ਫਲੀਆਂ ਲਗਦੀਆਂ ਹਨ ਅਤੇ ਇਕਸਾਰ ਪੱਕਦੀਆਂ ਹਨ। ਇਹ ਕਿਸਮ ਕਰੀਬ 72 ਦਿਨਾਂ 'ਚ ਪੱਕ ਜਾਂਦੀ ਹੈ। ਇਸ ਕਿਸਮ ਨੂੰ ਪੀਲੀ ਚਿਤਕਬਰੀ ਅਤੇ ਪੱਤਿਆਂ ਦਾ ਝੁਰੜ-ਮੁਰੜ ਵਿਸਾਣੂ ਰੋਗ ਵੀ ਘੱਟ ਲਗਦਾ ਹੈ। ਇਸ ਦੀ ਔਸਤ ਪੈਦਾਵਾਰ 4.5 ਕੁਇੰਟਲ ਪ੍ਰਤੀ ਏਕੜ ਹੈ। ਮਾਂਹ-2018 ਕਿਸਮ ਕਰੀਬ 75 ਦਿਨਾਂ ਵਿਚ ਪੱਕ ਜਾਂਦੀ ਹੈ ਅਤੇ ਔਸਤ ਪੈਦਾਵਾਰ 4.00 ਕੁਇੰਟਲ ਪ੍ਰਤੀ ਏਕੜ ਹੈ।

### ਬਿਜਾਈ ਅਤੇ ਬੀਜ ਦੀ ਮਾਤਰਾ

ਆਮ ਤੌਰ 'ਤੇ ਕਿਸਾਨ 10-15 ਕਿੱਲੋ ਬੀਜ ਪ੍ਰਤੀ ਏਕੜ ਵਰਤਦੇ ਹਨ, ਜਿਸ ਕਾਰਨ ਝਾੜ ਘੱਟ ਨਿਕਲਦਾ ਹੈ। ਵਧੇਰੇ ਪੈਦਾਵਾਰ ਲੈਣ ਲਈ 20 ਕਿੱਲੋ ਬੀਜ ਪ੍ਰਤੀ ਏਕੜ ਵਰਤਣਾ ਚਾਹੀਦਾ ਹੈ। ਇਸ ਦੀ ਬਿਜਾਈ 15 ਮਾਰਚ ਤੋਂ ਅਪ੍ਰੈਲ ਦੇ ਪਹਿਲੇ ਹਫ਼ਤੇ ਤਕ 22.5 ਸੈਂਟੀਮੀਟਰ ਚੌੜੀਆਂ ਕਤਾਰਾਂ ਵਿਚ ਅਤੇ ਬੂਟੇ ਤੋਂ ਬੂਟੇ ਵਿਚਲਾ ਫ਼ਾਸਲਾ 4.5 ਸੈਂਟੀਮੀਟਰ ਰੱਖਦੇ ਹੋਏ ਕਰਨੀ ਚਾਹੀਦਾ ਹੈ। ਬਿਜਾਈ ਸਮੇਂ 11 ਕਿੱਲੋ ਯੂਰੀਆ ਅਤੇ 60 ਕਿੱਲੋ ਸਿੰਗਲ ਸੁਪਰਫਾਸਫੇਟ ਖਾਦ ਡਰਿਲ ਕਰ ਦੇਣੀ ਚਾਹੀਦੀ ਹੈ। ਆਲੂਆਂ ਦੀ ਪੁਟਾਈ ਤੋਂ ਬਾਅਦ ਮਾਂਹ ਦੀ ਕਾਸ਼ਤ ਬਿਨਾਂ ਕਿਸੇ ਖਾਦ ਦੀ ਵਰਤੋਂ ਕੀਤਿਆਂ ਵੀ ਕੀਤੀ ਜਾ ਸਕਦੀ ਹੈ।

### ਨਦੀਨਾਂ ਦੀ ਰੋਕਥਾਮ

ਨਦੀਨਾਂ ਦੀ ਰੋਕਥਾਮ ਲਈ ਪਹਿਲੀ ਗੋਡੀ ਬਿਜਾਈ ਤੋਂ ਚਾਰ ਹਫ਼ਤੇ ਅਤੇ ਦੂਜੀ ਗੋਡੀ ਉਸ ਤੋਂ ਦੋ ਹਫ਼ਤੇ ਬਾਅਦ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਮੌਸਮੀ ਘਾਹ ਅਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਦੋ ਦਿਨਾਂ ਦੇ ਅੰਦਰ ਇਕ ਲਿਟਰ ਪੈਂਡੀਮੈਥਾਲਿਨ 30 ਈਸੀ ਨੂੰ 150 ਤੋਂ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਲੰਬੀ ਉਮਰ ਦੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਚਾਰ ਹਫ਼ਤਿਆਂ ਬਾਅਦ ਗੋਡੀ ਕਰਨੀ ਚਾਹੀਦੀ ਹੈ। ਮੌਸਮ ਅਤੇ ਜ਼ਮੀਨ ਦੀ ਕਿਸਮ ਦੇ ਅਨੁਸਾਰ ਮਾਂਹ ਦੀ ਫ਼ਸਲ ਨੂੰ ਤਿੰਨ ਤੋਂ ਪੰਜ ਪਾਣੀ ਲਗਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਫ਼ਸਲ ਨੂੰ ਪਹਿਲਾ ਪਾਣੀ ਬਿਜਾਈ ਤੋਂ 25 ਦਿਨ ਅਤੇ ਆਖ਼ਰੀ ਪਾਣੀ 60 ਦਿਨਾਂ ਬਾਅਦ ਲਗਾਉਣਾ ਚਾਹੀਦਾ ਹੈ।

### ਤੰਬਾਕੂ ਸੁੰਡੀ

ਛੋਟੀਆਂ ਸੁੰਡੀਆਂ ਕਾਲੇ ਰੰਗ ਦੀਆਂ ਤੇ ਵੱਡੀਆਂ ਸੁੰਡੀਆਂ ਗੂੜ੍ਹੇ ਹਰੇ ਰੰਗ ਦੀਆਂ ਹੁੰਦੀਆਂ ਹਨ। ਛੋਟੀਆਂ ਸੁੰਡੀਆਂ ਝੁੰਡਾਂ 'ਚ ਪੱਤਿਆਂ ਦਾ ਹਰਾ ਮਾਦਾ ਖਾ ਕੇ ਪੱਤਿਆਂ ਨੂੰ ਛਾਨਣੀ ਕਰ ਦਿੰਦੀਆਂ ਹਨ। ਵੱਡੀਆਂ ਸੁੰਡੀਆਂ ਪੱਤਿਆਂ, ਡੋਡੀਆਂ, ਫੁੱਲਾਂ ਅਤੇ ਫਲੀਆਂ ਦਾ ਨੁਕਸਾਨ ਕਰਦੀਆਂ ਹਨ। ਇਸ ਦੀ ਰੋਕਥਾਮ ਲਈ ਫ਼ਸਲ ਦੀ ਬਿਜਾਈ ਸਮੇਂ ਸਿਰ ਕਰੋ। ਨਦੀਨਾਂ ਵਿੱਚੋਂ ਖ਼ਾਸ ਕਰ ਕੇ ਇੱਟਸਿਟ/ਚੁਪੱਤੀ ਦੀ ਰੋਕਥਾਮ ਕਰੋ। ਸ਼ੁਰੂਆਤੀ ਹਮਲੇ ਸਮੇਂ ਪ੍ਰਭਾਵਤ ਬੂਟੇ ਨੂੰ ਨਸ਼ਟ ਕਰ ਕੇ ਸੁੰਡੀਆਂ ਦਾ ਖ਼ਾਤਮਾ ਕਰੋ। ਜੇ ਹਮਲਾ ਜ਼ਿਆਦਾ ਹੁੰਦਾ ਹੈ ਤਾਂ 150 ਮਿਲੀਲਿਟਰ ਨੁਵਾਕਰੋਨ 10 ਈਸੀ ਜਾਂ 800 ਗ੍ਰਾਮ ਐਸੀਫੇਟ 75 ਐੱਸਪੀ ਜਾਂ 1.5 ਲਿਟਰ ਕਲੋਰੋਪਾਈਰੀਫਾਸ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਲੋੜ ਪਵੇ ਤਾਂ ਛਿੜਕਾਅ ਦੁਬਾਰਾ ਕਰੋ।

*ਮੋਬਾਈਲ 94630-71919*

---

ਹਰੀ ਕ੍ਰਾਂਤੀ ਦੌਰਾਨ ਡਾ. ਦੇਵ ਰਾਜ ਭੂੰਬਲਾ ਦੀ ਅਗਵਾਈ 'ਚ ਵਿਗਿਆਨੀਆਂ ਨੇ ਵੱਧ ਝਾੜ ਵਾਲੀਆਂ ਫ਼ਸਲਾਂ ਦੀਆਂ ਕਈ ਕਿਸਮਾਂ ਵਿਕਸਿਤ ਕੀਤੀਆਂ ਤੇ ਦੇਸ਼ ਦੇ ਅੰਨ ਭੰਡਾਰ ਨੂੰ ਭਰਿਆ...

# ਖੇਤੀ ਵਿਗਿਆਨ ਦਾ ਧਰੂ ਤਾਰਾ ਡਾ. ਦੇਵ ਰਾਜ ਭੂੰਬਲਾ

• ਨਰਿੰਦਰਪਾਲ ਸਿੰਘ

ਦੇਸ਼ ਦੇ ਅੰਨ ਭੰਡਾਰ ਨੂੰ ਭਰ ਕੇ ਭੋਜਨ ਸੁਰੱਖਿਆ ਪ੍ਰਦਾਨ ਕਰਨ 'ਚ ਪੰਜਾਬ ਮੋਹਰੀ ਸੂਬਾ ਹੈ। ਜਿਸ ਦਾ ਸਿਹਰਾ ਮੁੱਢਲੇ ਖੇਤੀ ਵਿਗਿਆਨੀਆਂ ਨੂੰ ਜਾਂਦਾ ਹੈ, ਜਿਨ੍ਹਾਂ ਦੀਆਂ ਖੇਤੀ ਪਿਰਤਾਂ ਨੂੰ ਪੰਜਾਬ ਤੇ ਦੂਸਰੇ ਸੂਬਿਆਂ ਦੇ ਕਿਸਾਨਾਂ ਨੇ ਅਪਣਾਇਆ। ਹਰੀ ਕ੍ਰਾਂਤੀ ਦੇ ਨਿਰਮਾਤਾ ਇਨ੍ਹਾਂ ਖੇਤੀ ਵਿਗਿਆਨੀਆਂ 'ਚ ਧਰੂ ਤਾਰੇ ਵਾਂਗ ਚਮਕਦਾ ਨਾਂ ਹੈ ਡਾ. ਦੇਵ ਰਾਜ ਭੂੰਬਲਾ ਦਾ, ਜਿਨ੍ਹਾਂ ਨੂੰ ਐਗਰੀਕਲਚਰਲ ਕਮਿਸ਼ਨਰ, ਡਿਪਟੀ ਡਾਇਰੈਕਟਰ ਜਨਰਲ ਤੇ ਹੋਰ ਮਹੱਤਵਪੂਰਨ ਅਹੁਦਿਆਂ 'ਤੇ ਸੇਵਾ ਨਿਭਾਉਣ ਦਾ ਮਾਣ ਹਾਸਲ ਹੋਇਆ।

ਛੋਟੇ ਜਿਹੇ ਕਿਸਾਨ ਪਰਿਵਾਰ ਤੋਂ ਉੱਠ ਕੇ ਪ੍ਰਸਿੱਧ ਭੂਮੀ ਵਿਗਿਆਨੀ ਵਜੋਂ ਜਾਣੇ ਜਾਂਦੇ ਡਾ. ਦੇਵ ਰਾਜ ਭੂੰਬਲਾ ਦਾ ਜਨਮ ਪਿੰਡ ਮਾਲ੍ਹੇਵਾਲ ਤਹਿਸੀਲ ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਚੌਧਰੀ ਨਿਸ਼ਾ ਰਾਮ ਤੇ ਮਾਤਾ ਮਹੇਸ਼ਵਰੀ ਦੇਵੀ ਦੇ ਘਰ 6 ਦਸੰਬਰ 1921 ਨੂੰ ਹੋਇਆ। ਪ੍ਰਾਇਮਰੀ ਤਕ ਵਿੱਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰਨ ਉਪਰੰਤ ਭੂੰਬਲਾ ਨੇ ਡਿਸਟ੍ਰਿਕ ਬੋਰਡ ਹਾਈ ਸਕੂਲ ਸਾਹਿਬਾਂ ਤੋਂ ਅੱਠਵੀਂ ਜਮਾਤ ਪਾਸ ਕੀਤੀ। ਉਪਰੰਤ ਉਚੇਰੀ ਵਿੱਦਿਆ ਲਈ ਗੌਰਮਿੰਟ ਹਾਈ ਸਕੂਲ, ਗੜ੍ਹਸ਼ੰਕਰ ਵਿਖੇ ਦਾਖ਼ਲਾ ਲਿਆ। ਇਥੇ ਉਨ੍ਹਾਂ ਦੀ ਮੁਲਾਕਾਤ ਡਾ. ਜਸਵੰਤ ਸਿੰਘ ਕੰਵਰ ਨਾਲ ਹੋਈ, ਜਿਨ੍ਹਾਂ ਨੇ ਉਨ੍ਹਾਂ ਨੂੰ ਖੇਤੀ ਵਿਗਿਆਨ ਵਾਲੇ ਪਾਸੇ ਤੋਰਿਆ। ਡਾ. ਜਸਵੰਤ ਸਿੰਘ ਕੰਵਰ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦਾ ਪਹਿਲਾ ਨਿਰਦੇਸ਼ਕ ਖੋਜ ਬਣਨ ਦਾ ਮਾਣ ਹਾਸਲ ਹੋਇਆ। 10ਵੀਂ ਤੋਂ ਬਾਅਦ ਭੂੰਬਲਾ ਨੇ 1944 ਵਿਚ ਲਾਇਲਪੁਰ ਦੇ ਖੇਤੀਬਾੜੀ ਕਾਲਜ ਤੋਂ ਬੀਐੱਸਸੀ ਐਗਰੀਕਲਚਰ ਕੀਤੀ।

ਉਨ੍ਹੀਂ ਦਿਨੀਂ ਬਰਤਾਨਵੀ ਸਰਕਾਰ ਖੇਤੀ ਖੋਜਾਂ ਨੂੰ ਪ੍ਰਫੁਲਤ ਕਰ ਰਹੀ ਸੀ। ਸਿੱਖਿਆ ਪ੍ਰਾਪਤ ਕਰਨ ਉਪਰੰਤ ਆਈਸੀਏਆਰ ਦੀ ਵੀਟ ਪ੍ਰੋਟੀਨ ਸਰਵੇ ਆਫ਼ ਇੰਡੀਆ ਸਕੀਮ ਤਹਿਤ ਉਨ੍ਹਾਂ ਨੇ ਕੈਮੀਕਲ ਅਸਿਸਟੈਂਟ ਵਜੋਂ ਕਾਲਜ ਦੇ ਸੀਰੀਅਲ ਸੈਕਸ਼ਨ 'ਚ ਮਿਲਿੰਗ ਤੇ ਬੇਕਿੰਗ ਲੈਬੋਰੇਟਰੀ 'ਚ ਖੋਜ ਕਾਰਜ ਸ਼ੁਰੂ ਕੀਤਾ। ਭਾਰਤ-ਪਾਕਿ ਵੰਡ ਉਪਰੰਤ ਉਨ੍ਹਾਂ ਨੇ ਕੁਝ ਸਮਾਂ ਪੁਨਰ-ਵਸੇਬਾ ਵਿਭਾਗ 'ਚ ਵਿਸ਼ੇਸ਼ ਤਹਿਸੀਲਦਾਰ ਵਜੋਂ ਸੇਵਾ ਨਿਭਾਈ ਤੇ ਮਾਰਚ 1948 'ਚ ਡਿਸਟ੍ਰਿਕ ਰਿਸਰਚ ਫਾਰਮ ਅੰਬਾਲਾ ਵਿਖੇ ਮੁੜ ਕੈਮੀਕਲ ਅਸਿਸਟੈਂਟ ਵਜੋਂ ਅਹੁਦਾ ਸੰਭਾਲਿਆ। ਅੰਬਾਲਾ ਤੇ ਨਰਾਇਣਗੜ੍ਹ ਵਿਖੇ ਸੇਵਾ ਨਿਭਾਈ। 1951 'ਚ ਉਨ੍ਹਾਂ ਦੀ ਨਿਯੁਕਤੀ ਲੁਧਿਆਣਾ ਦੇ ਕਮਿਸਟਰੀ ਵਿਭਾਗ 'ਚ ਐਗਰੀਕਲਚਰ ਇੰਸਪੈਕਟਰ ਵਜੋਂ ਹੋਈ ਜਿੱਥੇ ਉਨ੍ਹਾਂ ਦੀ ਮੁਲਾਕਾਤ ਡਾ. ਐੱਸਡੀ ਨਿਝਾਵਨ ਨਾਲ ਹੋਈ, ਜਿਨ੍ਹਾਂ ਦੀ ਪ੍ਰੇਰਨਾ ਨਾਲ ਭੂੰਬਲਾ ਨੇ 1956 'ਚ ਐੱਮਐੱਸਸੀ ਕੀਤੀ। ਭੂਮੀ ਵਿਗਿਆਨ 'ਚ ਉਨ੍ਹਾਂ ਦੀ ਖੋਜ ਪੰਜਾਬ 'ਚ ਹਰੀ ਕ੍ਰਾਂਤੀ ਦੇ ਆਧਾਰ ਦਾ ਹਿੱਸਾ ਬਣੀ, ਜਿਸ ਨਾਲ ਪੰਜਾਬ ਦੀ ਜ਼ਰਖੇਜ਼ ਧਰਤੀ ਨੇ ਸੋਨੇ ਵਰਗੀਆਂ ਫ਼ਸਲਾਂ ਪੈਦਾ ਕਰ ਕੇ ਦੇਸ਼ ਦੇ ਅੰਨ-ਭੰਡਾਰ ਨੂੰ ਭਰਨ 'ਚ ਯੋਗਦਾਨ ਪਾਇਆ। ਦੇਵ ਰਾਜ ਭੂੰਬਲਾ ਨੇ ਓਹਾਈਓ ਸਟੇਟ ਯੂਨੀਵਰਸਿਟੀ ਕੋਲੰਬਸ ਤੋਂ 1962 'ਚ ਡਾਕਟਰੇਟ ਕੀਤੀ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਥਾਪਨਾ 1962 'ਚ ਹੋਈ। ਯੂਐੱਸਏ ਦੇ ਲੈਂਡ ਗਰਾਂਟ ਕਾਲਜ ਦੀ ਤਰਜ਼ 'ਤੇ ਬਣੀ ਇਸ ਯੂਨੀਵਰਸਿਟੀ ਨੇ ਖੇਤੀਬਾੜੀ, ਖੇਤੀ ਇੰਜੀਨੀਅਰਿੰਗ, ਬੇਸਿਕ ਸਾਇੰਸਿਜ਼, ਹੋਮ ਸਾਇੰਸ ਤੇ ਇਨ੍ਹਾਂ ਨਾਲ ਸਬੰਧਤ ਵਿਸ਼ਿਆਂ 'ਚ ਖੋਜ, ਅਧਿਆਪਨ ਤੇ ਪਸਾਰ ਕਾਰਜਾਂ 'ਚ ਵਿਸ਼ੇਸ਼ ਮੱਲਾਂ ਮਾਰੀਆਂ। ਪੀਐੱਨ ਥਾਪਰ ਇਸ ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਬਣੇ, ਜਿਨ੍ਹਾਂ ਨੇ ਦੂਰ-ਅੰਦੇਸ਼ੀ ਸਦਕਾ ਵੱਖ-ਵੱਖ ਕਾਲਜ ਤੇ ਵਿਭਾਗ ਸਥਾਪਿਤ ਕੀਤੇ ਉਥੇ ਡਾ. ਅਵਤਾਰ ਸਿੰਘ ਅਟਵਾਲ, ਡਾ. ਦਿਲਬਾਗ ਸਿੰਘ ਅਥਵਾਲ, ਡਾ. ਜਸਵੰਤ ਸਿੰਘ ਕੰਵਰ ਤੇ ਡਾ. ਜੀਐੱਸ ਸਿੱਧੂ ਵਰਗੇ ਵਿਗਿਆਨੀਆਂ ਨੂੰ



ਯੂਨੀਵਰਸਿਟੀ 'ਚ ਨਿਯੁਕਤ ਕੀਤਾ। ਹਰੀ ਕ੍ਰਾਂਤੀ ਦੇ ਇਸ ਦੌਰ 'ਚ ਡਾ. ਦੇਵ ਰਾਜ ਭੂੰਬਲਾ ਨੇ ਵੀ ਯੂਨੀਵਰਸਿਟੀ ਦੇ ਭੂਮੀ ਵਿਭਾਗ ਤੇ ਪ੍ਰਸ਼ਾਸਨਿਕ ਖੇਤਰ 'ਚ ਵੱਖ-ਵੱਖ ਅਹੁਦਿਆਂ 'ਤੇ ਸੇਵਾ ਨਿਭਾਈ ਤੇ ਖੇਤੀ ਖੋਜ ਨੂੰ ਚੰਗਾ ਹੁਲਾਰਾ ਦਿੱਤਾ। ਉਨ੍ਹਾਂ ਦੀ ਅਗਵਾਈ 'ਚ ਵਿਗਿਆਨੀਆਂ ਵੱਲੋਂ ਵੱਧ ਝਾੜ ਦੇਣ ਵਾਲੀਆਂ ਫ਼ਸਲਾਂ ਦੀਆਂ ਕਿਸਮਾਂ ਦੇ ਕਈ ਤਜ਼ਰਬੇ ਕੀਤੇ ਗਏ। ਕਈ ਕਿਸਮਾਂ ਵਿਕਸਿਤ ਹੋਈਆਂ, ਜਿਸ ਨਾਲ ਪੰਜਾਬ 'ਚ ਅੰਨ ਦੇ ਅੰਬਾਰ ਲੱਗ ਗਏ। ਡਾ. ਭੂੰਬਲਾ ਦੀ ਟੀਮ ਦੇ ਖੋਜ ਕਾਰਜਾਂ ਨੂੰ ਵੀਸੀ ਪੀਐੱਨ ਥਾਪਰ ਵੱਲੋਂ ਅੰਤਰਰਾਸ਼ਟਰੀ ਪੱਧਰ ਦਾ ਐਲਾਨਿਆ ਗਿਆ। ਖੇਤੀ ਗਿਆਨ ਵਿਗਿਆਨ ਦੇ ਧਰੂ ਤਾਰੇ ਵਾਂਗ ਚਮਕਦੇ ਡਾ. ਦੇਵਰਾਜ ਭੂੰਬਲਾ ਨਵੇਂ ਖੇਤੀ ਵਿਗਿਆਨੀਆਂ ਦਾ ਚਾਨਣ ਮੁਨਾਰਾ ਹਨ।

*ਮੋਬਾਈਲ 98141-79010*

---

# ਗ਼ੈਰ ਰਵਾਇਤੀ ਊਰਜਾ ਸਰੋਤ ਸਮੇਂ ਦੀ ਮੁੱਖ ਲੋੜ

• ਅਜੈਬ ਸਿੰਘ, ਮਨਿੰਦਰ ਸਿੰਘ ਬੌਂਸ

ਮਨੁੱਖੀ ਸੱਭਿਅਤਾ ਦੀ ਤਰੱਕੀ ਊਰਜਾ ਦੇ ਸਾਧਨਾਂ 'ਤੇ ਨਿਰਭਰ ਕਰਦੀ ਹੈ। ਸਨਅਤੀਕਰਨ ਦੀ ਤੇਜ਼ ਰਫ਼ਤਾਰ ਕਾਰਨ ਊਰਜਾ ਦੀ ਲੋੜ ਵੀ ਤੇਜ਼ੀ ਨਾਲ ਵਧ ਰਹੀ ਹੈ। ਪਰ ਊਰਜਾ ਦੇ ਸਰੋਤ ਓਨੀ ਤੇਜ਼ੀ ਨਾਲ ਊਰਜਾ ਪੈਦਾ ਨਹੀਂ ਕਰ ਰਹੇ, ਜਿੰਨੀ ਤੇਜ਼ੀ ਨਾਲ ਊਰਜਾ ਦੀ ਲੋੜ ਵਧ ਰਹੀ ਹੈ। ਊਰਜਾ ਦੇ ਪ੍ਰਚਲਤ ਸਰੋਤਾਂ ਪੈਟਰੋਲ, ਡੀਜ਼ਲ ਕੋਲੇ ਆਦਿ ਦੀ ਧਰਤੀ ਹੇਠ ਇਕ ਸੀਮਤ ਮਾਤਰਾ ਹੈ, ਜੋ ਦਿਨੋਂ ਦਿਨ ਖ਼ਰਚ ਕੀਤੇ ਜਾਣ ਕਾਰਨ ਘਟ ਰਹੀ ਹੈ। ਇਸ ਤੋਂ ਇਲਾਵਾ ਇਨ੍ਹਾਂ ਦੀ ਵਰਤੋਂ ਵਾਤਾਵਰਨ ਨੂੰ ਵੀ ਪ੍ਰਦੂਸ਼ਿਤ ਕਰ ਰਹੀ ਹੈ। ਆਪਣੀਆਂ ਆਉਣ ਵਾਲੀਆਂ ਪੁਸ਼ਤਾਂ ਨੂੰ ਚੰਗਾ ਤੇ ਸਿਹਤਮੰਦ ਵਾਤਾਵਰਨ ਪ੍ਰਦਾਨ ਕਰਨਾ ਸਾਡੀ ਮੁਢਲੀ ਜ਼ਿੰਮੇਵਾਰੀ ਹੈ। ਇਸ ਲਈ ਸਾਨੂੰ ਗ਼ੈਰ ਰਵਾਇਤੀ ਊਰਜਾ ਸੋਮੇ ਵੱਲ ਵਧਣਾ ਹੀ ਪਵੇਗਾ ਅਤੇ ਇਹ ਸਮੇਂ ਦੀ ਮੁੱਖ ਲੋੜ ਵੀ ਹੈ।

### ਸੂਰਜੀ ਊਰਜਾ ਦੇ ਉਪਕਰਣ

ਸੂਰਜੀ ਊਰਜਾ ਕਦੇ ਨਾ ਖ਼ਤਮ ਹੋਣ ਵਾਲਾ ਕੁਦਰਤੀ ਸੋਮਾ ਹੈ। ਇਸ ਦਾ ਫ਼ਾਇਦਾ ਲੈਣ ਲਈ ਸੂਰਜੀ ਊਰਜਾ ਨਾਲ ਚੱਲਣ ਵਾਲੇ ਉਪਕਰਣਾਂ ਨੂੰ ਵਰਤੋਂ 'ਚ ਲਿਆਂਦਾ ਜਾ ਸਕਦਾ ਹੈ

### ਸੋਲਰ ਕੁੱਕਰ

ਸੋਲਰ ਕੁੱਕਰ ਇਕ ਬੰਦ ਕਾਲਾ ਡੱਬਾ ਹੁੰਦਾ ਹੈ। ਇਸ ਵਿਚ ਇਕ ਸ਼ੀਸ਼ੇ ਦੁਆਰਾ ਸੂਰਜੀ ਕਿਰਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਕਿਰਨਾਂ ਡੱਬੇ ਅੰਦਰ ਇੰਨਾ ਤਾਪਮਾਨ ਪੈਦਾ ਕਰਦੀਆਂ ਹਨ ਕਿ ਇਸ ਵਿਚ ਹਰ ਤਰ੍ਹਾਂ ਦੇ ਭੋਜਨ ਤਲੇ ਅਤੇ ਪਕਾਏ ਜਾ ਸਕਦੇ ਹਨ। ਸੋਲਰ ਕੁੱਕਰ ਦੀ ਵਰਤੋਂ ਨਾਲ ਪ੍ਰਦੂਸ਼ਣ ਵੀ ਨਹੀਂ ਫ਼ੈਲਦਾ ਅਤੇ ਖਾਣੇ ਦਾ ਸੁਆਦ ਤੇ ਪੌਸ਼ਟਿਕਤਾ ਵੀ ਬਰਕਰਾਰ ਰਹਿੰਦੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵੱਲੋਂ ਇਕ ਸ਼ੀਸ਼ੇ ਵਾਲਾ ਅਤੇ ਦੋ ਸ਼ੀਸ਼ਿਆਂ ਵਾਲਾ, ਦੋ ਤਰ੍ਹਾਂ ਦੇ ਸੋਲਰ ਕੁੱਕਰ ਬਣਾਏ ਗਏ ਹਨ। ਇਕ ਸ਼ੀਸ਼ੇ ਵਾਲੇ ਸੋਲਰ ਕੁੱਕਰ ਦੀ ਕੀਮਤ ਤਿੰਨ ਹਜ਼ਾਰ ਅਤੇ ਦੋ ਸ਼ੀਸ਼ਿਆਂ ਵਾਲੇ ਸੋਲਰ ਕੁੱਕਰ ਦੀ ਕੀਮਤ 3700 ਰੁਪਏ ਹੈ।

### ਸੂਰਜੀ ਜਿਨਸ ਸੁਕਾਵਾ (ਡਰਾਇਰ)

ਇਸ ਦੀ ਮਦਦ ਨਾਲ ਪਿਆਜ਼, ਮੇਥੀ, ਅਦਰਕ, ਲਸਣ, ਹਲਦੀ ਆਦਿ ਵਸਤਾਂ ਸੁਕਾਈਆਂ ਜਾ ਸਕਦੀਆਂ ਹਨ। ਇਸ ਵਿਧੀ ਨਾਲ ਸੁਕਾਈਆਂ ਵਸਤਾਂ ਮਿੱਟੀ ਤੇ ਗੰਦਗੀ ਤੋਂ ਰਹਿਤ ਹੁੰਦੀਆਂ ਹਨ। ਪੀਏਯੂ ਦੇ ਇਸ ਘਰੇਲੂ ਸੂਰਜੀ ਜਿਨਸ ਸੁਕਾਵੇ ਦੀ ਕੀਮਤ 2200 ਰੁਪਏ ਹੈ।

### ਫੋਟੋ ਵੋਲਟਿਕ ਸੈੱਲ

ਫੋਟੋ ਵੋਲਟਿਕ ਸੈੱਲਾਂ ਦੀ ਵਰਤੋਂ ਨਾਲ ਬਿਜਲੀ ਪੈਦਾ ਕਰ ਕੇ ਘਰਾਂ ਤੇ ਜਨਤਕ ਥਾਵਾਂ 'ਤੇ ਰੋਸ਼ਨੀ ਕੀਤੀ ਜਾ ਸਕਦੀ ਹੈ।

### ਬਾਇਓ ਗੈਸ

ਘਰਾਂ ਦੇ ਕੂੜੇ ਤੇ ਪਸ਼ੂਆਂ ਦੇ ਗੋਹੇ ਤੋਂ ਬਾਇਓ ਗੈਸ ਬਣਾਈ ਜਾਂਦੀ ਹੈ। ਬਾਇਓ ਗੈਸ ਪੌਦਿਆਂ, ਜਾਨਵਰਾਂ ਤੇ ਮਨੁੱਖੀ ਜੀਵਾਂ 'ਚ ਪਾਏ ਜਾਣ ਵਾਲੇ ਜੈਵਿਕ ਮਾਦੇ ਨੂੰ ਆਖਦੇ ਹਨ। ਇਹ ਵੀ ਸੂਰਜ ਦੀ ਅਸਿੱਧੀ



ਸ਼ਕਤੀ ਦੀ ਇਕ ਵਿਧੀ ਹੈ। ਇਹ ਵਾਤਾਵਰਨ ਨੂੰ ਪ੍ਰਦੂਸ਼ਿਤ ਨਹੀਂ ਕਰਦੀ ਤੇ ਇਸ ਤੋਂ ਬਣੀ ਖਾਦ ਨਾਲ ਰਸਾਇਣਕ ਖਾਦਾਂ ਦੀ ਵਰਤੋਂ ਘਟਾਈ ਜਾ ਸਕਦੀ ਹੈ। ਬਾਇਓ ਗੈਸ ਭੋਜਨ ਬਣਾਉਣ, ਰੋਸ਼ਨੀ, ਡੀਜ਼ਲ ਇੰਜਣ ਆਦਿ ਚਲਾਉਣ ਲਈ ਵਰਤੀ ਜਾ ਸਕਦੀ ਹੈ। ਇਕ ਘਣ ਮੀਟਰ ਬਾਇਓ ਗੈਸ ਨਾਲ 3.50 ਕਿੱਲੋ ਲੱਕੜੀ, 12.30 ਕਿੱਲੋ ਪਾਥੀਆਂ, 1.6 ਕਿੱਲੋ ਕੋਲਾ, 0.62 ਲਿਟਰ ਮਿੱਟੀ ਦਾ ਤੇਲ, 0.43 ਕਿੱਲੋ ਪੈਟਰੋਲੀਅਮ ਗੈਸ, 0.52 ਲਿਟਰ ਡੀਜ਼ਲ ਦੀ ਬੱਚਤ ਕੀਤੀ ਜਾ ਸਕਦੀ ਹੈ। ਇਨ੍ਹਾਂ ਉਪਰਕਰਣਾਂ ਦੀ ਖ਼ਰੀਦ ਜਾਂ ਬਣਵਾਉਣ 'ਤੇ ਪੰਜਾਬ ਵਿਕਾਸ ਏਜੰਸੀ (ਪੀਡਾ) ਵੱਲੋਂ ਸਬਸਿਡੀ ਵੀ ਦਿੱਤੀ ਜਾਂਦੀ ਹੈ।



### ਸੋਲਰ ਵਾਟਰ ਹੀਟਰ

ਸੋਲਰ ਵਾਟਰ ਹੀਟਿੰਗ ਸਿਸਟਮ ਤਿੰਨ ਤਰ੍ਹਾਂ ਦੇ ਹੁੰਦੇ ਹਨ। ਫਲੈਟ ਪਲੇਟ ਕੁਲੈਕਟਰ ਸਿਸਟਮ, ਟਿਊਬਾਂ ਵਾਲਾ ਕੁਲੈਕਟਰ ਸਿਸਟਮ ਤੇ ਪੈਰਾਬੋਲਿਕ ਜਾਂ ਡਿਸ਼ ਟਾਈਪ ਸਿਸਟਮ। ਫਲੈਟ ਪਲੇਟ ਕੁਲੈਕਟਰ ਤੇ ਟਿਊਬਾਂ ਵਾਲਾ ਕੁਲੈਕਟਰ ਸਿਸਟਮ 80 ਡਿਗਰੀ ਸੈਂਟੀਗ੍ਰੇਡ ਤਕ ਪਾਣੀ ਗਰਮ ਕਰ ਸਕਦੇ ਹਨ। ਪੈਰਾਬੋਲਿਕ ਸਿਸਟਮ 80 ਡਿਗਰੀ ਤੋਂ ਉੱਪਰ ਪਾਣੀ ਗਰਮ ਜਾਂ ਭਾਫ਼ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ।

*ਮੋਬਾਈਲ 94647-64320*

---

# ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਬਿਮਾਰੀਆਂ ਤੋਂ ਰੋਕਥਾਮ

• ਹ.ਸ. ਰੰਧਾਵਾ, ਸ.ਸ. ਕੰਗ

ਪੰਜਾਬ ਵਿਚ ਸਬਜ਼ੀਆਂ ਦੀ ਕਾਸਤ ਲਗਪਗ 2.03 ਲੱਖ ਹੈਕਟੇਅਰ ਰਕਬੇ 'ਚ ਕੀਤੀ ਜਾਂਦੀ ਹੈ ਤੇ ਔਸਤ ਪੈਦਾਵਾਰ 19.68 ਟਨ ਪ੍ਰਤੀ ਹੈਕਟੇਅਰ ਹੈ।।ਪੰਜਾਬ ਵਿਚ ਕੱਦੂ ਜਾਤੀ ਦੀਆਂ ਸਬਜ਼ੀਆਂ ਦਾ ਮਹੱਤਵਪੂਰਨ ਸਥਾਨ ਹੈ। ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਕਾਸ਼ਤ ਦੂਜੀਆਂ ਸਬਜ਼ੀਆਂ ਦੇ ਮੁਕਾਬਲੇ ਬੇਹੱਦ ਸੌਖੀ ਹੈ। ਇਨ੍ਹਾਂ ਦੀਆਂ ਵੇਲਾਂ ਨੂੰ ਖੇਤ ਤੋਂ ਇਲਾਵਾ ਕਿਸੇ ਵੀ ਫਾਲਤੂ ਜਗ੍ਹਾ, ਕੰਧਾਂ, ਤੂੜੀ ਵਾਲੇ ਕੁੱਪ, ਦਰੱਖ਼ਤਾਂ ਆਦਿ ਦੇ ਨੇੜੇ ਵੀ ਉਗਾਇਆ ਜਾ ਸਕਦਾ ਹੈ। ਇਨ੍ਹਾਂ ਫ਼ਸਲਾਂ 'ਚ ਬਿਮਾਰੀਆਂ ਨੂੰ ਸਹਾਰਨ ਦੀ ਸਮਰਥਾ ਘੱਟ ਹੁੰਦੀ ਹੈ। ਇਨ੍ਹਾਂ 'ਤੇ ਬਿਮਾਰੀ ਦੇ ਹਮਲੇ ਦੀਆਂ ਨਿਸ਼ਾਨੀਆਂ ਤੇ ਰੋਕਥਾਮ ਦੇ ਤਰੀਕੇ ਇਹ ਹਨ :

### ਪੀਲੇ ਧੱਬਿਆਂ ਦਾ ਰੋਗ

ਇਸ ਬਿਮਾਰੀ ਨਾਲ ਸ਼ੁਰੂ ਵਿਚ ਪੱਤਿਆਂ ਦੇ ਹੇਠਲੇ ਪਾਸੇ ਪਾਣੀ ਭਿੱਜੇ ਧੱਬੇ ਬਣ ਜਾਂਦੇ ਹਨ, ਜੋ ਬਾਅਦ 'ਚ ਮਿਲ ਕੇ ਵੱਡਾ ਆਕਾਰ ਲੈ ਲੈਂਦੇ ਹਨ। ਪੱਤੇ ਉੱਪਰ ਪੀਲੇ ਧੱਬੇ ਬਣ ਜਾਂਦੇ ਹਨ। ਸਵੇਰ ਵੇਲੇ ਇਨ੍ਹਾਂ ਧੱਬਿਆਂ ਹੇਠ ਸਲੇਟੀ ਰੰਗ ਦੀ ਰੂੰ ਵਰਗੀ ਪਲਪ ਵਿਖਾਈ ਦਿੰਦੀ ਹੈ। ਪੱਤਿਆਂ ਦੀਆਂ ਨਾੜੀਆਂ ਉੱਪਰ ਭੂਰੇ ਰੰਗ ਦੇ ਚਮਕਦਾਰ ਧੱਬੇ ਬਣ ਜਾਂਦੇ ਹਨ। ਜਿਸ ਨਾਲ ਵੇਲਾਂ ਦਾ ਵਾਧਾ ਰੁਕ ਜਾਂਦਾ ਹੈ ਤੇ ਝਾੜ ਘਟ ਜਾਂਦਾ ਹੈ।

**ਰੋਕਥਾਮ** : ਬਿਜਾਈ ਵਾਸਤੇ ਚੰਗੇ ਨਿਕਾਸ ਵਾਲੀ ਜ਼ਮੀਨ ਦੀ ਚੋਣ ਕਰੋ। ਫ਼ਸਲ ਨੂੰ ਲੋੜ ਤੋਂ ਜ਼ਿਆਦਾ ਪਾਣੀ ਨਾ ਲਾਓ। ਫ਼ਸਲ ਨੂੰ ਨਦੀਨਾਂ ਤੋਂ ਮੁਕਤ ਰੱਖੋ। ਇਸ ਰੋਗ ਦੀ ਰੋਕਥਾਮ ਲਈ ਵੇਲਾਂ ਉੱਪਰ 300-600 ਗ੍ਰਾਮ ਇੰਡੋਫਿਲ ਐਮ-45 ਕਵਚ ਵੇਲਾਂ ਦੇ ਆਕਾਰ ਅਨੁਸਾਰ ਪ੍ਰਤੀ ਏਕੜ 100-200 ਲਿਟਰ ਪਾਣੀ 'ਚ ਘੋਲ ਕੇ ਅਪ੍ਰੈਲ ਦੇ ਦੂਜੇ ਪੰਦਰਵਾੜੇ ਦੌਰਾਨ ਬਿਮਾਰੀ ਦਾ ਹਮਲਾ ਹੋਣ 'ਤੇ ਪਹਿਲਾ ਛਿੜਕਾਅ ਕਰੋ। ਇਸ ਤੋ ਬਾਅਦ ਹਫ਼ਤੇ-ਹਫ਼ਤੇ ਬਾਅਦ ਛੇ ਹੋਰ ਛਿੜਕਾਅ ਕਰੋ। ਜ਼ਿਆਦਾ ਹਮਲਾ ਹੋਵੇ ਤਾਂ ਤੀਜਾ ਤੇ ਚੌਥਾ ਛਿੜਕਾਅ 500 ਗ੍ਰਾਮ ਰਿਡੋਮਿਲ ਐੱਮਜ਼ੈੱਡ ਜਾਂ 600 ਗ੍ਰਾਮ ਇਲੇਟੀ ਪ੍ਰਤੀ ਏਕੜ 200 ਲੀਟਰ ਪਾਣੀ 'ਚ ਘੋਲ ਕੇ ਕਰੋ ਤੇ 10 ਦਿਨ ਬਾਅਦ 600 ਗ੍ਰਾਮ ਇੰਡੋਫਿਲ ਐੱਮ-45 ਕਵਚ ਦਾ ਇਕ ਹੋਰ ਛਿੜਕਾਅ ਕਰੋ।

### ਝੁਲਸ ਰੋਗ

ਬਾਰਿਸ਼ ਕਾਰਨ ਹਵਾ 'ਚ ਨਮੀ ਵਾਧਣ ਨਾਲ ਝੁਲਸ ਰੋਗ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਦਾ ਹਮਲਾ ਪੁਰਾਣੇ ਪੱਤਿਆਂ ਤੋਂ ਸ਼ੁਰੂ ਹੁੰਦਾ ਹੈ। ਪੱਤਿਆਂ ਉੱਪਰ ਪਹਿਲਾਂ ਪੀਲੇ, ਫਿਰ ਭੂਰੇ ਤੇ ਅੰਤ ਕਾਲੇ ਧੱਬੇ ਬਣ ਜਾਂਦੇ ਹਨ। ਪਹਿਲਾਂ ਛੋਟੇ-ਛੋਟੇ ਧੱਬੇ ਪੱਤਿਆਂ ਦੇ ਕਿਨਾਰਿਆਂ 'ਤੇ ਬਣਦੇ ਹਨ ਤੇ ਬਾਅਦ 'ਚ ਪੱਤਿਆਂ ਦੇ ਵਿਚਕਾਰ ਗੋਲਧਾਰੇ ਬਣ ਜਾਂਦੇ ਹਨ। ਅੰਤ ਵੇਲਾਂ ਕਾਲੀਆਂ ਪੈ ਜਾਂਦੀਆਂ ਹਨ। ਇਸ ਬਿਮਾਰੀ ਦਾ ਹਮਲਾ ਤਰਬੂਜ ਦੀ ਫ਼ਸਲ ਉੱਪਰ ਜ਼ਿਆਦਾ ਹੁੰਦਾ ਹੈ।

**ਰੋਕਥਾਮ** : ਅਖ਼ੀਰਲੀ ਤੁੜਾਈ ਤੋ ਬਾਅਦ ਵੇਲਾਂ ਦੀ ਰਹਿਦ-ਖੂੰਹਦ ਨੂੰ ਖਤਮ ਕਰ ਦਿਓ ਤੇ ਖੇਤ ਦੀ ਡੂੰਘੀ ਵਹਾਈ ਕਰੋ। ਇਕ-ਦੋ ਸਾਲ ਵਾਸਤੇ ਫ਼ਸਲੀ ਚੱਕਰ 'ਚ ਅਦਲਾ-ਬਦਲੀ ਕਰੋ। ਇਸ ਦਾ ਹਮਲਾ ਮਾੜੀ ਫ਼ਸਲ 'ਤੇ ਜ਼ਿਆਦਾ ਹੁੰਦਾ ਹੈ, ਇਸ ਲਈ ਫ਼ਸਲ ਦੇ ਚੰਗੇ ਵਾਧੇ ਦੀ ਹਰ ਸੰਭਵ ਕੋਸ਼ਿਸ਼ ਕਰੋ। ਵੇਲਾਂ ਉੱਪਰ 10-15 ਦਿਨਾਂ ਦੇ ਫ਼ਰਕ 'ਤੇ 300 ਗ੍ਰਾਮ ਇੰਡੋਫਿਲ ਐੱਮ-45 ਦਾ ਪ੍ਰਤੀ ਏਕੜ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।







### ਗਿੱਚੀ ਗਲਣੀ

ਫਲ ਪੈਣ ਸਮੇਂ ਜ਼ਿਆਦਾ ਗਰਮ ਤੇ ਖੁਸ਼ਕ ਮੌਸਮ 'ਚ ਇਹ ਬਿਮਾਰੀ ਜਲਦੀ ਫੈਲਦੀ ਹੈ। ਬਿਮਾਰੀ ਦੇ ਲੱਛਣ ਬੂਟੇ ਦੇ ਨਵੇਂ ਟਿਸੂਆਂ ਉੱਪਰ ਪੈਦਾ ਹੁੰਦੇ ਹਨ। ਤਣੇ ਦੇ ਹੇਠਲੇ ਹਿੱਸੇ 'ਤੇ ਭੂਰੇ ਤੇ ਗਹਿਰੇ ਭੂਰੇ ਰੰਗ ਦੇ ਚਟਾਕ ਪੈ ਜਾਂਦੇ ਹਨ। ਜਿਨ੍ਹਾਂ ਉੱਪਰ ਬਾਅਦ 'ਚ ਚਿੱਟੇ ਰੰਗ ਦੀ ਉੱਲੀ ਪੈਦਾ ਹੋ ਜਾਂਦੀ ਹੈ।।ਅਖ਼ੀਰ 'ਚ ਤਣਾ ਸੁੱਕ ਜਾਂਦਾ ਹੈ ਤੇ ਪੌਦਾ ਮਰ ਜਾਂਦਾ ਹੈ।

**ਰੋਕਥਾਮ** : ਬਿਮਾਰੀ ਦੇ ਹਮਲੇ ਵਾਲੇ ਬੂਟਿਆਂ ਤੇ ਨਦੀਨਾਂ ਦਾ ਖੇਤ 'ਚੋਂ ਖਾਤਮਾ ਕਰਦੇ ਰਹੋ। ਇਹ ਕੰਮ ਬਹੁਤ ਆਰਾਮ ਨਾਲ ਕਰੋ ਤਾਂ ਜੋ ਬਿਮਾਰੀ ਦੇ ਕਣ ਨਰੋਏ ਪੌਦਿਆਂ 'ਤੇ ਨਾ ਪੈਣ। ਇਸ ਬਿਮਾਰੀ ਨੂੰ ਫੈਲਾਉਣ 'ਚ ਕੀੜੇ ਅਹਿਮ ਰੋਲ ਅਦਾ ਕਰਦੇ ਹਨ, ਇਸ ਲਈ ਫ਼ਸਲ 'ਚ ਕੀੜਿਆਂ ਦੀ ਰੋਕਥਾਮ ਬੇਹੱਦ ਜ਼ਰੂਰੀ ਹੈ।

### ਵਿਸ਼ਾਣੂ ਰੋਗ

ਵਿਸ਼ਾਣੂ ਰੋਗ ਸਰਦੀਆਂ ਵਿਚ ਰਹਿਣ ਵਾਲੇ ਨਦੀਨਾਂ 'ਤੇ ਨਿਰਭਰ ਕਰਦਾ ਹੈ। ਇਸ ਤੋ ਇਲਾਵਾ ਇਸ ਰੋਗ ਦੇ ਕਣ ਮਿੱਟੀ, ਬੀਜ ਜਾਂ ਸਰਦੀਆਂ ਵਿਚ ਗਮਲਿਆਂ 'ਚ ਬੀਜੀਆਂ ਵੇਲਾਂ 'ਤੇ ਵੀ ਰਹਿੰਦੇ ਹਨ। ਕੱਦੂ ਜਾਤੀ ਦੀਆਂ ਵੇਲਾਂ ਉੱਪਰ ਇਹ ਰੋਗ ਤੇਲੇ, ਚਿੱਟੀ ਮੱਖੀ ਤੇ ਪੱਤਿਆਂ ਦੇ ਟਿੱਡਿਆਂ ਦੁਆਰਾ ਵਧੇਰੇ ਫ਼ੈਲਦਾ ਹੈ। ਇਸ ਦੇ ਲੱਛਣ ਬੂਟਿਆਂ 'ਚ ਲੋੜੀਂਦੇ ਤੱਤਾਂ ਦੀ ਘਾਟ ਦੇ ਚਿੰਨ੍ਹਾਂ ਨਾਲ ਮੇਲ ਖਾਂਦੇ ਹਨ। ਇਸ ਕਰਕੇ ਸ਼ੁਰੂ 'ਚ ਬਿਮਾਰੀ ਦੀ ਪਛਾਣ ਕਰਨੀ ਔਖੀ ਹੈ।।ਇਸ ਦੇ ਹਮਲੇ ਨਾਲ ਪੱਤਿਆਂ ਉੱਪਰ ਗੂੜ੍ਹੇ ਤੇ ਫਿੱਕੇ ਹਰੇ ਦਾਗ਼ ਪੈ ਜਾਂਦੇ ਹਨ। ਪੱਤਿਆਂ ਦਾ ਆਕਾਰ ਘਟ ਜਾਂਦਾ ਹੈ। ਇਸ ਦਾ ਜ਼ਿਆਦਾ ਹਮਲਾ ਘੀਆ ਕੱਦੂ, ਕਾਲੀ ਤੋਰੀ ਤੇ ਵੰਗਾਂ ਉੱਪਰ ਹੁੰਦਾ ਹੈ। ਅਖ਼ੀਰ ਵਿਚ ਬਿਮਾਰੀ ਵਾਲੀਆਂ ਵੇਲਾਂ ਦੇ ਫਲ ਸੁੰਗੜ ਜਾਂਦੇ ਤੇ ਵਿਚਕਾਰੋਂ ਉਭਰੇ ਜਿਹੇ ਲਗਦੇ ਹਨ।

**ਰੋਕਥਾਮ** : ਬੀਜ ਅਤੇ ਖੇਤ 'ਚ ਲਗਾਉਣ ਲਈ ਤਿਆਰ ਕੀਤੇ ਪੌਦਿਆਂ ਦੀ ਖ਼ਰੀਦ ਭਰੋਸੇਯੋਗ ਸੋਮਿਆਂ ਤੋਂ ਹੀ ਕਰੋ। ਬਿਮਾਰੀ ਦੇ ਹਮਲੇ ਵਾਲੇ ਬੂਟਿਆਂ ਤੇ ਨਦੀਨਾਂ ਦਾ ਖਾਤਮ ਕਰਦੇ ਰਹੋ। ਇਸ ਬਿਮਾਰੀ ਨੂੰ ਫੈਲਾਉਣ 'ਚ ਕੀੜੇ ਅਹਿਮ ਰੋਲ ਅਦਾ ਕਰਦੇ ਹਨ, ਇਸ ਲਈ ਫ਼ਸਲ ਉੱਪਰ ਕੀੜਿਆਂ ਦੀ ਰੋਕਥਾਮ ਲਈ ਸਿਫਾਰਸ਼ ਕੀਤੇ ਰਸਾਇਣਾਂ ਦਾ ਛਿੜਕਾਅ ਕਰੋ।

## ਚਿੱਟੀ ਉੱਲੀ

ਫ਼ਸਲ ਦੀ ਬਿਜਾਈ ਤੋ 7-8 ਹਫ਼ਤੇ ਬਾਅਦ ਪੱਤਿਆਂ ਉੱਪਰ ਛੋਟੇ-ਛੋਟੇ ਧੱਬੇ ਪੈ ਜਾਂਦੇ ਹਨ। ਬਾਆਦ ਵਿਚ ਪੌਦੇ ਦੇ ਸਾਰੇ ਹਿੱਸਿਆਂ ਉੱਪਰ ਆਟੇ ਵਰਗੇ ਚਿੱਟੇ ਧੱਬੇ ਬਣ ਜਾਂਦੇ ਹਨ। ਬੂਟੇ ਦਾ ਵਾਧਾ ਰੁਕ ਜਾਂਦਾ ਹੈ, ਜਿਸ ਨਾਲ ਝਾੜ ਤੇ ਗੁਣਵੱਤਾ 'ਤੇ ਮਾੜਾ ਅਸਰ ਪੈਂਦਾ ਹੈ।।ਖੁਸ਼ਕ ਮੌਸਮ 'ਚ ਇਸ ਦਾ ਹਮਲਾ ਜ਼ਿਆਦਾ ਹੁੰਦਾ ਹੈ ਅਤੇ ਫਲ ਕਮਜ਼ੋਰ ਤੇ ਫਿੱਕੇ ਰਹਿੰਦੇ ਹਨ।

**ਰੋਕਥਾਮ** : ਇਕ ਹੀ ਖੇਤ ਵਿਚ ਲਗਾਤਾਰ ਕੱਦੂ ਜਾਤੀ ਦੀ ਸਬਜ਼ੀਆਂ ਨਾ ਬੀਜੋ। ਬਿਮਾਰੀ ਦੇ ਹਮਲੇ ਵਾਲੇ ਬੂਟਿਆਂ ਤੇ ਨਦੀਨਾਂ ਦਾ ਖਾਤਮਾ ਕਰਦੇ ਰਹੋ। ਹਮਲੇ ਵੇਲੇ ਫ਼ਸਲ ਉੱਪਰ 50-60 ਮਿਲੀਲਿਟਰ ਕੇਰਾਥੇਨ 25 ਈਸੀ ਨੂੰ 100 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਵੇਲਾਂ ਉੱਪਰ ਛਿੜਕਾ ਕਰੋ। 15 ਦਿਨ ਬਾਅਦ ਦੁਬਾਰਾ ਛਿੜਕਾਅ ਕਰੋ।



ਖੇਤੀ ਸੰਦਾਂ ਨੂੰ ਖੇਤ 'ਚ ਵਰਤਣ ਤੋ ਪਹਿਲਾਂ ਰੋਗ ਰਹਿਤ ਕਰ ਲਵੋ।

### ਜੜ੍ਹਾਂ ਵਿਚ ਗੰਢਾਂ ਪੈਣਾ

ਇਸ ਰੋਗ ਨਾਲ ਪੱਤੇ ਪੀਲੇ ਪੈ ਜਾਂਦੇ ਹਨ ਤੇ ਫ਼ਸਲ ਦਾ ਵਾਧਾ ਰੁਕ ਜਾਂਦਾ ਹੈ। ਜੜ੍ਹਾਂ ਉੱਤੇ ਗੰਢਾਂ ਪੈ ਜਾਂਦੀਆਂ ਹਨ। ਪਨੀਰੀ ਵਾਲੇ ਪੌਦਿਆਂ 'ਤੇ ਵੀ ਅਸਰ ਹੁੰਦਾ ਹੈ। ਇਸ ਬਿਮਾਰੀ ਦੇ ਕੀਟਾਣੂ (ਨੀਮਾਟੋਡ) ਕਾਫੀ ਸਮੇਂ ਤਕ ਮਿੱਟੀ 'ਚ ਜਿਊਂਦੇ ਰਹਿੰਦੇ ਹਨ।।

**ਰੋਕਥਾਮ** : ਜਿਨ੍ਹਾਂ ਖੇਤਾਂ 'ਚ ਇਹ ਬਿਮਾਰੀ ਲਗਦੀ ਹੋਵੇ, ਉਥੇ ਇਸ ਬਿਮਾਰੀ ਦਾ ਟਾਕਰਾ ਕਰਨ ਵਾਲੀ ਕਿਸਮ ਪੰਜਾਬ ਐੱਨਆਰ-7 ਬੀਜੋ। ਸਬਜ਼ੀਆਂ ਦੀ ਪਨੀਰੀ ਤਿਆਰ ਕਰਨ ਵਾਲੀ ਥਾਂ ਨੂੰ ਭਰਵਾ ਪਾਣੀ ਲਾ ਕੇ ਪਲਾਸਟਿਕ ਦੀ ਚਾਦਰ ਨਾਲ ਮਈ-ਜੂਨ ਦੇ ਮਹੀਨੇ 'ਚ ਚੰਗੀ ਤਰ੍ਹਾਂ ਢਕ ਕੇ 40 ਦਿਨਾਂ ਵਾਸਤੇ ਧੁੱਪ ਲਗਾਓ। ਤੋਰੀਆ ਜਾਂ ਤਾਰਾਮੀਰੇ ਦੀ 40 ਦਿਨਾਂ ਦੀ ਫ਼ਸਲ ਪਨੀਰੀ ਵਾਲੀਆਂ ਕਿਆਰੀਆਂ ਵਿਚ ਬਿਜਾਈ ਤੋਂ 10 ਦਿਨ ਪਹਿਲਾਂ ਵਾਹ ਦਿਓ ਤੇ 3-4 ਵਾਰੀ ਵਾਹ ਕੇ ਪਨੀਰੀ ਬੀਜਣ ਲਈ ਕਿਆਰੀਆਂ ਬਣਾਓ। ਨਰਸਰੀ ਵਾਲੇ ਪੌਦਿਆਂ ਨੂੰ ਡਾਈਮੈਥੋਏਟ (10 ਮਿਲੀਲੀਟਰ) ਰੋਗਰ 30 ਤਾਕਤ ਦਵਾਈ 10 ਲੀਟਰ ਪਾਣੀ 'ਚ ਘੋਲ ਕੇ ਖੇਤ ਵਿਚ ਲਗਾਉਣ ਤੋਂ ਪਹਿਲਾਂ 6 ਘੰਟੇ ਲਈ ਡੁਬੋ ਲਵੋ। •

# ਆਜ ਕੁਛ ਤੂਫਾਨੀ ਕਰਤੇ ਹੈਂ: ਹਨੂਮਾਨ ਜਾਤੀ ਅਤੇ ਥਮਸ ਅੱਪ ਅਮਪ ਅੱਪ ਭਾਰਤ ਬਨਾਮ ਪਾਕਿਸਤਾਨ ਆਈਸੀਸੀ ਪੁਰਸ਼ ਟੀ-20 ਵਿਸ਼ਵ ਕੱਪ

**ਚੰਡੀਗੜ੍ਹ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਝ ਦਿਨ ਇਸਨੂੰ ਇੱਕ ਪੱਧਰ 'ਤੇ ਲੈ ਜਾਣ ਦੀ ਮੰਗ ਕਰਦੇ ਹਨ, ਦੂਜੇ ਦਿਨ ਪੂਰੀ ਗਰਜ ਦੀ ਮੰਗ ਕਰਦੇ ਹਨ। ਜਦੋਂ ਇਹ ਭਾਰਤ ਬਨਾਮ ਪਾਕਿਸਤਾਨ ਕ੍ਰਿਕਟ ਮੈਚ ਹੁੰਦਾ ਹੈ, ਤਾਂ ਉੱਥੇ ਆਉਣ ਦਾ ਇੱਕੋ ਇੱਕ ਤਰੀਕਾ ਹੁੰਦਾ ਹੈ ਅਤੇ ਉਹ ਹੈ ਤੂਫਾਨੀ। ਅੱਜ ਕੁਝ ਤੂਫਾਨੀ ਕਰਤੇ ਹੈਂ ਦੇ ਆਪਣੇ ਗੀਤ ਦੇ ਫਲਸਫ਼ੇ ਨੂੰ ਜੀਉਂਦੇ ਹੋਏ, ਥਮਸ ਅੱਪ ਨੇ ਭਾਰਤ-ਪਾਕਿਸਤਾਨ ਆਈਸੀਸੀ ਪੁਰਸ਼ ਟੀ20 ਵਿਸ਼ਵ ਕੱਪ ਮੈਚ ਨੂੰ ਇੱਕ ਤੂਫਾਨੀ ਤਮਾਸ਼ੇ ਵਿੱਚ ਬਦਲ ਦਿੱਤਾ। ਆਈਕੋਨਿਕ ਹਿੱਪ-ਹੌਪ ਕਲਾਕਾਰ ਹਨੂਮਾਨਕਾਈਂਡ ਨੇ ਸਟੇਡੀਅਮ ਦੀ ਕਮਾਨ ਸੰਭਾਲੀ ਅਤੇ ਮੈਚ-ਡੇਅ ਊਰਜਾ ਨੂੰ ਇੱਕ ਪੂਰੇ ਵਿਕਸਤ ਟੇਸਟ ਦੇ ਭੰਡਾਰ ਪਲ ਵਿੱਚ ਬਦਲ ਦਿੱਤਾ। ਖਚਾਖਚ ਭਰੇ ਸਟੇਡੀਅਮ ਦੀ ਪਿੱਠਭੂਮੀ ਵਿੱਚ, ਹਨੂਮਾਨਕਿੰਡ ਨੇ ਥਮਸ ਅੱਪ ਦਾ ਨਵੀਨਤਮ ਗੀਤ - ਟੇਸਟ ਦੇ ਭੰਡਾਰ ਆਪਣੇ ਕੁਝ ਚੋਣਵੇਂ ਟਰੈਕਾਂ ਦੇ ਨਾਲ ਪੇਸ਼ ਕੀਤਾ। ਹਨੂਮਾਨਕਿੰਡ ਦੇ ਪ੍ਰਦਰਸ਼ਨ ਨੇ ਮੈਚ ਦੀ ਤੀਬਰਤਾ ਨੂੰ ਦਰਸਾਇਆ, ਸਟੇਡੀਅਮ ਅਤੇ ਸਕ੍ਰੀਨ 'ਤੇ ਥਮਸ ਅੱਪ ਦੀ ਗਰਜਦੀ ਭਾਵਨਾ ਨੂੰ ਜ਼ਿੰਦਾ ਕੀਤਾ। ਥਮਸ ਅੱਪ ਦੇ ਸਿਗਨੇਚਰ ਸਟੈਟਿਕ-ਗਲਿੱਚ ਵਿਜ਼ੂਅਲਸ ਨੇ *54 ਸਕ੍ਰੀਨਾਂ 'ਤੇ ਕਬਜ਼ਾ ਕਰ ਲਿਆ, ਜਿਸ ਤੋਂ ਬਾਅਦ ਇੱਕ ਤਿੱਖੀ ਕਾਊਂਟਡਾਊਨ ਹੋਇਆ ਜਿਸਨੇ ਮਾਹੌਲ ਨੂੰ ਸੈੱਟ ਕਰ ਦਿੱਤਾ। ਫਿਰ ਹਨੂਮਾਨਕਾਈਂਡ ਨੇ ਟੇਸਟ ਦੇ ਭੰਡਾਰ ਨਾਲ ਸਟੇਜ 'ਤੇ ਕਦਮ ਰੱਖਿਆ, ਕਿਉਂਕਿ ਤਾਲਮੇਲ ਵਾਲੀ ਰੋਸ਼ਨੀ, ਧੂੰਏਂ ਅਤੇ ਏਰੀਅਲ ਕੋਰੀਓਗ੍ਰਾਫੀ ਨੇ ਪ੍ਰਦਰਸ਼ਨ ਨੂੰ ਵਧਾ ਦਿੱਤਾ, ਇਸ ਤੋਂ ਪਹਿਲਾਂ ਕਿ ਕਿੰਗਜ਼ ਯੂਨਾਈਟਿਡ ਇੰਡੀਆ ਦੀ ਅਗਵਾਈ ਵਿੱਚ ਇੱਕ ਉੱਚ-ਊਰਜਾ ਵਾਲੇ ਫਾਈਨਲ ਵਿੱਚ ਤਮਾਸ਼ਾ ਬਦਲ ਗਿਆ। ਇਸ ਪਲ ਨੇ ਘਰੇਲੂ ਹਿੱਪ ਹੌਪ ਵਰਤਾਰੇ, ਆਈਕੋਨਿਕ ਹਿੱਪ-ਹੌਪ ਡਾਂਸ ਕਰੂ ਅਤੇ ਆਈਸੀਸੀ ਪੁਰਸ਼ ਟੀ20 ਵਿਸ਼ਵ ਕੱਪ ਐਕਸ਼ਨ ਨੂੰ ਇੱਕ ਸ਼ਾਨਦਾਰ ਸੱਭਿਆਚਾਰਕ ਸਹਿਯੋਗ ਵਿੱਚ ਇਕੱਠਾ ਕੀਤਾ, ਇੱਕ ਸ਼ਕਤੀਸ਼ਾਲੀ, ਭੀੜ-ਅਗਵਾਈ ਵਾਲੇ ਤੂਫਾਨੀ ਕ੍ਰੈਸ਼ੇਂਡੋ ਨਾਲ ਸਮਾਪਤ ਹੋਇਆ। ਹਨੂਮਾਨਕਾਈਂਡ ਨੇ ਕਿਹਾ , ਇਸ ਤਰ੍ਹਾਂ ਦੇ ਮੈਚ ਵਿੱਚ ਪ੍ਰਦਰਸ਼ਨ ਕਰਨਾ ਸ਼ਾਨਦਾਰ ਹੈ। ਤੁਸੀਂ ਹਵਾ ਵਿੱਚ ਊਰਜਾ ਮਹਿਸੂਸ ਕਰ ਸਕਦੇ ਹੋ। ਥਮਸ ਅੱਪ ਨਾਲ ਅਜਿਹਾ ਕਰਨ ਦੇ ਯੋਗ ਹੋਣਾ ਖਾਸ ਹੈ, ਇਹ ਖੇਡਾਂ ਦੇ ਪ੍ਰਸ਼ੰਸਕ ਬਣਨ ਦਾ ਇੱਕ ਚੰਗਾ ਸਮਾਂ ਹੈ। ਟੇਸਟ ਦ ਭੰਡਾਰ ਹਨੂਮਾਨਕਾਈਂਡ ਦੇ ਸਟ੍ਰੀਟ ਕਵਿਤਾਵਾਂ ਅਤੇ ਵਿਸ਼ਾਲ ਡਰਾਮਾ ਦੇ ਕਮਾਲ ਦੇ ਹੁੱਕਸ ਨੂੰ ਇਕੱਠਾ ਕਰਦਾ ਹੈ। ਹਾਲ ਹੀ ਵਿੱਚ ਮੁੰਬਈ ਵਿੱਚ ਇੱਕ ਪ੍ਰੈਸ ਸ਼ੋਅਕੇਸ ਵਿੱਚ ਲਾਂਚ ਕੀਤਾ ਗਿਆ, ਇਹ ਗੀਤ ਪਹਿਲਾਂ ਹੀ ਆਪਣੀ ਕੱਚੀ ਆਵਾਜ਼ ਅਤੇ ਨਿਡਰ ਰਵੱਈਏ ਲਈ ਇੱਕ ਸੁਰ ਨੂੰ ਛੂਹ ਰਿਹਾ ਹੈ।

ਸੁਮੇਲੀ ਚੈਟਰਜੀ, ਕੈਟੇਗਰੀ ਹੈੱਡ, ਸਪਾਰਕਲਿੰਗ ਫਲੇਵਰਸ, ਕੋਕਾ-ਕੋਲਾ ਇੰਡੀਆ ਅਤੇ ਸਾਊਥਵੈਸਟ ਏਸ਼ੀਆ ਨੇ ਕਿਹਾ, ਇਸ ਤਰ੍ਹਾਂ ਦਾ ਮੈਚ ਕ੍ਰਿਕਟ ਇਤਿਹਾਸ ਵਿੱਚ ਇੱਕ ਨਿਸ਼ਾਨ ਬਣ ਜਾਂਦਾ ਹੈ, ਨਾ ਸਿਰਫ਼ ਦੋਵਾਂ ਟੀਮਾਂ ਦੇ ਪ੍ਰਸ਼ੰਸਕਾਂ ਲਈ, ਸਗੋਂ ਪੂਰੇ ਖੇਡ ਲਈ। ਸਟੇਡੀਅਮ ਦਾ ਮਾਹੌਲ ਬਿਲਕੁਲ ਇਲੈਕਟ੍ਰਿਕ ਸੀ! ਥਮਸ ਅੱਪ ਕ੍ਰਿਕਟ ਲਈ ਉੱਚ-ਤੀਬਰਤਾ ਅਤੇ ਉਤਸ਼ਾਹ ਦੇ ਅਜਿਹੇ ਪਲਾਂ ਦਾ ਇੱਕ ਅਨਿੱਖੜਵਾਂ ਅੰਗ ਰਿਹਾ ਹੈ। ਆਪਣੀ ਕੱਚੀ, ਬੇਦਾਗ਼ ਊਰਜਾ ਨਾਲ, ਹਨੂਮਾਨਕਾਈਂਡ ਨੇ 'ਆਜ ਕੁਛ ਤੂਫਾਨੀ ਕਰਤੇ ਹੈਂ' ਨੂੰ ਪਲ ਅਤੇ ਮੈਚ ਲਈ ਸੰਪੂਰਨ ਕਲੋਜ਼ੀਅਨ ਕਾਲ ਬਣਾਇਆ। ਕ੍ਰਿਕਟ ਮੈਦਾਨ 'ਤੇ ਕਾਬਜ਼ ਹੈ ਅਤੇ ਸੰਗੀਤ ਸਟੈਂਡਾਂ ਵਿੱਚ ਮਾਹੌਲ ਨੂੰ ਚਲਾ ਰਿਹਾ ਹੈ, ਹਨੂਮਾਨਕਾਈਂਡ ਦੇ ਪ੍ਰਦਰਸ਼ਨ ਨੇ ਮੈਚ-ਡੇ ਮਨੋਰੰਜਨ ਵਿੱਚ ਇੱਕ ਸ਼ਕਤੀਸ਼ਾਲੀ ਨਵੀਂ ਪਰਤ ਜੋੜ ਦਿੱਤੀ। ਜਿਵੇਂ ਕਿ ਟੇਸਟ ਦ ਭੰਡਾਰ ਸਟ੍ਰੀਟ ਤੋਂ ਸਟੇਡੀਅਮ ਤੱਕ ਯਾਤਰਾ ਕਰਦਾ ਹੈ, ਥਮਸ ਅੱਪ ਭਾਰਤ ਦੇ ਸਭ ਤੋਂ ਵੱਡੇ ਪਲਾਂ 'ਤੇ ਦਿਖਾਈ ਦਿੰਦਾ ਹੈ, ਯੁਵਾ ਸੱਭਿਆਚਾਰ ਅਤੇ ਲਾਈਵ ਅਨੁਭਵਾਂ ਵਿੱਚ ਆਪਣੀ ਜਗ੍ਹਾ ਨੂੰ ਮਜ਼ਬੂਤ ਕਰਦਾ ਹੈ ਜਿੱਥੇ ਸਿਰਫ਼ ਇੱਕ ਚੀਜ਼ ਫਿੱਟ ਬੈਠਦੀ ਹੈ: ਤੂਫਾਨ।

# ਤਿੰਨ ਰੋਜ਼ਾ ਸੂਫ਼ੀ ਫੈਸਟੀਵਲ ਅਤੇ ਪੰਜਾਬ ਸਖੀ ਸ਼ਕਤੀ ਮੇਲਾ ਅਮਿੱਟ ਯਾਦਾਂ ਛੱਡਦਿਆਂ ਸ਼ਾਨਦਾਰ ਢੰਗ ਨਾਲ ਸੰਪੰਨ




**ਮਲੇਰਕੋਟਲਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਹਿਯੋਗ ਨਾਲ ਅਤੇ ਪੇਂਡੂ ਵਿਕਾਸ ਤੇ ਪੰਚਾਇਤਾਂ, ਉਦਯੋਗ ਅਤੇ ਵਣਜ ਵਿਭਾਗ ਵੱਲੋਂ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਤਹਿਤ ਆਯੋਜਿਤ ਤਿੰਨ ਰੋਜ਼ਾ ਸੂਫ਼ੀ ਫੈਸਟੀਵਲ ਅਤੇ ਪੰਜਾਬ ਸਖੀ ਸ਼ਕਤੀ ਮੇਲਾ ਮਾਲੇਰਕੋਟਲਾ ਵਾਸੀਆਂ ਦੇ ਦਿਲਾਂ ਵਿੱਚ ਅਮਿੱਟ ਯਾਦਾਂ ਛੱਡਦੇ ਹੋਏ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਇਆ। ਸਮਾਗਮ ਨੇ ਸੂਫ਼ੀ ਰਿਵਾਇਤਾਂ, ਲੋਕ ਵਿਰਾਸਤ ਅਤੇ ਮਹਿਲਾ ਸਸ਼ਕਤੀਕਰਨ ਦਾ ਸੁੰਦਰ ਮਿਲਾਪ ਪੇਸ਼ ਕੀਤਾ।

ਆਖ਼ਰੀ ਦਿਨ ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਐਸ.ਐਸ.ਪੀ. ਗਗਨ ਅਜੀਤ ਸਿੰਘ, ਐਸ.ਡੀ.ਐਮ. ਮਾਲੇਰਕੋਟਲਾ ਗੁਰਮੀਤ ਕੁਮਾਰ ਬਾਂਸਲ, ਐਸ.ਡੀ.ਐਮ ਅਮਰਗੜ੍ਹ ਸੁਰਿੰਦਰ ਕੌਰ, ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਕੌਰ, ਸੀ.ਡੀ.ਪੀ.ਓ ਪਵਨ ਕੁਮਾਰ, ਵਿਧਾਇਕ ਮਾਲੇਰਕੋਟਲਾ ਦੀ ਸਰੀਕ-ਏ-ਹਯਾਤ ਫਰਿਆਲ ਰਹਿਮਾਨ, ਕੋਆਰਡੀਨੇਟਰ ਯੂਥ ਵਿੰਗ ਹਲਕਾ ਮਾਲੇਰਕੋਟਲਾ ਏ.ਕੇ.ਵਾਈ. ਮੂਨਿਸ ਰਹਿਮਾਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਜ਼ਿਲਾ ਨਿਵਾਸੀਆਂ ਨੇ ਸਮੂਲੀਅਤ ਕੀਤੀ।

ਵਿਧਾਇਕ ਰਹਿਮਾਨ ਨੇ ਜ਼ਿਲਾ ਵਾਸੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਹੈ ਕਿ ਸਰਦਾਰ ਭਗਵੰਤ ਸਿੰਘ ਦੀ ਅਗਵਾਈ ਹੇਠ ਸਰਕਾਰ ਰੰਗਲੇ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਵਚਨਬੱਧ ਹੈ।

ਉਨ੍ਹਾਂ ਜ਼ੋਰ ਦਿੱਤਾ ਕਿ ਸੂਫ਼ੀ ਸੰਗੀਤ, ਅਮੀਰ ਸੱਭਿਆਚਾਰ ਵਿਰਾਸਤ ਅਤੇ ਭਾਈਚਾਰਕ ਇਕਤਾ ਪੰਜਾਬ ਦੀ ਅਸਲ ਪਹਿਚਾਣ ਹਨ ਅਤੇ ਇਨ੍ਹਾਂ ਮੁੱਲਾਂ ਨੂੰ ਅੱਗੇ ਵਧਾਉਣ ਲਈ ਲੋਕ ਸਹਿਯੋਗ ਅਤਿ ਜ਼ਰੂਰੀ ਹੈ।

ਉਨ੍ਹਾਂ ਮਾਲੇਰਕੋਟਲਾ ਦੀ ਧਰਤੀ ਨੂੰ ਸੂਫ਼ੀ ਪਰੰਪਰਾਵਾਂ ਅਤੇ ਭਾਈਚਾਰਕ ਸਾਂਝ ਦੀ ਧਰਤੀ ਕਰਾਰ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਨਵੀਂ ਪੀੜ੍ਹੀ ਨੂੰ ਸਾਂਝੀਵਾਲਤਾ ਦੀਆਂ ਕਦਰਾਂ ਕੀਮਤਾਂ ਬਾਰੇ ਜਾਣੂ ਕਰਵਾਉਂਦੇ ਹਨ ਅਤੇ ਉਨ੍ਹਾਂ ਆਪਣੀ ਸੰਸਕ੍ਰਿਤੀ ਨਾਲ ਜੋੜਦੇ ਹਨ। ਮੇਲੇ ਦੌਰਾਨ ਸਵੈ ਸਹਾਇਤਾ ਗਰੁੱਪਾਂ ਦੀਆਂ ਮਹਿਲਾਵਾਂ ਵੱਲੋਂ ਤਿਆਰ ਉਤਪਾਦਾਂ ਦੀ ਪ੍ਰਦਰਸ਼ਨੀ ਅਤੇ ਵਿਕਰੀ ਰਾਹੀਂ ਉਨ੍ਹਾਂ ਦੀ ਆਰਥਿਕ ਸਥਿਤੀ ਮਜ਼ਬੂਤ ਕਰਨ ਵੱਲ ਅਹਿਮ ਕਦਮ ਚੁੱਕਿਆ ਗਿਆ। ਸੂਫ਼ੀ ਫੈਸਟੀਵਲ ਦੌਰਾਨ ਮਸ਼ਹੂਰ ਫ਼ਨਕਾਰਾਂ ਅਲੀ ਜ਼ੈਨ,ਕਮਲ ਖਾਨ ਅਤੇ ਸਲਾਮਤ ਅਲੀ ਨੇ ਆਪਣੀ ਰੂਹਾਨੀ ਪੇਸ਼ਕਾਰੀਆਂ ਨਾਲ ਦਰਸ਼ਕਾਂ ਨੂੰ ਮੋਹ ਲਿਆ।

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਸਮਾਗਮ ਦੀ ਸਫਲਤਾ ਲਈ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਸ਼ਹਿਰ ਵਾਸੀਆਂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦੀ ਤਨਦੇਹੀ, ਸਮਰਪਣ ਅਤੇ ਸਹਿਯੋਗ ਸਦਕਾ ਇਹ ਤਿੰਨ ਰੋਜ਼ਾ ਮੇਲਾ ਪੂਰੀ ਅਮਨ-ਅਮਾਨ ਨਾਲ ਸੰਪੰਨ ਹੋਇਆ।

ਉਨ੍ਹਾਂ ਭਵਿੱਖ ਵਿੱਚ ਵੀ ਅਜਿਹੇ ਸੱਭਿਆਚਾਰਕ ਉਪਰਾਲਿਆਂ ਨੂੰ ਹੋਰ ਵਧਾਵਾ ਦੇਣ ਦੀ ਵਚਨਬੱਧਤਾ ਦੁਹਰਾਈ।

# ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ 149ਵਾਂ ਸਲਾਨਾ ਖੇਡ ਸਮਾਰੋਹ ਕਰਵਾਇਆ ਗਿਆ



**ਪਟਿਆਲਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵੱਲੋਂ ਆਪਣਾ 149ਵਾਂ ਸਲਾਨਾ ਖੇਡ ਸਮਾਰੋਹ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਕਾਲਜ ਦੇ ਮੈਦਾਨ ਵਿੱਚ ਕਰਵਾਇਆ ਗਿਆ ਇਹ ਸਮਾਗਮ ਇਸ ਸੰਸਥਾ ਦੇ 150 ਸਾਲ ਪੂਰੇ ਹੋਣ ਦੇ ਜਸ਼ਨ ਦਾ ਇੱਕ ਮਹੱਤਵਪੂਰਨ ਪੜਾਅ ਰਿਹਾ।

ਦਿਨ ਦੀ ਸ਼ੁਰੂਆਤ ਇੱਕ ਪ੍ਰਭਾਵਸ਼ਾਲੀ ਉਦਘਾਟਨੀ ਸਮਾਰੋਹ ਨਾਲ ਹੋਈ। ਸਵੇਰ ਦੇ ਸੈਸ਼ਨ ਵਿੱਚ ਮੁੱਖ ਮਹਿਮਾਨ ਵਜੋਂ ਸ. ਪਲਵਿੰਦਰ ਸਿੰਘ ਚੀਮਾ (ਅਰਜੁਨ ਐਵਾਰਡੀ ਅਤੇ ਐਸ.ਪੀ. ਪਟਿਆਲਾ) ਸ਼ਾਮਲ ਹੋਏ। ਉਨ੍ਹਾਂ ਨੇ ਕਾਲਜ ਦਾ ਝੰਡਾ ਲਹਿਰਾਇਆ ਅਤੇ ਐਨ.ਸੀ.ਸੀ. (©33), ਐਨ.ਐਸ.ਐਸ. (NSS) ਅਤੇ ਸਰੀਰਕ ਸਿੱਖਿਆ ਵਿਭਾਗ ਦੇ ਮਾਰਚਿੰਗ ਦਸਤਿਆਂ ਤੋਂ ਸਲਾਮੀ ਲਈ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸ. ਚੀਮਾ ਨੇ ਚਰਿੱਤਰ ਨਿਰਮਾਣ ਅਤੇ ਅਨੁਸ਼ਾਸਨ ਵਿੱਚ ਖੇਡਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਅਕਾਦਮਿਕ ਟੀਚਿਆਂ ਦੇ ਨਾਲ-ਨਾਲ ਸਰੀਰਕ ਤੰਦਰੁਸਤੀ ਵੱਲ ਧਿਆਨ ਦੇਣ ਲਈ ਪ੍ਰੇਰਿਤ ਕੀਤਾ।

ਇਸ ਖੇਡ ਮੇਲੇ ਵਿੱਚ ਸਾਰੇ ਵਿਭਾਗਾਂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਟ੍ਰੈਕ ਅਤੇ ਫੀਲਡ ਮੁਕਾਬਲਿਆਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਇਨ੍ਹਾਂ ਅਥਲੈਟਿਕ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਆਪਣੀ ਸਰੀਰਕ ਸਮਰੱਥਾ ਦਾ ਪ੍ਰਦਰਸ਼ਨ ਕੀਤਾ ਅਤੇ ਦਰਸ਼ਕਾਂ ਦਾ ਮਨ ਮੋਹ ਲਿਆ। ਜੇਤੂ ਵਿਦਿਆਰਥੀਆਂ ਨੂੰ ਕਾਲਜ ਫੈਕਲਟੀ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

# ਪ੍ਰਗਤੀਸ਼ੀਲ ਵਿਦਿਆਰਥੀਆਂ ਦੇ ਲਈ ਆਯੋਜਿਤ ਜੈਪੁਰ ਦਾ ਵਿੱਦਿਅਕ ਟੂਰ ਸਫਲਤਾਪੂਰਵਕ ਸੰਪੰਨ



**ਪਟਿਆਲਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਪ੍ਰਯੋਗਿਕ ਗਿਆਨ ਨੂੰ ਵਧਾਉਣ ਦੇ ਉਦੇਸ਼ ਨਾਲ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਅਤੇ ਡਾਇਰੈਕਟਰ ਰਾਜ ਵਿੱਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ ਡਾ. ਕਿਰਨ ਸ਼ਰਮਾ ਦੀ ਅਗਵਾਈ ਹੇਠ ਰਾਸ਼ਟਰੀ ਅਵਿਸਕਾਰ ਅਭਿਆਨ ਪ੍ਰੋਗਰਾਮ ਤਹਿਤ ਜ਼ਿਲ੍ਹਾ ਪਟਿਆਲਾ ਦੇ ਵੱਖ-ਵੱਖ ਬਲਾਕਾਂ ਤੋਂ ਗਿਆਰ੍ਹਵੀਂ ਜਮਾਤ ਦੇ ਪ੍ਰਗਤੀਸ਼ੀਲ ਵਿਦਿਆਰਥੀਆਂ ਦਾ ਵਿੱਦਿਅਕ ਟੂਰ ਪ੍ਰਗਤੀਸ਼ੀਲ ਵਿਦਿਆਰਥੀਆਂ ਲਈ ਜੈਪੁਰ ਦਾ ਵਿਦਿਅਕ ਟੂਰ ਸਫਲਤਾਪੂਰਵਕ ਸੰਪੰਨ ਹੋਇਆ। ਇਸ ਟੂਰ ਦੌਰਾਨ ਜ਼ਿਲ੍ਹਾ ਪਟਿਆਲਾ ਦੇ ਵੱਖ-ਵੱਖ ਸਕੂਲਾਂ ਤੋਂ ਚੁਣੇ ਗਏ 48 ਵਿਦਿਆਰਥੀਆਂ ਨੂੰ ਰਾਜਸਥਾਨ ਦੀ ਇਤਿਹਾਸਕ, ਵਿਗਿਆਨਕ ਅਤੇ ਸੱਭਿਆਚਾਰਕ ਵਿਰਾਸਤ ਨਾਲ ਜਾਣੂੰ ਕਰਵਾਇਆ ਗਿਆ।

ਇਸ ਮੌਕੇ ਡੀਈਓ ਸੈਕੰਡਰੀ ਸਿੱਖਿਆ ਪਟਿਆਲਾ ਸੰਜੀਵ ਸ਼ਰਮਾ ਨੇ ਕਿਹਾ ਕਿ ਉਮੀਦ ਹੈ ਕਿ ਇਸ ਵਿੱਦਿਅਕ ਟੂਰ ਨੇ ਕਲਾਸਰੂਮ ਤੋਂ ਬਾਹਰ ਸਿੱਖਣ ਦੇ ਮੌਕੇ ਪ੍ਰਦਾਨ ਕੀਤੇ ਹੋਣਗੇ ਜੋ ਕਿ ਵਿਦਿਆਰਥੀਆਂ ਵਿੱਚ ਇਤਿਹਾਸਕ ਚੇਤਨਾ, ਵਿਗਿਆਨਕ ਸੋਚ ਅਤੇ ਰਾਸ਼ਟਰੀ ਵਿਰਾਸਤ ਪ੍ਰਤੀ ਸਤਿਕਾਰ ਦਾ ਭਾਵ ਵਿਕਸਿਤ ਕਰੇਗਾ। ਉਨ੍ਹਾਂ ਕਿਹਾ ਕਿ ਇਹ ਵਿਸ਼ੇਸ਼ ਪਹਿਲਕਦਮੀ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਲਾਹੇਵੰਦ ਸਾਬਤ ਹੋਵੇਗੀ।

ਡਿਪਟੀ ਡੀਈਓ ਸੈਕੰਡਰੀ ਸਿੱਖਿਆ ਪਟਿਆਲਾ ਡਾ. ਰਵਿੰਦਰਪਾਲ ਸਿੰਘ ਨੇ ਦੱਸਿਆ ਕਿ ਟੂਰ ਦੌਰਾਨ ਵਿਦਿਆਰਥੀਆਂ ਦੇ ਰਹਿਣ, ਖਾਣ-ਪੀਣ ਅਤੇ ਆਵਾਜਾਈ ਦੇ ਉੱਤਮ ਪ੍ਰਬੰਧ ਕੀਤੇ ਗਏ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਨਾ ਸਿਰਫ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਏ ਗਏ, ਸਗੋਂ ਵਿਗਿਆਨਕ ਅਤੇ ਆਧੁਨਿਕ ਵਿਕਾਸ ਨਾਲ ਵੀ ਰੂ-ਬ-ਰੂ ਕਰਵਾਇਆ ਗਿਆ, ਤਾਂ ਜੋ ਉਹ ਪਾਠਕ੍ਰਮ ਨਾਲ ਜੋੜ ਕੇ ਅਸਲ ਜ਼ਿੰਦਗੀ ਦੇ ਤਜ਼ਰਬੇ ਹਾਸਲ ਕਰ ਸਕਣ।

ਵਿਦਿਆਰਥੀਆਂ ਨੇ ਜੈਪੁਰ ਦੌਰੇ ਦੌਰਾਨ ਅਮੇਰ ਕਿਲਾ, ਜਲ ਮਹਿਲ, ਵੈਕਸ ਮਿਊਜ਼ੀਅਮ, ਬਿਰਲਾ ਮੰਦਿਰ, ਅਕਸ਼ਰਧਾਮ ਮੰਦਿਰ, ਐਲਬਰਟ ਹਾਲ ਮਿਊਜ਼ੀਅਮ, ਜੰਤਰ-ਮੰਤਰ, ਸਿਟੀ ਪੈਲੇਸ, ਹਵਾ ਮਹਿਲ ਵਰਗੇ ਪ੍ਰਸਿੱਧ ਸਥਾਨਾਂ ਦੇ ਵਿਸਥਾਰਪੂਰਵਕ ਦਰਸ਼ਨ ਕੀਤੇ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਸਾਇੰਸ ਪਾਰਕ, ਰਾਜ ਮੰਦਰ ਸਿਨੇਮਾ, ਜੈਪੁਰ ਮੈਟਰੋ, ਜੈਪੁਰ ਹਵਾਈ ਅੱਡੇ ਅਤੇ ਜੈਪੁਰ ਦੇ ਪ੍ਰਸਿੱਧ ਬਜ਼ਾਰਾਂ ਦਾ ਵੀ ਦੌਰਾ ਕਰਵਾਇਆ ਗਿਆ, ਜਿਸ ਨਾਲ ਉਨ੍ਹਾਂ ਨੂੰ ਆਧੁਨਿਕ ਸ਼ਹਿਰੀ ਵਿਕਾਸ ਅਤੇ ਪ੍ਰਬੰਧਨ ਬਾਰੇ ਮਹੱਤਵਪੂਰਨ ਜਾਣਕਾਰੀ ਮਿਲੀ।

ਇਹ ਵਿੱਦਿਅਕ ਟੂਰ 11 ਫਰਵਰੀ ਨੂੰ ਪਟਿਆਲਾ ਤੋਂ ਵੋਲਵੋ ਬੱਸ ਰਾਹੀਂ ਰਵਾਨਾ ਹੋਇਆ ਅਤੇ 16 ਫਰਵਰੀ ਨੂੰ ਸੁਰੱਖਿਅਤ ਵਾਪਸੀ ਨਾਲ ਸੰਪੰਨ ਹੋਇਆ। ਟੂਰ ਦੌਰਾਨ ਅਧਿਆਪਕਾਂ ਅਤੇ ਇੰਚਾਰਜ ਸਟਾਫ ਵੱਲੋਂ ਵਿਦਿਆਰਥੀਆਂ ਦੀ ਸੁਰੱਖਿਆ, ਸਿਹਤ ਅਤੇ ਅਨੁਸ਼ਾਸਨ ਉੱਤੇ ਉਚੇਚਾ ਧਿਆਨ ਦਿੱਤਾ ਗਿਆ।

# ਡੀ.ਸੀ. ਵੱਲੋਂ ਪਟਿਆਲਾ ਵਿਰਾਸਤੀ ਮੇਲੇ 'ਚ ਲੋਕਾਂ ਨੂੰ ਵੱਧ ਚੜ੍ਹਕੇ ਸ਼ਮੂਲੀਅਤ ਕਰਨ ਦਾ ਸੱਦਾ



**ਪਟਿਆਲਾ, 18 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਪਟਿਆਲਾ ਵਿਰਾਸਤੀ ਮੇਲੇ-2026 ਤਹਿਤ ਕਿਲਾ ਮੁਬਾਰਕ ਵਿਖੇ 21 ਅਤੇ 22 ਫਰਵਰੀ ਦੀ ਸ਼ਾਮ ਨੂੰ ਕਰਵਾਈ ਜਾਣ ਵਾਲੀ ਸ਼ਾਸਤਰੀ ਸੰਗੀਤ ਅਤੇ ਸੂਫ਼ੀਆਨਾ ਸ਼ਾਮ ਦੇ ਪੋਸਟਰ ਜਾਰੀ ਕੀਤੇ।

ਡਿਪਟੀ ਕਮਿਸ਼ਨਰ ਨੇ ਪਟਿਆਲਾ ਜ਼ਿਲ੍ਹਾ ਨਿਵਾਸੀਆਂ ਨੂੰ ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਹਿਯੋਗ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਜਾ ਰਹੇ ਸਮਾਗਮਾਂ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਸੱਦਾ ਵੀ ਦਿੱਤਾ। ਇਸ ਮੌਕੇ ਏ.ਡੀ.ਸੀ (ਜ) ਸਿਮਰਪ੍ਰੀਤ ਕੌਰ, ਐਸ.ਡੀ.ਐਮ. ਸਮਾਣਾ ਤੇ ਨੋਡਲ ਅਫ਼ਸਰ ਰਿਚਾ ਗੋਇਲ, ਮੁੱਖ ਮੰਤਰੀ ਫੀਲਡ ਅਫ਼ਸਰ ਸਤੀਸ਼ ਚੰਦਰ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

ਵਰਜੀਤ ਵਾਲੀਆ ਨੇ ਦੱਸਿਆ ਕਿ 21 ਫਰਵਰੀ ਦੀ ਸ਼ਾਮ 6 ਵਜੇ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੀ ਉਘੀ ਗਾਇਕਾ ਰੌਣਕਿਨੀ ਗੁਪਤਾ ਦਾ ਗਾਇਣ ਹੋਵੇਗਾ। ਇਸ ਮੌਕੇ ਉਨ੍ਹਾਂ ਦੇ ਨਾਲ ਪ੍ਰਸਿੱਧ ਤਬਲਾਵਾਦਕ ਅਸ਼ੀਸ ਰਾਗਵਾਨੀ ਅਤੇ ਹਰਮੋਨੀਅਮ 'ਤੇ ਤਨਮਯ ਮੇਸਟਰੀ ਸੰਗਤ ਕਰਨਗੇ। ਜਦੋਂਕਿ ਇਨ੍ਹਾਂ ਤੋਂ ਬਾਅਦ ਅਨੁਪਮਾ ਭਾਗਵਤ ਦੀ ਸਿਤਾਰ, ਦੇਬਸ ਮਿਸ਼ਰਾ ਭੱਟਾਚਾਰੀਆ ਦਾ ਸਰੋਦ, ਪੰਡਿਤ ਅਭਿਸ਼ੇਕ ਮਿਸ਼ਰਾ ਦਾ ਤਬਲਾ ਅਤੇ ਏ ਅਵਧਾਨੀ ਦੇ ਮਿਰਦੰਗਮ ਦੀ ਚੌਗੁਲਬੰਦੀ ਹੋਵੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਟਿਆਲਾ ਵਿਰਾਸਤੀ ਮੇਲੇ ਦੀ ਸਮਾਪਤੀ ਵਾਲੀ ਸ਼ਾਮ 22 ਫਰਵਰੀ ਨੂੰ ਕਿਲਾ ਮੁਬਾਰਕ ਵਿਖੇ ਪਟਿਆਲਾ ਦੇ ਉਘੇ ਫ਼ਨਕਾਰ ਅਮਨਦੀਪ ਸਿੰਘ ਦਾ ਦਿਲਰੁਬਾ ਵਾਦਨ ਤੇ ਲੋਕ ਗਾਇਕੀ ਸਮੇਤ ਸੂਫ਼ੀ ਨੌਜਵਾਨ ਕਵਾਲ (ਇਮਰਾਨ) ਖ਼ਾਨ ਸਾਬ੍ਹ ਦੀ ਦਿਲਕਸ਼ ਗਾਇਕੀ ਹੋਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਟਿਆਲਾ ਨੂੰ ਟੂਰਿਜ਼ਮ ਦੇ ਕੇਂਦਰ ਵਜੋਂ ਉਭਾਰਨ ਲਈ ਕਰਵਾਏ ਜਾ ਰਹੇ ਪਟਿਆਲਾ ਹੈਰੀਟੇਜ ਫੈਸਟੀਵਲ ਦੇ ਵੱਖ-ਵੱਖ ਸਮਾਗਮਾਂ ਲਈ ਪਟਿਆਲਵੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਸਾਰੀਆਂ ਟੀਮਾਂ ਵਿੱਚ ਭਾਰੀ ਉਤਸ਼ਾਹ ਹੈ।

ਡਿਪਟੀ ਕਮਿਸ਼ਨਰ ਨੇ ਹੋਰ ਦੱਸਿਆ ਕਿ 17 ਫਰਵਰੀ ਨੂੰ ਪੋਲੋ ਗਰਾਊਂਡ ਵਿਖੇ ਉਘੇ ਪੰਜਾਬੀ ਗਾਇਕ ਮਨਮੋਹਨ ਵਾਰਸ ਤੇ ਕਮਲ ਹੀਰ ਵਾਰਸ ਭਰਾਵਾਂ ਦੀ ਜੋੜੀ ਰੰਗ ਬੰਨ੍ਹੇਗੀ।

# ਅੱਖਾਂ ਦੇ ਮੁਫ਼ਤ ਮੈਡੀਕਲ ਕੈਂਪ 'ਚ 300 ਮਰੀਜਾਂ ਦੀ ਜਾਂਚ



**ਬਠਿੰਡਾ,18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਫਰਵਰੀ ( ਆਸ਼ੂ ਖੰਨਾ )-ਸਥਾਨਕ ਭਾਗੂ ਰੋਡ ਤੇ ਬਣੇ ਨਿਓ ਪੋਲਿਸ ਹੈਲਥ ਕੇਅਰ ਹਸਪਤਾਲ ਵੱਲੋਂ ਹਸਪਤਾਲ ਦੀ ਪਹਿਲੀ ਵਰ੍ਹੇਗੰਢ ਮੌਕੇ ਅੱਖਾਂ ਦਾ ਵਿਸ਼ਾਲ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਕੈਂਪ ਦਾ ਉਦਘਾਟਨ ਪ੍ਰੋਫੈਸਰ ਜੀ . ਡੀ. ਡੋਡਾ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ। ਕੈਂਪ ਦੌਰਾਨ ਇਲਾਕੇ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਤੋਂ ਪਹੁੰਚੇ ਲਗਭਗ 300 ਮਰੀਜ਼ਾਂ ਦੀ ਅੱਖਾਂ ਦੇ ਮਾਹਰ ਡਾਕਟਰਾਂ ਵੱਲੋਂ ਅਤੀ ਆਧੁਨਿਕ ਮਸ਼ੀਨਾਂ ਨਾਲ ਜਾਂਚ ਕੀਤੀ ਗਈ। ਜਾਂਚ ਤੋਂ ਬਾਅਦ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਵੀ ਬਿਲਕੁਲ ਮੁਫ਼ਤ ਦਿੱਤੀਆਂ ਗਈਆਂ। ਮੈਡੀਕਲ ਕੈਂਪ ਦੌਰਾਨ 50 ਮਰੀਜ਼ਾਂ ਨੂੰ ਲੈਂਸ ਪਾਉਣ ਲਈ ਚੁਣਿਆ ਗਿਆ। ਇਨ੍ਹਾਂ ਵਿੱਚੋਂ 22 ਮਰੀਜ਼ਾਂ ਦੇ ਆਪ੍ਰੇਸ਼ਨ ਅੱਜ ਹੀ ਅਧੁਨਿਕ ਮਸ਼ੀਨਾਂ ਅਤੇ ਤਜਰਬੇਕਾਰ ਡਾਕਟਰੀ ਟੀਮ ਵੱਲੋਂ ਸਫਲਤਾਪੂਰਵਕ ਕੀਤੇ ਗਏ। ਬਾਕੀ ਮਰੀਜ਼ਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੂੰ ਦੋ ਵੱਖ-ਵੱਖ ਦਿਨਾਂ ਵਿਚ ਆਪ੍ਰੇਸ਼ਨ ਦੀ ਤਰੀਖ਼ ਦਿੱਤੀ ਗਈ। ਇਸ ਮੌਕੇ ਅੱਖਾਂ ਦੇ ਮਾਹਰ ਤੇ ਹਸਪਤਾਲ ਦੇ ਮਾਲਕ ਡਾ. ਕਰਨ ਸਰਵਾਲ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਹਸਪਤਾਲ ਦੀ ਪਹਿਲੀ ਵਰ੍ਹੇਗੰਢ ਨੂੰ ਸਮਰਪਿਤ ਤੇ ਲੋਕ ਸੇਵਾ ਦੀ ਭਾਵਨਾ ਤਹਿਤ ਕੈਂਪ ਦਾ ਆਯੋਜਿਤ ਕੀਤਾ ਗਿਆ । ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਅੱਖਾਂ ਦੀ ਸਿਹਤ ਪ੍ਰਤੀ ਜਾਗਰੂਕ ਕਰਨ ਅਤੇ ਇਲਾਜ ਨੂੰ ਹਰ ਵਰਗ ਤੱਕ ਪਹੁੰਚਾਉਣ ਲਈ 16 ਫਰਵਰੀ ਤੋਂ 28 ਫਰਵਰੀ ਤੱਕ ਅੱਖਾਂ ਦੇ ਵਿਭਾਗ ਦੀ ਓ.ਪੀ.ਡੀ. ਪੂਰੀ ਤਰ੍ਹਾਂ ਮੁਫ਼ਤ ਰਹੇਗੀ। ਇਸ ਦੌਰਾਨ ਕਿਸੇ ਵੀ ਮਰੀਜ਼ ਤੋਂ ਜਾਂਚ ਫੀਸ ਨਹੀਂ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਵੀ ਇਸ ਤਰ੍ਹਾਂ ਦੇ ਹੋਰ ਮੁਫ਼ਤ ਮੈਡੀਕਲ ਕੈਂਪ ਲਗਾਏ ਜਾਣਗੇ ਤਾਂ ਜੋ ਗਰੀਬ ਅਤੇ ਲੋੜਵੰਦ ਮਰੀਜ਼ਾਂ ਨੂੰ ਵਧੀਆ ਸਿਹਤ ਸਹੂਲਤਾਂ ਮਿਲ ਸਕਣ।

ਉਨ੍ਹਾਂ ਦੱਸਿਆ ਕਿ ਸਾਬਕਾ ਫੌਜੀਆਂ ਲਈ ਈਸੀਐੱਚਐੱਸ ਸਕੀਮ ਤਹਿਤ ਤੇ ਸਰਕਾਰੀ/ ਗੈਰ ਸਰਕਾਰੀ ਸਕੀਮਾਂ ਰਾਹੀਂ ਅੱਖਾਂ ਦੇ ਆਪ੍ਰੇਸ਼ਨ ਕੈਸ਼ਲੈਸ ਕੀਤੇ ਜਾਂਦੇ ਹਨ। ਹਸਪਤਾਲ 'ਚ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਸਿਹਤ ਕਾਰਡਾਂ ਨਾਲ ਇਲਾਜ ਮੁਫ਼ਤ ਕੀਤਾ ਜਾਂਦਾ ਹੈ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇੱਕ ਵਾਰ ਹਸਪਤਾਲ ਚ ਆ ਕੇ ਆਪਣੀਆਂ ਅੱਖਾਂ ਦੀ ਜਾਂਚ ਜਰੂਰ ਕਰਵਾਉਣ।

# ਝਾੜ ਸਾਹਿਬ ਕਾਲਜ ਵਿਖੇ ਸੱਤ ਰੋਜ਼ਾ ਐਨ.ਐਸ. ਐਸ ਸਪੈਸ਼ਲ ਕੈਂਪ ਸਫਲਤਾਪੂਰਵਕ ਸੰਪੰਨ




**ਮਾਛੀਵਾੜਾ ਸਾਹਿਬ, 18 ਫਰਵਰੀ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ, ਝਾੜ ਸਾਹਿਬ (ਲੁਧਿ.) ਦੇ ਪ੍ਰਿੰਸੀਪਲ ਡਾ.ਰਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਡਿਪਾਰਟਮੈਂਟ ਆਫ ਨੈਸ਼ਨਲ ਸਰਵਿਸ ਸਕੀਮ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਦਿੱਤੇ ਗਏ ਥੀਮ ' ਵਿਕਸਿਤ ਭਾਰਤ ਐਂਡ ਡਰੱਗ ਫਰੀ ਸੁਸਾਇਟੀ ' ਤਹਿਤ ਸੱਤ ਰੋਜ਼ਾ ਐਨ.ਐਸ.ਐਸ ਸਪੈਸ਼ਲ ਕੈਂਪ ਸਫਲਤਾਪੂਰਵਕ ਸੰਪੰਨ ਹੋਇਆ। ਕੈਂਪ ਦੀ ਅਗਵਾਈ ਪ੍ਰੋਗਰਾਮ ਅਫਸਰ ਪ੍ਰੋ.ਜਸਵੀਰ ਕੌਰ ਅਤੇ ਪ੍ਰੋ.ਸੁਖਨਪ੍ਰੀਤ ਕੌਰ ਵੱਲੋਂ ਕੀਤੀ ਗਈ। ਕੈਂਪ ਦੌਰਾਨ ਮਿਲੇ ਥੀਮ ਤਹਿਤ ਵੱਖ-ਵੱਖ ਗਤੀਵਿਧੀਆਂ ਅਤੇ ਮੁਕਾਬਲੇ ਵੀ ਕਰਵਾਏ ਗਏ। ਵੱਖ ਵੱਖ ਰਿਸੋਰਸ ਪਰਸਨਜ਼ ਵੱਲੋਂ ਕੈਂਪ ਦੇ ਥੀਮ ਨੂੰ ਮੁੱਖ ਰੱਖਦੇ ਹੋਏ ਐਕਸਟੈਂਸ਼ਨ ਲੈਕਚਰ ਵੀ ਦਿੱਤੇ ਗਏ। ਗੋਦ ਲਏ ਗਏ ਪਿੰਡ ਝਾੜ ਸਾਹਿਬ ਵਿਖੇ 'ਨਸ਼ਿਆਂ ਵਿਰੁੱਧ ਰੈਲੀ 'ਅਤੇ ਘਰ ਘਰ ਜਾ ਕੇ ਨਸ਼ਿਆਂ ਵਿਰੁੱਧ ਅਵਾਜ਼ ਉਠਾ ਕੇ ਸਮਾਜ ਨੂੰ ਨਸ਼ਾ ਮੁਕਤ ਕਰਨ ਦਾ ਹੋਕਾ ਵੀ ਦਿੱਤਾ। ਕੈਂਪ ਦੇ ਅਖੀਰਲੇ ਦਿਨ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਜੇਤੂ ਰਹਿਣ ਵਾਲੇ ਵਲੰਟੀਅਰ ਰਾਜਦੀਪ ਕੌਰ,ਕਮਲਪ੍ਰੀਤ ਕੌਰ ਅਤੇ ਹਰਮਨਜੋਤ ਕੌਰ ਅਤੇ ਲੇਖ ਲਿਖਣ ਮੁਕਾਬਲੇ ਵਿੱਚ ਜੇਤੂ ਵਲੰਟੀਅਰ ਪਰਮਜੀਤ ਕੌਰ ਅਤੇ ਰੋਮਨਪ੍ਰੀਤ ਕੌਰ ਨੂੰ ਅਕਰਸ਼ਿਤ ਇਨਾਮ ਦਿੱਤੇ ਗਏ। ਵਲੰਟੀਅਰ ਵੱਲੋਂ ਕਵਿਤਾ,ਗੀਤ ਅਤੇ ਡਾਂਸ ਦੀ ਪੇਸ਼ਕਾਰੀ ਵੀ ਕੀਤੀ ਗਈ ਅਤੇ ਕੈਂਪ ਦੌਰਾਨ ਬੀਤੇ ਪਲਾਂ ਨੂੰ ਸਾਂਝਾ ਕੀਤਾ ਗਿਆ । ਬੈਸਟ ਵਲੰਟੀਅਰ ਦਾ ਖਿਤਾਬ ਹਰਮਨਜੋਤ ਕੌਰ ਬੀ.ਏ. ਭਾਗ ਤੀਜਾ ਨੂੰ ਪ੍ਰਾਪਤ ਹੋਇਆ। ਕਾਲਜ ਪ੍ਰਿੰਸੀਪਲ ਵੱਲੋਂ ਕੈਂਪ ਦੇ ਸਫਲਤਾਪੂਰਵਕ ਸੰਪੰਨ ਹੋਣ ਤੇ ਐਨ.ਐਸ.ਐਸ ਟੀਮ ਅਤੇ ਵਲੰਟੀਅਰਜ਼ ਨੂੰ ਵਧਾਈ ਦਿੱਤੀ। ਉਹਨਾਂ ਨੇ ਕੈਂਪ ਦੌਰਾਨ ਕੀਤੇ ਕੰਮਾਂ ਦੀ ਸ਼ਲਾਘਾ ਕਰਦਿਆਂ ਹੋਇਆ ਵਲੰਟੀਅਰ ਵਿੱਚ ਅਨੁਸਾਸ਼ਨ, ਏਕਤਾ ਅਤੇ ਸਹਿਯੋਗ ਦੀ ਭਾਵਨਾ ਦੀ ਮਹੱਤਤਾ ਤੇ ਚਾਨਣਾ ਪਾਇਆ। ਇਸ ਤੋਂ ਇਲਾਵਾ ਸਾਰੇ ਵਲੰਟੀਅਰ ਨੂੰ ਟਰਾਫ਼ੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ.ਸੁਨੀਤਾ ਕੌਸ਼ਲ,ਡਾ.ਰਣਜੀਤ ਕੌਰ, ਡਾ.ਮਹੀਪਿੰਦਰ ਕੌਰ, ਪ੍ਰੋ.ਆਰਤੀ ਰਾਣੀ, ਪ੍ਰੋ. ਅਮਨਦੀਪ ਕੌਰ, ਪ੍ਰੋ.ਸ਼ਹਿਨਾਜ਼, ਪ੍ਰੋ.ਜੋਤੀ ਅਤੇ ਸੁਖਵੀਰ ਸਿੰਘ ਵੀ ਮੌਜੂਦ ਸਨ।

# ਮਹਾਂਸ਼ਿਵਰਾਤਰੀ ਦੇ ਪਾਵਨ ਮੌਕੇ'ਤੇ ਅਨਮੋਲ ਮੁਸਕਾਨ ਕਾਂਤੀ ਪਤਨੀ ਦੀਪ ਸਿੰਘ ਚੈਰੀਟੇਬਲ ਟਰੱਸਟ ਵੱਲੋਂ ਦੁੱਧ,ਫ਼ਲਾਂ ਦਾ ਲੰਗਰ



**ਖਰੜ, 18 ਫਰਵਰੀ/ ਸੁਰਿੰਦਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਨਮੋਲ ਮੁਸਕਾਨ ਕਾਂਤੀ ਪਤਨੀ ਦੀਪ ਸਿੰਘ ਚੈਰੀਟੇਬਲ ਟਰੱਸਟ ਵੱਲੋਂ ਮਹਾਂਸ਼ਿਵਰਾਤਰੀ ਦੇ ਪਾਵਨ ਤਿਉਹਾਰ ਦੇ ਮੌਕੇ ਤੇ ਖਰੜ ਵਿਖੇ ਦੁੱਧ ਅਤੇ ਤਾਜ਼ੇ ਫਲਾਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ 'ਤੇ ਸੰਗਤਾਂ ਅਤੇ ਇਲਾਕਾ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰ ਕੇ ਸੇਵਾ-ਭਾਵਨਾ ਦਾ ਅਨੁਭਵ ਕੀਤਾ। ਇਸ ਮੌਕੇ ਟਰੱਸਟ ਦੀ ਚੇਅਰਪਰਸਨ ਅਮਰਜੀਤ ਕੌਰ ਪੂਜਾ ਨੇ ਖੁਦ ਲੰਗਰ ਦੀ ਸੇਵਾ ਕਰਦਿਆਂ ਨਿਮਰਤਾ ਅਤੇ ਸਮਰਪਣ ਦਾ ਪ੍ਰਤੀਕ ਪੇਸ਼ ਕੀਤਾ। ਉਨ੍ਹਾਂ ਆਪਣੇ ਸੰਦੇਸ਼ ਵਿੱਚ ਸਮੂਹ ਪੰਜਾਬ ਵਾਸੀਆਂ ਨੂੰ ਮਹਾਂਸ਼ਿਵਰਾਤਰੀ ਦੀਆਂ ਦਿਲੀ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਧਾਰਮਿਕ ਤਿਉਹਾਰ ਸਾਨੂੰ ਸੇਵਾ, ਸਹਿਯੋਗ ਅਤੇ ਮਨੁੱਖਤਾ ਦੇ ਮੂਲ ਮੁੱਲਾਂ ਨਾਲ ਜੋੜਦੇ ਹਨ। ਉਨ੍ਹਾਂ ਨੇ ਅਪੀਲ ਕੀਤੀ ਕਿ ਅਸੀਂ ਸਭ ਮਿਲ ਕੇ ਸਮਾਜਿਕ ਏਕਤਾ, ਭਾਈਚਾਰੇ ਅਤੇ ਮਨੁੱਖਤਾ ਦੀ ਭਾਵਨਾ ਨੂੰ ਮਜ਼ਬੂਤ ਕਰੀਏ ਅਤੇ ਤਿਉਹਾਰਾਂ ਨੂੰ ਸਿਰਫ਼ ਰਸਮਾਂ ਤੱਕ ਸੀਮਿਤ ਨਾ ਰੱਖਦਿਆਂ ਉਨ੍ਹਾਂ ਨੂੰ ਸੇਵਾ ਅਤੇ ਸਾਂਝ ਦੇ ਰੂਪ ਵਿੱਚ ਮਨਾਈਏ। ਇਲਾਕਾ ਵਾਸੀਆਂ ਅਤੇ ਸੰਗਤਾਂ ਨੇ ਟਰੱਸਟ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਜਿਕ ਅਤੇ ਧਾਰਮਿਕ ਉਪਰਾਲੇ ਸਮਾਜ ਵਿੱਚ ਸਕਾਰਾਤਮਕਤਾ ਅਤੇ ਸਾਂਝੀ ਚੇਤਨਾ ਨੂੰ ਮਜ਼ਬੂਤ ਕਰਦੇ ਹਨ।

# ਪੰਜਾਬ ਵਿੱਚ ਵਿਸ਼ਾਲ ਸਵਦੇਸ਼ੀ ਮੇਲਾ 21 ਫਰਵਰੀ ਤੋਂ ਆਤਮਨਿਰਭਰ ਭਾਰਤ ਵੱਲ ਵੱਡਾ ਕਦਮ



**ਲੁਧਿਆਣਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵਦੇਸ਼ੀ ਜਾਗਰਣ ਮੰਚ ਪੰਜਾਬ ਵੱਲੋਂ Punjab Agricultural University ਦੇ ਕਿਸਾਨ ਗਰਾਊਂਡ ਵਿੱਚ 21 ਫਰਵਰੀ ਤੋਂ 1 ਮਾਰਚ 2026 ਤੱਕ ਵਿਸ਼ਾਲ ਸਵਦੇਸ਼ੀ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਮੇਲਾ ਪ੍ਰਮੁੱਖ ਸਰਦਾਰ ਗੁਰਦੀਪ ਸਿੰਘ ਗੋਸ਼ਾ ਅਤੇ ਮੇਲਾ ਸੰਯੋਜਕ ਮੋਹਿਤ ਗੋਯਲ ਨੇ ਦੱਸਿਆ ਕਿ ਇਹ ਮੇਲਾ ਆਤਮਨਿਰਭਰਤਾ, ਸਥਾਨਕ ਉਦਯੋਗਾਂ ਦੇ ਵਿਕਾਸ ਅਤੇ ਭਾਰਤੀ ਸੰਸਕ੍ਰਿਤੀ ਦੇ ਸੰਰੱਖਣ ਨੂੰ ਸਮਰਪਿਤ ਹੋਵੇਗਾ।

ਉਨ੍ਹਾਂ ਕਿਹਾ ਕਿ ਮੇਲਾ ਵੋਕਲ ਫ਼ੋਰ ਲੋਕਲ ਤੋਂ ਲੋਕਲ ਟੂ ਗਲੋਬਲ ਦੀ ਭਾਵਨਾ ਨੂੰ ਮਜ਼ਬੂਤ ਕਰੇਗਾ ਅਤੇ ਲੁਧਿਆਣਾ ਦੇ ਹੋਜ਼ਰੀ ਅਤੇ ਸਾਈਕਲ ਉਦਯੋਗ ਦੀ ਵਿਸ਼ੇਸ਼ ਭੂਮਿਕਾ ਨੂੰ ਉਭਾਰੇਗਾ।ਮੇਲੇ ਵਿੱਚ ਖਾਦੀ, ਹਸਤਕਰਘਾ, ਹਸਤਸ਼ਿਲਪ, ਆਰਗੈਨਿਕ ਅਤੇ ਆਯੁਰਵੇਦਿਕ ਉਤਪਾਦਾਂ ਦੇ ਨਾਲ ਸੰਸਕ੍ਰਿਤਿਕ ਕਾਰਜਕ੍ਰਮ ਅਤੇ ਪ੍ਰਸਿੱਧ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਮੁੱਖ ਆਕਰਸ਼ਣ ਰਹਿਣਗੀਆਂ। ਮੇਲਾ ਸਰਪ੍ਰਸਤ ਹਰੀਸ਼ ਦੁਆ ਅਤੇ ਸੁਭਾਸ਼ ਗੁਪਤਾ ਨੇ ਕਿਹਾ ਕਿ ਇਹ ਆਯੋਜਨ ਛੋਟੇ ਉਦਯੋਗਾਂ, ਕਰੀਗਰਾਂ ਅਤੇ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਕਰੇਗਾ ਅਤੇ ਪੰਜਾਬ ਦੀ ਅਰਥਵਿਵਸਥਾ ਨੂੰ ਮਜ਼ਬੂਤੀ ਦੇਵੇਗਾ।

# ਸੇਫ ਸਕੂਲ ਵਾਹਨ ਪਾਲਿਸੀ ਤਹਿਤ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ




**ਪਟਿਆਲਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਹਰਿਆਣਾ ਹਾਈਕੋਰਟ, ਪੰਜਾਬ ਸਰਕਾਰ, ਜ਼ਿਲਾ ਪ੍ਰਸ਼ਾਸਨ, ਜ਼ਿਲਾ ਬਾਲ ਸੁਰੱਖਿਆ ਅਫਸਰ ਅਤੇ ਸਿਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕੈਰੀਅਰ ਅਕੈਡਮੀ ਸਕੂਲ ਭਾਦਸੋਂ ਰੋਡ ਵਿਖੇ ਡਰਾਈਵਰਾਂ, ਕੰਡਕਟਰਾਂ ਅਤੇ ਨੈਨੀ ਦੀ ਟ੍ਰੇਨਿੰਗ ਮਗਰੋਂ ਵਿਦਿਆਰਥੀਆਂ, ਅਧਿਆਪਕਾਂ ਨੂੰ ਆਵਾਜਾਈ ਸੁਰੱਖਿਆ, ਬੱਚਿਆਂ ਦੀ ਕਿਡਨੈਪਿੰਗ, ਘਰੋਂ ਭਜਣਾ, ਫਾਸਟ ਫੂਡ, ਜੰਕ ਫੂਡ, ਕੋਲਡ ਡਰਿੰਕ ਅਤੇ ਸਾਈਬਰ ਸੁਰੱਖਿਆ ਬਾਰੇ ਜਾਣਕਾਰੀ ਦੇਣ ਲਈ ਪ੍ਰਿੰਸੀਪਲ ਸ਼੍ਰੀਮਤੀ ਪ੍ਰਭਜੋਤ ਕੌਰ ਦੀ ਅਗਵਾਈ ਹੇਠ ਪ੍ਰੋਗਰਾਮ ਕਰਵਾਏ। ਜਿਸ ਦੌਰਾਨ ਫਸਟ ਏਡ, ਸੇਫਟੀ, ਸਿਹਤ ਜਾਗਰੂਕਤਾ ਪੰਜਾਬ ਪੁਲਿਸ ਆਵਾਜਾਈ ਸਿੱਖਿਆ ਸੈਲ ਦੇ ਇੰਸਪੈਕਟਰ ਸਰਬਜੀਤ ਕੌਰ ਵਲੋਂ ਬਹੁਤ ਵਧੀਆ ਢੰਗ ਤਰੀਕਿਆਂ ਨਾਲ ਜਾਣਕਾਰੀ ਦਿੱਤੀ। ਸਕੂਲ ਵ੍ਹੀਕਲ ਚਲਾਉਂਦੇ ਸਮੇਂ ਬੱਚਿਆਂ ਦੀ ਸੁਰੱਖਿਆ, ਬਚਾਉ, ਮਦਦ ਲਈ ਸਾਵਧਾਨੀਆਂ ਬਾਰੇ, ਗੱਡੀਆਂ ਵਿੱਚ ਰੱਖੇ ਫਸਟ ਏਡ ਬਕਸੇ ਅਤੇ ਅੱਗਾਂ ਬੁਝਾਉਣ ਵਾਲੇ ਸਿਲੰਡਰਾਂ ਦੀ ਵਰਤੋਂ ਬਾਰੇ ਟ੍ਰੇਨਿੰਗ ਦਿੱਤੀ। ਵਿਦਿਆਰਥੀਆਂ ਨੂੰ ਆਪਣੀ ਸੁਰੱਖਿਆ ਅਤੇ ਮਾਪਿਆਂ ਦੇ ਸਨਮਾਨ ਹਿੱਤ, ਬਿਨਾਂ ਲਾਇਸੰਸ ਵ੍ਹੀਕਲ ਨਾ ਚਲਾਉਣ, ਸਾਇਬਰ ਕਰਾਇਮ, ਕਿਡਨੈਪਿੰਗ ਅਤੇ ਘਰੋਂ ਭਜਣ ਤੋਂ ਬਚਣ ਲਈ ਜਾਗਰੂਕ ਕੀਤਾ। ਫਾਸਟ ਫੂਡ ਜੰਕ ਫੂਡ ਕੋਲਡ ਡਰਿੰਕ ਦੀ ਵਰਤੋਂ ਕਰਕੇ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ, ਘਰੇਲੂ ਭੋਜਨ, ਪਾਣੀ ਅਤੇ ਭਗਵਾਨ ਦੀ ਠੀਕ ਵਰਤੋਂ ਬਾਰੇ ਜਾਣਕਾਰੀ ਦਿੱਤੀ। ਸ਼੍ਰੀ ਰੋਹਿਤ ਗੁਪਤਾ, ਮੈਨੇਜਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਸਕੂਲ ਮੈਨੇਜਮੈਂਟ ਅਤੇ ਸਟਾਫ ਮੈਂਬਰਾਂ ਵਲੋਂ ਆਪਣੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ ਮੈਂਬਰਾਂ ਦੀ ਸਿਹਤ, ਸੁਰੱਖਿਆ, ਖੁਸ਼ਹਾਲੀ, ਉਨਤੀ ਅਤੇ ਸਨਮਾਨ ਹਿੱਤ ਯੋਗ ਪ੍ਰਬੰਧ ਕੀਤੇ ਹਨ। ਸਮੇਂ ਸਮੇਂ ਵਿਸ਼ਾ ਮਾਹਿਰਾਂ ਰਾਹੀਂ ਜਾਣਕਾਰੀਆਂ ਵੀ ਦਿਲਵਾਉਣ ਲਈ ਪ੍ਰੋਗਰਾਮ ਕਰਵਾਏ ਜਾਂਦੇ ਹਨ।

# ਪੂਰਾ ਪੰਜਾਬ ਲਹਿਰ ਮੁਹਿੰਮ ਲਈ ਲੋਕਾਂ ਵਿੱਚ ਭਾਰੀ ਉਤਸ਼ਾਹ: ਅਮਰਿੰਦਰ ਸਿੰਘ ਤੁੜ



**ਪਟਿਆਲਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਸਲ ਸਤਲੁਜ ਦੇ ਸਰਗਰਮ ਵਰਕਰ ਅਮਰਿੰਦਰ ਸਿੰਘ ਤੁੜ ਨੇ ਦੱਸਿਆ ਹੈ ਕਿ ਪੰਜਾਬ ਦੀਆਂ ਹੱਕੀ ਮੰਗਾਂ ਲਈ ਸ਼ੁਰੂ ਕੀਤੀ ਜਾ ਰਹੀ ਪੂਰਾ ਪੰਜਾਬ ਲਹਿਰ ਮੁਹਿੰਮ ਦਾ ਇਤਿਹਾਸਕ ਆਗਾਜ਼ 17 ਫਰਵਰੀ ਨੂੰ ਮੋਹਾਲੀ ਵਿਖੇ ਗੁਰਦੁਆਰਾ ਅੰਬ ਸਾਹਿਬ ਤੋਂ ਕੀਤਾ ਜਾਵੇਗਾ।

ਅਮਰਿੰਦਰ ਸਿੰਘ ਤੁੜ ਨੇ ਕਿਹਾ ਕਿ ਇਸ ਮੁਹਿੰਮ ਨੂੰ ਲੈ ਕੇ ਪੰਜਾਬ ਦੇ ਹਰੇਕ ਵਰਗ—ਬੁੱਧੀਜੀਵੀਆਂ, ਸਮਾਜਿਕ ਕਰਤਾਧਰਮੀਆਂ, ਨੌਜਵਾਨਾਂ, ਕਿਸਾਨਾਂ ਅਤੇ ਵੱਖ-ਵੱਖ ਖੇਤਰਾਂ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਵਿੱਚ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਵੱਡੀ ਗਿਣਤੀ ਵਿੱਚ ਲੋਕ ਇਸ ਇਤਿਹਾਸਕ ਇਕੱਠ ਵਿੱਚ ਸ਼ਾਮਲ ਹੋ ਕੇ ਪੰਜਾਬ ਦੇ ਮੂਲ ਮਸਲਿਆਂ 'ਤੇ ਸਰਗਰਮੀ ਨਾਲ ਵਿਚਾਰ-ਵਟਾਂਦਰਾ ਕਰਨਗੇ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੂਰਾ ਪੰਜਾਬ ਲਹਿਰ ਦਾ ਮੂਲ ਉਦੇਸ਼ ਪੰਜਾਬ ਦੀ ਆਤਮ-ਗੌਰਵ ਭਾਵਨਾ ਨੂੰ ਮਜ਼ਬੂਤ ਕਰਨਾ, ਹੱਕੀ ਮੰਗਾਂ ਨੂੰ ਸੰਗਠਿਤ ਰੂਪ ਵਿੱਚ ਉਭਾਰਨਾ ਹੈ।
ਮਿਸਲ ਸਤਲੁਜ ਵੱਲੋਂ ਪੰਜਾਬ ਦੇ ਦਰਦੀਆਂ, ਚਿੰਤਕਾਂ ਅਤੇ ਸਚੇ ਸੁਝਾਅਕਾਰਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਇਸ ਮੁਹਿੰਮ ਦਾ ਹਿੱਸਾ ਬਣ ਕੇ ਪੰਜਾਬ ਦੇ ਹਿੱਤਾਂ ਦੀ ਰੱਖਿਆ ਲਈ ਆਪਣੇ ਵਿਚਾਰ ਦੇਣ।

# ਪ੍ਰਾਚੀਨ ਪੰਚਮੁਖੀ ਮੰਦਰ ਵਿਖੇ ਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਮਨਾਇਆ



**ਸਮਾਣਾ, 18 ਫਰਵਰੀ**
**-ਸਰਬਜੀਤ ਤਲਵੰਡੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵਰਾਤਰੀ ਦੇ ਪਾਵਨ ਅਤੇ ਧਾਰਮਿਕ ਮਹੱਤਵ ਵਾਲੇ ਤਿਉਹਾਰ ਮੌਕੇ ਅੱਜ ਸਮਾਣਾ ਸ਼ਹਿਰ ਦੇ ਪ੍ਰਸਿੱਧ ਪ੍ਰਾਚੀਨ ਪੰਚ ਮੁਖੀ ਮੰਦਰ ਵਿੱਚ ਭਗਵਾਨ ਭੋਲੇ ਨਾਥ ਦੇ ਦਰਸ਼ਨਾਂ ਲਈ ਵਿਸ਼ਾਲ ਭੀੜ ਉਮੜ ਪਈ। ਸਵੇਰੇ ਤੜਕੇ ਤੋਂ ਹੀ ਸ਼ਰਧਾਲੂਆਂ ਦੀ ਆਮਦ ਸ਼ੁਰੂ ਹੋ ਗਈ ਸੀ ਅਤੇ ਦਿਨ ਚੜ੍ਹਦੇ-ਚੜ੍ਹਦੇ ਮੰਦਰ ਪ੍ਰਗਨ ਅਤੇ ਆਲੇ-ਦੁਆਲੇ ਦੀਆਂ ਗਲੀਆਂ ਭਗਤਾਂ ਨਾਲ ਭਰ ਗਈਆਂ। ਲੋਕ ਲੰਮੀਆਂ-ਲੰਮੀਆਂ ਕਤਾਰਾਂ ਵਿੱਚ ਖੜ੍ਹ ਕੇ ਬੜੀ ਸ਼ਰਧਾ, ਭਾਵਨਾ ਅਤੇ ਉਤਸ਼ਾਹ ਨਾਲ ਭਗਵਾਨ ਭੋਲੇ ਨਾਥ ਦੇ ਦਰਸ਼ਨ ਕਰਦੇ ਨਜ਼ਰ ਆਏ । ਮੰਦਰ ਅੰਦਰ ਭਗਤੀ ਦਾ ਮਾਹੌਲ ਬਣਿਆ ਰਿਹਾ ਅਤੇ ਹਰ ਹਰ ਮਹਾਦੇਵ ਦੇ ਗੂੰਜਦੇ ਜੈਕਾਰਿਆਂ ਨਾਲ ਸਾਰਾ ਵਾਤਾਵਰਨ ਸ਼ਿਵਮਈ ਹੋ ਗਿਆ। ਸ਼ਰਧਾਲੂਆਂ ਵੱਲੋਂ ਭਗਵਾਨ ਸ਼ਿਵ ਜਲ ਅਭਿਸ਼ੇਕ ਕੀਤਾ ਗਿਆ ਅਤੇ ਬਿਲਵ ਪੱਤਰ, ਧਤੂਰਾ, ਫੁੱਲ ਅਤੇ ਫਲ ਅਰਪਿਤ ਕਰਕੇ ਸੁੱਖ-ਸ਼ਾਂਤੀ, ਤੰਦਰੁਸਤੀ ਅਤੇ ਖੁਸ਼ਹਾਲੀ ਦੀ ਅਰਦਾਸ ਕੀਤੀ ਗਈ । ਇਸ ਮੌਕੇ ਮੰਦਰ ਪ੍ਰਬੰਧਕ ਕਮੇਟੀ ਵੱਲੋਂ ਸੁਚੱਜੇ ਪ੍ਰਬੰਧ ਕੀਤੇ ਗਏ ਸਨ। ਸੁਰੱਖਿਆ ਅਤੇ ਕਤਾਰਬੰਦੀ ਲਈ ਵਿਸ਼ੇਸ਼ ਇੰਤਜ਼ਾਮ ਕੀਤੇ ਗਏ ਤਾਂ ਜੋ ਦਰਸ਼ਨ ਲਈ ਆਏ ਸ਼ਰਧਾਲੂਆਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਸੇਵਾਦਾਰਾਂ ਵੱਲੋਂ ਭਗਤਾਂ ਨੂੰ ਪ੍ਰਸ਼ਾਦ ਵੰਡਿਆ ਗਿਆ ਅਤੇ ਪੀਣ ਵਾਲੇ ਪਾਣੀ ਆਦਿ ਦੀ ਵੀ ਵਿਵਸਥਾ ਕੀਤੀ ਗਈ। ਸ਼ਿਵਰਾਤਰੀ ਦੇ ਇਸ ਪਾਵਨ ਅਵਸਰ 'ਤੇ ਸਮਾਣਾ ਸ਼ਹਿਰ ਦਾ ਮਾਹੌਲ ਪੂਰੀ ਤਰ੍ਹਾਂ ਧਾਰਮਿਕ ਰੰਗ ਵਿੱਚ ਰੰਗਿਆ ਹੋਇਆ ਦਿਖਾਈ ਦਿੱਤਾ ਅਤੇ ਹਰ ਪਾਸੇ ਭਗਤੀ ਅਤੇ ਆਸਥਾ ਦੀ ਝਲਕ ਨਜ਼ਰ ਆਈ।

ਪੰਜਾਬ ਵਿਚ ਕੈਂਸਰ ਦੇ ਮਰੀਜ਼ ਮਿਲੇ ਤਾਂ ਇਕ ਦਮ ਖਤਰੇ ਦੀ ਘੰਟੀ ਵੱਜ ਗਈ ਅਤੇ ਪਾਣੀਆਂ ਤੋਂ ਇਲਾਵਾ ਜ਼ਮੀਨ ਵਿਚ ਖ਼ਰਾਬੇ ਦੀਆਂ ਗੱਲਾਂ ਸੁਰਖੀਆਂ ਬਣ ਗਈਆਂ। ਕਈ ਤਰ੍ਹਾਂ ਦੇ ਕੈਂਸਰ ਪੈਦਾ ਕਰਨ ਲਈ ਜ਼ਿੰਮੇਵਾਰ ਇਕ ਹੋਰ ਵੱਡਾ ਮੁੱਦਾ ਸਰਕਾਰ ਦਾ ਧਿਆਨ ਖਿੱਚਣ ਦੀ ਮੰਗ ਕਰਦਾ ਹੈ, ਉਹ ਹੈ ਤੰਬਾਕੂਨੋਸ਼ੀ। ਤੰਬਾਕੂਨੋਸ਼ੀ ਨੂੰ ਨਿਯਮਬੱਧ ਕਰਨ ਲਈ ਕਾਨੂੰਨ ਵੀ ਬਣੇ ਪਰ ਬਹੁਤੇ ਕਾਰਗਰ ਸਾਬਤ ਨਹੀਂ ਹੋ ਸਕੇ। ਨਤੀਜਨ 'ਗਲੋਬਲ ਅਡਲਟ ਤੰਬਾਕੂ ਸਰਵੇ-2016-17' ਵਿਚ ਪੰਜਾਬ ਵਿਚ ਤੰਬਾਕੂ ਉਤਪਾਦ ਵਰਤਣ ਵਾਲੇ ਵਿਅਕਤੀਆਂ ਦੀ ਗਿਣਤੀ ਵਿਚ ਵਾਧਾ ਹੋ ਗਿਆ ਹੈ। ਭਾਵੇਂ ਹੁਣ ਤਕ ਸੂਬੇ ਵਿਚ ਤੰਬਾਕੂ ਕੰਟਰੋਲ ਦੇ ਕੰਮ ਨੂੰ ਹੋਰ ਸੂਬਿਆਂ ਨਾਲੋਂ ਅਗਾਂਹਵਧੂ ਦੱਸਿਆ ਗਿਆ ਸੀ। ਉਪਰੋਕਤ ਸਰਵੇ ਜਦੋਂ 2009-10 ਵਿਚ ਹੋਇਆ ਸੀ ਤਾਂ ਉਦੋਂ ਪੰਜਾਬ ਦੀ ਆਬਾਦੀ ਵਿਚੋਂ 11.7 ਫ਼ੀਸਦੀ ਆਬਾਦੀ ਤੰਬਾਕੂ ਦਾ ਨਸ਼ਾ ਕਰਦੀ ਸੀ ਜਿਨ੍ਹਾਂ ਵਿਚ ਬੀੜੀ-ਸਿਗਰਟ ਪੀਣ ਵਾਲਿਆਂ ਦੀ ਗਿਣਤੀ 6.9 ਫ਼ੀਸਦੀ ਸੀ ਤੇ ਖਾਣ ਵਾਲਾ ਤੰਬਾਕੂ ਵਰਤਣ ਵਾਲੇ 6.6 ਫ਼ੀਸਦੀ ਸਨ ਪਰ 2016-17 ਵਿਚ ਹੋਏ 'ਗਲੋਬਲ ਅਡਲਟ ਤੰਬਾਕੂ ਸਰਵੇ, 2016-17' ਵਿਚ ਸੂਬੇ ਵਿਚ ਕੁਲ ਤੰਬਾਕੂ ਵਰਤਣ ਵਾਲਿਆਂ ਦੀ ਗਿਣਤੀ 1.7 ਫ਼ੀਸਦੀ ਵਾਧੇ ਦੇ ਨਾਲ 13.4 ਫ਼ੀਸਦੀ ਹੋ ਗਈ ਹੈ। ਬੀੜੀ ਸਿਗਰਟ ਪੀਣ ਵਾਲਿਆਂ ਦੀ ਫੀਸਦ ਵਧ ਕੇ 7.3 ਫ਼ੀਸਦੀ ਹੋ ਗਈ ਹੈ ਜਦਕਿ ਖਾਣ ਵਾਲਾ ਤੰਬਾਕੂ ਵਰਤਣ ਵਾਲਿਆਂ ਦੀ ਗਿਣਤੀ 8.0 ਹੋ ਗਈ ਹੈ। ਇਹ ਸਰਵੇ ਕੇਂਦਰ ਸਰਕਾਰ ਵੱਲੋਂ ਸਾਰੇ ਸੂਬਿਆਂ ਵਿਚ ਕਰਵਾਇਆ ਗਿਆ ਸੀ। ਗੁਆਂਢੀ ਸੂਬਿਆਂ ਹਿਮਾਚਲ, ਰਾਜਸਥਾਨ ਤੇ ਹਰਿਆਣਾ ਵਿਚ ਤੰਬਾਕੂ ਵਰਤਣ ਵਾਲੇ ਲੋਕਾਂ ਦੀ ਗਿਣਤੀ ਘਟੀ ਹੈ। ਇਹੋ ਜਿਹੇ ਸਮੇਂ ਪੰਜਾਬ ਵਿਚ ਤੰਬਾਕੂ ਦੇ ਵਰਤੋਂਕਾਰਾਂ ਦਾ ਵਧਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਹ ਉਸ ਸਮੇਂ ਹੋ ਰਿਹਾ ਹੈ ਜਦੋਂ ਹੋਰ ਨਸ਼ਿਆਂ ਲਈ ਪੰਜਾਬ ਪਹਿਲਾਂ ਹੀ ਬਹੁਤ ਬਦਨਾਮੀ ਖੱਟ ਚੁੱਕਾ ਹੈ। ਤੰਬਾਕੂ ਕੰਟਰੋਲ ਐਕਟ, ਇਸ ਨੂੰ ਲਾਗੂ ਕੀਤੇ ਜਾਣ ਦੇ ਯਤਨਾਂ ਦਾ ਸੱਚ ਅਤੇ ਪੰਜਾਬ ਸਾਹਮਣੇ ਚੁਣੌਤੀਆਂ ਬਾਰੇ ਵੱਖ-ਵੱਖ ਪਹਿਲੂਆਂ ਬਾਰੇ ਪੇਸ਼ ਹੈ ਮੋਹਾਲੀ ਤੋਂ **ਸਤਵਿੰਦਰ ਸਿੰਘ ਧੜਾਕ ਦੀ ਖ਼ਾਸ ਰਿਪੋਰਟ :**





# ਤੰਬਾਕੂਨੋਸ਼ੀ ਨੇ ਲੋਕਾਂ ਦੀ ਸਿਹਤ ਨਾਲ ਕੀਤਾ ਖਿਲਵਾੜ

## ਪੰਜਾਬ 'ਚ ਵਧੀ ਤੰਬਾਕੂ ਖਾਣ-ਪੀਣ ਵਾਲਿਆਂ ਦੀ ਗਿਣਤੀ

## 11.7 ਤੋਂ ਵੱਧ ਕੇ 13.4 ਫ਼ੀਸਦੀ ਹੋਏ ਤੰਬਾਕੂਨੋਸ਼, ਸਥਿਤੀ ਚਿੰਤਾਜਨਕ ਬਣੀ

ਤੰਬਾਕੂ ਕਾਰਨ ਸਾਡੇ ਦੇਸ਼ ਵਿਚ ਰੋਜ਼ਾਨਾ 2200 ਤੋਂ ਵੱਧ ਮੌਤਾਂ ਹੋ ਰਹੀਆਂ ਹਨ ਅਤੇ ਰੋਜ਼ਾਨਾ 5500 ਲੋਕ ਦੀ ਇਸ ਦੀ ਵਰਤੋਂ ਕਰਨਾ ਸ਼ੁਰੂ ਕਰਦੇ ਹਨ। ਚਿੰਤਾ ਦੀ ਗੱਲ ਇਹ ਵੀ ਹੈ ਕਿ 90 ਫ਼ੀਸਦੀ ਮੂੰਹ ਦੇ ਕੈਂਸਰਾਂ ਦਾ ਕਾਰਨ ਤੰਬਾਕੂ ਹੈ ਅਤੇ ਬਾਕੀ ਸਾਰੇ ਤਰ੍ਹਾਂ ਦੇ ਕੈਂਸਰਾਂ ਵਿਚ ਤੰਬਾਕੂ ਦਾ ਰੋਲ 30 ਫ਼ੀਸਦੀ ਹੈ। ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਤੰਬਾਕੂ ਹੋਰ ਨਸ਼ਿਆਂ ਲਈ ਇਹ ਰਾਹ ਹੈ। ਇੱਕ ਨਸ਼ੇੜੀ ਬਣਾਇਆ ਵਿਅਕਤੀ ਸਭ ਤੋ ਪਹਿਲਾਂ ਤੰਬਾਕੂ ਦੀ ਹੀ ਵਰਤੋਂ ਕਰਦਾ ਹੈ ਅਤੇ ਹੌਲੀ ਹੌਲੀ ਹੋਰ ਨਸ਼ਿਆਂ ਵੱਲ ਜਾਂਦਾ ਹੈ। ਇਸ ਸਿਗਰਟ ਵਿਚ ਕਰੀਬ 4000 ਜ਼ਹਿਰੀਲੇ ਤੱਤ ਹੁੰਦੇ ਹਨ ਜਿਸ ਵਿਚ 69 ਅਜਿਹੇ ਹਨ ਜੋ ਕੈਂਸਰ ਦਾ ਕਾਰਨ ਬਣਦੇ ਹਨ। ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਬੀੜੀ-ਸਿਗਰਟ ਪੀਣ ਵਾਲੇ ਵਿਅਕਤੀਆਂ ਵਿਚੋਂ ਅੱਧੇ 35 ਤੋਂ 69 ਸਾਲ ਦੀ ਉਮਰ ਵਿਚ ਮਰ ਜਾਂਦੇ ਹਨ। ਇਸ ਤੋਂ ਇਲਾਵਾ ਤੰਬਾਕੂ ਤੋਂ ਦਿਲ ਦੀਆਂ ਬਿਮਾਰੀਆਂ, ਦਮਾ, ਫੇਫੜਿਆਂ ਦੇ ਰੋਗ, ਨਪੁੰਸਕਤਾ ਆਦਿ ਬਿਮਾਰੀਆਂ ਚਿੰਬੜਦੀਆਂ ਹਨ। ਮਾਹਿਰ ਇਹ ਵੀ ਮੰਨਦੇ ਹਨ ਕਿ ਸਿਰ ਦੇ ਵਾਲਾਂ ਤੋਂ ਲੈ ਕੇ ਪੈਰ ਦੇ ਅੰਗੂਠੇ ਤਕ ਤੰਬਾਕੂ ਦੀ ਵਰਤੋਂ ਸਰੀਰ ਦੇ ਹਰੇਕ ਅੰਗ ਨੂੰ ਨੁਕਸਾਨ ਪਹੁੰਚਾਉਂਦੀ ਹੈ।

### ਕਿਉਂ ਬਣਾਇਆ ਗਿਆ ਤੰਬਾਕੂ ਕੰਟਰੋਲ ਐਕਟ

ਸਿਗਰਟ ਅਤੇ ਹੋਰ ਤੰਬਾਕੂ ਉਤਪਾਦ ਐਕਟ ਯਾਨੀ 'ਕੋਟਪਾ' ਨੂੰ ਸਾਲ 2003 ਵਿਚ ਬਣਾਇਆ ਗਿਆ ਸੀ। ਇਸ ਨੂੰ ਲਾਗੂ ਕਰਦੇ ਕਰਦੇ ਪੰਜ ਸਾਲ ਲੱਗ ਗਏ ਤੇ ਆਖਿਰਕਾਰ 2 ਅਕਤੂਬਰ 2008 ਨੂੰ ਇਸ ਕਾਨੂੰਨ ਨੂੰ ਪੂਰੇ ਦੇਸ਼ ਵਿਚ ਲਾਗੂ ਕਰ ਦਿੱਤਾ ਗਿਆ। ਮਕਸਦ ਸੀ ਆਮ ਲੋਕਾਂ ਨੂੰ ਪੈਸਿਵ-ਸਮੋਕਿੰਗ ਤੋਂ ਬਚਾਉਣਾ। ਪੈਸਿਵ ਸਮੋਕਿੰਗ ਦਾ ਅਰਥ ਹੈ ਕਿ ਜੇਕਰ ਇਕ ਬੰਦਾ ਬੀੜੀ-ਸਿਗਰਟ ਪੀ ਰਿਹਾ ਹੈ ਅਤੇ ਦੂਜਾ ਬੰਦਾ ਜੋ ਕਿ ਇਸ ਤੋਂ ਵਰਤੋਂ ਨਹੀਂ ਕਰਦਾ ਉਸ ਅੰਦਰ ਵੀ ਬੀੜੀ ਸਿਗਰਟ ਦਾ ਧੂੰਆਂ ਜਾਂਦਾ ਹੈ ਅਤੇ ਨੁਕਸਾਨ ਪਹੁੰਚਾਉਂਦਾ ਹੈ।

### ਇਹ ਹਨ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ

ਧਾਰਾ-4- ਇਸ ਕਾਨੂੰਨ ਦੀ ਧਾਰਾ 4 ਇਹ ਕਹਿੰਦੀ ਹੈ ਕਿ ਕੋਈ ਵੀ ਵਿਅਕਤੀ ਕਿਸੇ ਜਨਤਕ ਸਥਾਨ 'ਤੇ ਬੀੜੀ-ਸਿਗਰ ਨਹੀਂ ਪੀ ਸਕਦਾ। ਜੇਕਰ ਉਹ ਪੀਂਦਾ ਹੈ ਤਾਂ ਉਸ ਨੂੰ 200 ਰੁਪਏ ਤੱਕ ਜੁਰਮਾਨਾ ਕੀਤਾ ਜਾ ਸਕਦਾ ਹੈ। ਜਨਤਕ ਸਥਾਨ ਉਹ ਹੁੰਦੇ ਹਨ ਜਿੱਥੇ ਵੀ ਆਮ ਲੋਕ ਆਸਾਨੀ ਨਾਲ ਆ-ਜਾ ਸਕਦੇ ਹਨ। ਕਾਨੂੰਨ ਵਿਚ ਇਹ ਬਹੁਤ ਹੀ ਦਿਲਚਸਪ ਗੱਲ ਇਹ ਹੈ ਕਿ ਹਰੇਕ ਜਨਤਕ ਥਾਂ ਦਾ ਮਾਲਕ-ਇੰਚਾਰਜ ਉੱਥੇ ਤੰਬਾਕੂਨੋਸ਼ੀ ਲਈ ਆਪ ਜ਼ਿੰਮੇਵਾਰ ਹੈ। ਮਾਲਕ ਨੇ ਆਪਣੇ ਅਦਾਰੇ ਵਿਚ ਇੱਕ ਬੋਰਡ ਲਗਾਉਣਾ ਹੁੰਦਾ ਹੈ ਕਿ ਜਿਸ 'ਤੇ ਲਿਖਿਆ ਹੁੰਦਾ ਹੈ ਕਿ ਇੱਥੇ ਤੰਬਾਕੂਨੋਸ਼ੀ ਕਰਨਾ ਅਪਰਾਧ ਹੈ। ਕਾਨੂੰਨ ਦੇ ਨੇਮਾਂ ਵਿਚ ਇਹ ਬੋਰਡ ਦੀ ਲੰਬਾਈ-ਚੌੜਾਈ ਬਾਰੇ ਵੀ ਵਿਆਖਿਆ ਕੀਤੀ ਗਈ ਹੈ ਜੋ ਕਿ 2 ਫੁੱਟ ਲੰਮਾ ਅਤੇ ਇੱਕ ਫੁੱਟ ਚੌੜਾ ਹੋਣਾ ਚਾਹੀਦਾ ਹੈ। ਇਹ ਧਾਰਾ ਦੀ ਖਾਸ ਗੱਲ ਇਹ ਵੀ ਹੈ ਕਿ ਜੇਕਰ ਕਿਸੇ ਹੋਟਲ, ਰੈਸਟੋਰੈਂਟ ਜੋ ਕਿ ਜਨਤਕ ਥਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ ਆਦਿ ਵਿਚੋ ਜੇਕਰ ਮਾਚਿਸ, ਲਾਈਟਰ ਜਾਂ ਐਸ਼-ਟ੍ਰੇਅ ਮਿਲ ਜਾਂਦੀ ਹੈ ਤਾਂ ਵੀ ਕਾਨੂੰਨ ਦੀ ਉਲੰਘਣਾ ਸਮਝੀ ਜਾਂਦੀ ਹੈ ਅਤੇ ਮਾਲਕ ਨੂੰ 200 ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ। ਜੇਕਰ ਮਾਲਕ ਨੇ ਮਾਲਕ ਨੇ ਕਾਨੂੰਨ ਮੁਤਾਬਕ ਤੰਬਾਕੂਨੋਸ਼ੀ ਤੋਂ ਵਰਜਦਾ ਬੋਰਡ ਨਹੀਂ ਲਗਾਇਆ ਹੋਇਆ ਤਾਂ ਵੀ ਮਾਲਕ ਨੂੰ ਜੁਰਮਾਨਾ ਹੋ ਸਕਦਾ ਹੈ।

ਧਾਰਾ-5- 'ਕੋਟਪਾ' ਦੀ ਧਾਰਾ 5 ਤੰਬਾਕੂ ਦੀ ਕਿਸੇ ਵੀ ਤਰ੍ਹਾਂ ਦੀ ਸਿੱਧੀ ਜਾਂ ਅਸਿੱਧੀ ਮਸ਼ਹੂਰੀ, ਸਪਾਂਸਰਸ਼ਿਪ ਅਤੇ ਤੰਬਾਕੂ ਉਤਪਾਦਾਂ ਦੀ ਪ੍ਰਮੋਸ਼ਨ 'ਤੇ ਪਾਬੰਦੀ ਲਗਾਉਂਦੀ ਹੈ ਪਰ ਇੱਥੇ ਤੰਬਾਕੂ ਕੰਪਨੀਆਂ ਕਾਨੂੰਨ ਦੀ ਉਲੰਘਣਾ ਕਰਦੀਆਂ ਹਨ ਅਤੇ ਆਪਣੇ ਉਤਪਾਦਾਂ ਖਾਸਕਰ ਸਿਗਰਟਾਂ ਦੀ ਮਸ਼ਹੂਰੀ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਸ਼ਤਿਹਾਰਬਾਜ਼ੀ ਕਰਦੇ ਬੋਰਡ ਲਗਾਉਂਦੇ ਹਨ ਜੋ ਲੋਕਾਂ ਨੂੰ ਤੰਬਾਕੂ ਦੇ ਨਸ਼ੇ ਵੱਲ ਪ੍ਰੇਰਿਤ ਕਰਦੇ ਹਨ। ਜੇਕਰ ਕੋਈ ਦੁਕਾਨਦਾਰ ਜਾਂ ਹੋਰ ਤੰਬਾਕੂ ਉਤਪਾਦਾਂ ਦੀ ਬੋਰਡ, ਸਟਿੱਕਰ, ਬੈਨਰ ਜਾਂ ਹੋਰ ਸਾਧਨਾਂ ਰਾਹੀਂ ਮਸ਼ਹੂਰੀ ਕਰਦਾ ਹੈ ਤਾਂ ਉਸ ਨੂੰ ਪਹਿਲੀ ਵਾਰ ਦੋ ਸਾਲ ਤੱਕ ਦੀ ਸਜ਼ਾ ਜਾਂ 1000 ਰੁਪਏ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ। ਦੂਜੀ ਵਾਰ ਅਪਰਾਧ ਕਰਨ 'ਤੇ ਪੰਜ ਸਾਲਾਂ ਦੀ ਸਜ਼ਾ ਅਤੇ 5000 ਰੁਪਏ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ।

ਧਾਰਾ-6- 'ਕੋਟਪਾ' ਦੀ ਧਾਰਾ 6 ਨੂੰ ਬੱਚਿਆਂ 'ਤੇ ਕੇਂਦ੍ਰਿਤ ਕੀਤਾ ਗਿਆ ਹੈ। ਇਸ ਦੇ ਦੋ ਭਾਗ ਹਨ ਧਾਰਾ 6 ਏ ਅਤੇ ਧਾਰਾ 6 ਬੀ। ਧਾਰਾ 6 ਏ ਇਹ ਕਹਿੰਦੀ ਹੈ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਨਾਂ ਤਾਂ ਤੰਬਾਕੂ ਵੇਚਿਆ ਜਾ ਸਕਦਾ ਹੈ ਅਤੇ ਨਾ ਹੀ ਉਸ ਤੋਂ ਤੰਬਾਕੂ ਵਿਕਵਾਇਆ ਜਾ ਸਕਦਾ ਹੈ। ਜੇਕਰ ਕੋਈ ਇਸ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਵੀ 200 ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ। ਇਸ ਧਾਰਾ ਤਹਿਤ ਤੰਬਾਕੂ ਵੇਚਣ ਵਾਲੇ ਦੁਕਾਨਦਾਰ ਨੇ ਆਪਣੇ ਦੁਕਾਨ 'ਤੇ ਇਸ ਬੋਰਡ ਲਗਾਉਣਾ ਹੁੰਦਾ ਹੈ ਜਿਸ 'ਤੇ ਲਿਖਿਆ ਹੁੰਦਾ ਹੈ ਕਿ '18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਤੰਬਾਕੂ ਉਤਪਾਦ ਵੇਚਣਾ ਸਜ਼ਾਯੋਗ ਅਪਰਾਧ ਹੈ।' ਜੇਕਰ ਦੁਕਾਨਦਾਰ ਇਹ ਬੋਰਡ ਨਹੀਂ ਲਗਾਉਂਦਾ ਤਾਂ ਉਹ ਜੁਰਮਾਨੇ ਦਾ ਹੱਕਦਾਰ ਹੈ।

ਇਸੇ ਤਰ੍ਹਾਂ ਕੋਟਪਾ ਦੀ ਧਾਰਾ 6 ਬੀ ਇਹ ਦੱਸਦੀ ਹੈ ਕਿ ਕਿਸੇ ਵੀ ਸਿੱਖਿਅਕ ਅਦਾਰੇ ਦੀ ਬਾਹਰਲੀ ਕੰਧ ਤੋਂ 100 ਗਜ਼ ਦੇ ਘੇਰੇ ਵਿਚ ਤੰਬਾਕੂ ਉਤਪਾਦ ਨਹੀਂ ਵੇਚੇ ਜਾ ਸਕਦੇ। ਜੇਕਰ ਕੋਈ ਅਜਿਹਾ ਕਰਦਾ ਹੈ ਤਾਂ ਉਸ ਨੂੰ 200 ਰੁਪਏ ਤੱਕ ਜੁਰਮਾਨਾ ਕੀਤਾ ਜਾ ਸਕਦਾ ਹੈ। ਇਸ ਧਾਰਾ ਦੀ ਖਾਸ ਗੱਲ ਇਹ ਹੈ ਕਿ ਇੱਕ ਪ੍ਰਿੰਸੀਪਲ, ਮੁੱਖ ਅਧਿਆਪਕ ਨੂੰ ਵੀ ਜੁਰਮਾਨਾ ਕਰਨ ਦਾ ਕਾਨੂੰਨੀ ਹੱਕ ਹੈ। ਇਸ ਤਹਿਤ ਸਕੂਲ ਦੇ ਦਰਵਾਜ਼ੇ ਕੋਲ ਤੰਬਾਕੂ ਮੁਕਤ ਸਕੂਲ ਦਾ ਬੋਰਡ ਲੱਗਿਆ ਹੋਣਾ ਜ਼ਰੂਰੀ ਹੈ ਜਿਸ 'ਤੇ ਇਹ ਲਿਖਿਆ ਹੁੰਦਾ ਹੈ ਕਿ ਸਕੂਲ, ਕਾਲਜ ਜਾਂ ਯੂਨੀਵਰਸਿਟੀ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦ ਨਹੀਂ ਵੇਚੇ ਜਾ ਸਕਦੇ।

ਧਾਰਾ-7, 8, 9- ਇਸ ਕਾਨੂੰਨ ਦੀ ਧਾਰਾ 7, 8 ਅਤੇ 9 ਇਹ ਦੱਸਦੀ ਹੈ ਕਿ ਕਿਸੇ ਵੀ ਤੰਬਾਕੂ ਦੇ ਉਤਪਾਦ ਦੇ 85 ਫ਼ੀਸਦੀ ਹਿੱਸੇ 'ਤੇ ਤਸਵੀਰ ਸਹਿਤ ਸਿਹਤ ਚੇਤਾਵਨੀ ਛਪੀ ਹੋਣੀ ਜ਼ਰੂਰੀ ਹੈ ਜਿਸ 'ਤੇ ਸਰਕਾਰ ਵੱਲੋਂ ਜਾਰੀ ਕੀਤੀ ਅਤੇ ਤੰਬਾਕੂ ਵਰਤਣ ਦੇ ਨੁਕਸਾਨਾਂ ਨੂੰ ਦਰਸਾਉਂਦੀ ਤਸਵੀਰ ਹੋਣੀ ਚਾਹੀਦੀ ਹੈ। ਤੰਬਾਕੂ ਕੰਪਨੀਆਂ ਇਸ ਦਾ ਵਿਰੋਧ ਕਰਦੀਆਂ ਹਨ ਪਰੰਤੂ ਸਿਹਤ ਮਾਹਰਾਂ ਦਾ ਮੰਨਣਾ ਹੈ ਕਿ ਤੰਬਾਕੂ ਵਰਤਣ ਵਾਲੇ 'ਤੇ ਇਹ ਚੇਤਾਵਨੀ ਬਹੁਤ ਅਸਰ ਪਾਉਂਦੀ ਹੈ। ਕਦੇ ਨਾ ਕਦੇ ਉਸ ਨੂੰ ਤੰਬਾਕੂ ਛੱਡਣ ਲਈ ਪ੍ਰੇਰਦੀ ਹੈ।

ਬਿਨ੍ਹਾਂ ਚੇਤਾਵਨੀ ਤੋਂ ਤਬਾਕੂ ਉਤਪਾਦ ਵੇਚਣ ਵਾਲੇ ਦੁਕਾਨਦਾਰ ਨੂੰ ਪਹਿਲੀ ਵਾਰ ਇੱਕ ਹਜ਼ਾਰ ਜੁਰਮਾਨਾ ਅਤੇ ਇੱਕ ਸਾਲ ਦੀ ਸਜ਼ਾ ਹੋ ਸਕਦੀ ਹੈ। ਦੂਜੀ ਵਾਰ ਇਹ ਜੁਰਮਾਨਾ ਤਿੰਨ ਹਜ਼ਾਰ ਰੁਪਏ ਅਤੇ ਸਜ਼ਾ ਦੋ ਸਾਲ ਹੋ ਜਾਂਦੀ ਹੈ। ਇਸੇ ਤਰ੍ਹਾਂ ਬਿਨਾਂ ਚੇਤਾਵਨੀ ਤੋਂ ਤੰਬਾਕੂ ਉਤਪਾਦ ਬਣਾਉਣ ਵਾਲੀਆਂ ਕੰਪਨੀਆਂ ਨੂੰ ਦੋ ਸਾਲ ਦੀ ਸਜ਼ਾ ਅਤੇ ਪੰਜ ਹਜ਼ਾਰ ਰੁਪਏ ਜੁਰਮਾਨਾ ਅਤੇ ਦੂਜੀ ਵਾਰ ਪੰਜ ਸਾਲਾਂ ਦੀ ਸਜ਼ਾ ਅਤੇ ਦਸ ਹਜ਼ਾਰ ਰੁਪਏ ਜੁਰਮਾਨਾ ਹੋ ਸਕਦਾ ਹੈ।



### ਤੰਬਾਕੂ ਕੰਪਨੀਆਂ ਵੀ ਕਰਦੀਆਂ ਹਨ ਦਖਲਅੰਦਾਜ਼ੀ

ਤੰਬਾਕੂ ਕੰਟਰੋਲ ਨੂੰ ਲਾਗੂ ਕਰਨ 'ਚ ਤੰਬਾਕੂ ਕੰਪਨੀਆਂ ਕਈ ਤਰ੍ਹਾਂ ਦੇਅੜਿੱਕੇ ਪਾਉਂਦੀਆਂ ਹਨ। ਮਾਹਰ ਕੰਪਨੀਆਂ ਵੱਲੋਂ ਵਰਤੇ ਜਾਂਦੇ ਢੰਗ ਤਰੀਕਿਆਂ ਨੂੰ ਵੀ ਇਸ ਸਮੇਂ ਵੱਡੀ ਚੁਣੌਤੀ ਮੰਨ ਰਹੇ ਹਨ। ਤੰਬਾਕੂ ਉਤਪਾਦਾਂ 'ਤੇ 40 ਫ਼ੀਸਦੀ ਤੋਂ 85 ਫ਼ੀਸਦੀ ਕਰਨ ਤੋਂ ਬਾਅਦ ਤੰਬਾਕੂ ਕੰਪਨੀਆਂ ਨੇ ਬਹੁਤ ਰੌਲਾ ਰੱਪਾ ਪਾਇਆ ਸੀ। ਕਿਸਾਨਾਂ ਅਤੇ ਇਸ ਧੰਦੇ 'ਚ ਲੱਗੇ ਲੋਕਾਂ ਨੂੰ ਇਹ ਵਿਸ਼ਵਾਸ਼ ਦਿਵਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਉਹਨਾਂ 'ਤੇ ਢਿਡ 'ਤੇ ਲੱਤ ਮਾਰੀ ਜਾ ਰਹੀ ਹੈ। ਇੱਥੋਂ ਤੱਕ ਕਿ ਉਨ੍ਹਾਂ ਤੋਂ ਹੜਤਾਲਾਂ ਤੱਕ ਕਰਵਾਈਆਂ ਗਈਆਂ। ਕੰਪਨੀਆਂ ਤੰਬਾਕੂ ਦੁਕਾਨਦਾਰਾਂ ਦੀਆਂ ਦੁਕਾਨਾਂ 'ਤੇ ਬਹੁਤ ਹੀ ਪ੍ਰਭਾਵਸ਼ਾਲੀ ਇਸ਼ਤਿਹਾਰਬਾਜ਼ੀ ਕਰਦੀਆਂ ਹਨ ਅਤੇ ਦੁਕਾਨਦਾਰਾਂ ਨੂੰ ਮਹੀਨਾਵਾਰ ਕਿਰਾਇਆ ਵੀ ਦਿੰਦੀਆਂ ਹਨ ਹਾਲਾਂਕਿ ਉਹ ਕਾਨੂੰਨ ਮੁਤਾਬਕ ਇਹ ਨਹੀਂ ਕਰ ਸਕਦੀਆਂ। ਇਹ ਵੀ ਸੁਣਨ 'ਚ ਆਇਆ ਹੈ ਕਿ ਕੰਪਨੀਆਂ, ਦੁਕਾਨਦਾਰਾਂ ਵੱਲੋਂ ਭਰੇ ਜ਼ੁਰਮਾਨੇ ਨੂੰ ਰਸੀਦ ਦੇਖ ਕੇ ਵਾਪਸ ਕਰ ਦਿੰਦੀਆਂ ਹਨ।

### ਇੰਡੀਅਨ ਤੰਬਾਕੂ ਕੰਪਨੀ ਨੇ 1300 ਕਰੋੜ ਲਾਏ

ਪੰਜਾਬ 'ਚ ਆਈਟੀਸੀ ਯਾਨੀ ਇੰਡੀਅਨ ਤੰਬਾਕੂ ਕੰਪਨੀ ਨੇ ਹੁਣ ਤੱਕ 1300 ਕਰੋੜ ਰੁਪਏ ਦੀ ਇਨਵੈਸਟਮੈਂਟ ਕਰਨ ਦਾ ਦਾਅਵਾ ਕੀਤਾ ਹੈ। ਤੰਬਾਕੂ ਇਸ ਕੰਪਨੀ ਦਾ ਮਹੱਤਵਪੂਰਨ ਵਪਾਰ ਹੈ ਅਤੇ ਇਹ ਹੋਰ ਵੀ ਬੜਾ ਕੁਝ ਬਣਾਉਂਦੀ ਹੈ ਹਾਲਾਂਕਿ ਪੰਜਾਬ ਵਿਚ ਇਸ ਨੇ ਫੂਡ ਪ੍ਰਾਸੈਸਿੰਗ ਪਲਾਂਟ ਲਗਾਉਣ ਲਈ ਪੈਸਾ ਲਾਇਆ ਹੈ। ਬਹੁਤ ਸਾਰੀਆਂ ਸਮਾਜਿਕ ਸੰਸਥਾਵਾਂ ਨੇ ਇਸ ਇਨਵੈਸਟਮੈਂਟ ਦਾ ਵਿਰੋਧ ਕੀਤਾ ਸੀ। ਸੰਸਥਾਵਾਂ ਦਾ ਮੱਤ ਹੈ ਕਿ ਕੰਪਨੀ ਤੰਬਾਕੂ ਦੇ ਵਪਾਰ 'ਚ ਵਾਧਾ ਕਰ ਸਕਦੀ ਹੈ।

### ਕਿਸੇ ਸਰਕਾਰੀ ਬੰਦੇ ਨੂੰ ਨਹੀਂ ਮਿਲ ਸਕਦਾ ਤੰਬਾਕੂ ਕੰਪਨੀ ਦਾ ਨੁਮਾਇੰਦਾ

ਡਬਲਿਊ.ਐਚ.ਓ. ਫਰੇਮਵਰਕ ਕਨਵੈਂਨਸ਼ਨ ਆਨ ਤੰਬਾਕੂ ਕੰਟਰੋਲ ਦੀ ਧਾਰਾ 5.3 ਮੁਤਾਬਕ ਤੰਬਾਕੂ ਸਨਅਤ ਦਾ ਕੋਈ ਵੀ ਨੁਮਾਇੰਦਾ ਸੂਬਾ ਸਰਕਾਰ ਦੇ ਕਿਸੇ ਮੁਲਾਜ਼ਮ ਜਾਂ ਅਫਸਰ ਨੂੰ ਸਿੱਧੇ ਤੌਰ 'ਤੇ ਨਹੀਂ ਮਿਲ ਸਕਦਾ। ਇਸ ਪੰਜਾਬ ਸਰਕਾਰ ਵੱਲੋਂ ਇੱਕ ਉੱਚ-ਅਧਿਕਾਰ ਪ੍ਰਾਪਤ ਕਮੇਟੀ ਬਣਾਈ ਗਈ ਹੈ ਜੋ ਮਿਲਣ ਦੀ ਇਜਾਜ਼ਤ ਦੇਵੇਗੀ। ਪ੍ਰਮੁੱਖ ਸਕੱਤਰ (ਗ੍ਰਹਿ) ਇਸ ਦੇ ਮੁੱਖ ਮੈਂਬਰ ਹਨ ਅਤੇ ਕਮਿਸ਼ਨਰ ਐਫਡੀਏ ਨੂੰ ਨੋਡਲ ਅਫ਼ਸਰ ਬਣਾਇਆ ਹੈ। ਪੰਜਾਬ ਸਰਕਾਰ ਨੇ ਤੰਬਾਕੂ ਕੰਪਨੀ ਦੇ ਨੁਮਾਇੰਦਿਆਂ ਨੂੰ ਮਿਲਣ ਦੀਆਂ ਗਾਈਡਲਾਈਨਜ਼ ਬਣਾਈਆਂ ਹਨ।



### ਪੰਜਾਬ 'ਚ ਤੰਬਾਕੂਨੋਸ਼ ਪਹਿਲਾਂ ਨਾਲੋਂ ਵੱਧ

ਕੇਂਦਰ ਸਰਕਾਰ ਵੱਲੋਂ ਕਰਵਾਏ ਗਏ 'ਗਲੋਬਲ ਅਡਲਟ ਤੰਬਾਕੂ ਸਰਵੇ 2016-17' ਅਨੁਸਾਰ ਪੰਜਾਬ ਵਿਚ ਤੰਬਾਕੂ ਨੂੰ ਵਰਤਣ ਵਾਲੇ ਲੋਕਾਂ ਦੀ ਗਿਣਤੀ ਵਿਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਇਹੀ ਸਰਵੇ ਜਦੋਂ 2009-10 ਵਿਚ ਕਰਵਾਇਆ ਗਿਆ ਸੀ ਤਾਂ ਪੰਜਾਬ ਦੀ ਕੁੱਲ ਅਬਾਦੀ ਦਾ 11.7 ਫ਼ੀਸਦੀ ਆਬਾਦੀ ਤੰਬਾਕੂ ਦੀ ਨਸ਼ਾ ਕਰਦੀ ਸੀ ਪ੍ਰੰਤੂ ਸਰਕਾਰ ਵੱਲੋਂ ਦੁਬਾਰਾ ਕਰਵਾਏ ਗਏ ਇਸ ਸਰਵੇ ਵਿਚ ਇਹ 13.4 ਹੋ ਗਈ ਹੈ ਜੋ ਕਿ ਚਿੰਤਾਜਨਕ ਹੈ। ਪੰਜਾਬ ਬਾਰੇ ਹੁਣ ਤੱਕ ਇਹੀ ਕਿਹਾ ਜਾਂਦਾ ਰਿਹਾ ਹੈ ਕਿ ਇਹ ਇੱਕ ਸਿੱਖ ਭਾਈਚਾਰੇ ਵਾਲਾ ਸੂਬਾ ਹੈ ਅਤੇ ਸਿੱਖ ਧਰਮ ਵਿਚ ਤੰਬਾਕੂ ਦਾ ਕੋਈ ਸਥਾਨ ਨਹੀਂ ਪ੍ਰੰਤੂ ਸਰਵੇ ਦੇ ਅੰਕੜਿਆਂ ਤੋਂ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਧਰਮ ਦੀ ਚੰਗੀ ਗੱਲ ਦਾ ਅਸਰ ਹੌਲੀ ਹੌਲੀ ਘਟ ਰਿਹਾ ਹੈ।

### ਸਿਹਤ ਵਿਭਾਗ ਹੈ ਨੋਡਲ ਏਜੰਸੀ

ਪੰਜਾਬ ਵਿਚ ਤੰਬਾਕੂ ਕੰਟਰੋਲ ਨੂੰ ਲਾਗੂ ਕਰਨ ਲਈ ਸਿਹਤ ਵਿਭਾਗ ਨੂੰ ਨੋਡਲ ਏਜੰਸੀ ਬਣਾਇਆ ਗਿਆ ਹੈ। ਇਸ ਲਈ ਸੂਬਾ ਅਤੇ ਜ਼ਿਲ੍ਹਾ ਪੱਧਰ 'ਤੇ ਕਮੇਟੀਆਂ ਬਣਾਈਆਂ ਗਈਆਂ ਹਨ। ਇਹ ਕਮੇਟੀਆਂ ਜਨਤਕ ਸਥਾਨਾਂ 'ਤੇ ਤੰਬਾਕੂਨੋਸ਼ੀ ਕਰਨ ਵਾਲਿਆਂ ਨੂੰ ਜ਼ੁਰਮਾਨਾ ਵੀ ਕਰਦੀਆਂ ਹਨ। ਕਮੇਟੀਆਂ ਨੇ ਧਾਰਾ 4 ਅਤੇ 6 ਦੇ ਥੋੜਾ ਬਹੁਤ ਕੰਮ ਕੀਤਾ ਹੈ ਪਰੰਤੂ 5 ਅਤੇ 7 ਨੂੰ ਲਾਗੂ ਕਰਨ ਲਈ ਕੋਈ ਕੰਮ ਨਹੀਂ ਕੀਤਾ ਗਿਆ। ਜਿਲ੍ਹਾ ਪੱਧਰੀ ਕਮੇਟੀਆਂ ਦੀਆਂ ਹਰ ਮਹੀਨੇ ਮੀਟਿੰਗਾਂ ਹੁੰਦੀਆਂ ਹਨ ਅਤੇ ਬਿਆਨ ਦੇ ਕੇ ਬੁੱਤਾ ਸਾਰ ਦਿੱਤਾ ਜਾਂਦਾ ਹੈ। ਸਾਰੇ ਜਿਲ੍ਹਿਆਂ ਤੋਂ ਰਿਪੋਰਟਾਂ ਇਹ ਹਨ ਕਿ ਨਾਬਾਲਗਾਂ ਨੂੰ ਵੀ ਤੰਬਾਕੂ ਵੇਚਿਆ ਜਾ ਰਿਹਾ ਹੈ ਅਤੇ ਤੰਬਾਕੂ ਉਤਪਾਦਾਂ ਦੀ ਮਸ਼ਹੂਰੀ ਵੀ ਹੋ ਰਹੀ ਹੈ। ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਜਿਸ ਨੂੰ ਗੁਰੂ ਕੀ ਨਗਰੀ ਵੀ ਕਿਹਾ ਜਾਂਦਾ ਹੈ, ਵਿਚ ਤੰਬਾਕੂ ਦੇ ਮਸ਼ਹੂਰੀ ਦੀ ਭਰਮਾਰ ਹੈ ਜੋ ਕਿ ਕਾਨੂੰਨ ਦੀ ਸਿੱਧੀ ਉਲੰਘਣਾ ਹੈ।

### ਹਿਮਾਚਲ, ਰਾਜਸਥਾਨ ਅਤੇ ਹਰਿਆਣਾ ਵਿਚ ਵੀ ਘਟੀ ਤੰਬਾਕੂ ਦੀ ਵਰਤੋਂ

ਇਸ ਸਰਵੇ ਦੀ ਖਾਸ ਗੱਲ ਇਹ ਵੀ ਹੈ ਕਿ ਪੰਜਾਬ ਦੇ ਗੁਆਂਢੀ ਸੂਬਿਆਂ ਹਿਮਾਚਲ, ਹਰਿਆਣਾ ਅਤੇ ਰਾਜਸਥਾਨ ਵਿਚ ਤੰਬਾਕੂ ਵਰਤਣਾ ਵਾਲਿਆਂ ਦੀ ਗਿਣਤੀ ਘਟੀ ਹੈ। ਹਿਮਾਚਲ ਵਿਚ ਪਹਿਲਾਂ 21.2 ਫ਼ੀਸਦੀ ਲੋਕ ਤੰਬਾਕੂ ਦੀ ਵਰਤੋਂ ਕਰਦੇ ਸਨ ਜੋ 5.1 ਫ਼ੀਸਦੀ ਘਟ ਕੇ 16.1 ਫ਼ੀਸਦੀ ਰਹਿ ਗਈ ਹੈ। ਰਾਜਸਥਾਨ ਵਿਚ ਪਹਿਲਾਂ 32.3 ਫ਼ੀਸਦੀ ਲੋਕ ਤੰਬਾਕੂ ਦੀ ਵਰਤੋਂ ਕਰ ਰਹੇ ਸਨ ਪ੍ਰੰਤੂ ਨਵੇਂ ਸਰਵੇ ਵਿਚ ਇਹ ਗਿਣਤੀ 7.6 ਫ਼ੀਸਦੀ ਘਟ ਕੇ 24.7 ਫ਼ੀਸਦੀ ਰਹਿ ਗਈ ਹੈ। ਇਸੇ ਤਰ੍ਹਾਂ ਹਰਿਆਣਾ ਵਿਚ ਤੰਬਾਕੂ ਵਰਤਣ ਵਾਲਿਆਂ ਦੀ ਗਿਣਤੀ ਘਟੀ ਹੈ। ਪਹਿਲਾਂ ਇਹ 23.7 ਫ਼ੀਸਦੀ ਸੀ ਜੋ ਕਿ ਹੁਣ ਘਟ ਕੇ 23.6 ਫ਼ੀਸਦੀ ਰਹਿ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਤੰਬਾਕੂ ਖਾਣ ਵਾਲਿਆਂ ਦਾ ਗੜ੍ਹ ਸਮਝੇ ਜਾਂਦੇ ਬਿਹਾਰ ਵਿਚ ਤੰਬਾਕੂ ਵਰਤਣ ਵਾਲਿਆਂ ਦੀ ਗਿਣਤੀ 27. 6 ਫ਼ੀਸਦੀ ਘਟ ਕੇ 25.9 ਫੀਸਦ ਰਹਿ ਗਈ ਹੈ ਜਦਕਿ ਪਹਿਲਾਂ ਇੱਥੋਂ ਦੀ 53.5 ਫ਼ੀਸਦੀ ਆਬਾਦੀ ਤੰਬਾਕੂ ਦੀ ਕਿਸੇ ਨਾ ਕਿਸੇ ਰੂਪ ਵਿਚ ਵਰਤੋਂ ਕਰਦੀ ਸੀ। ਭਾਰਤ ਵਿਚ ਪਹਿਲਾਂ ਕੁੱਲ 34.6 ਫ਼ੀਸਦੀ ਲੋਕ ਤੰਬਾਕੂ ਦੀ ਵਰਤੋਂ ਕਰਦੇ ਸਨ ਪਰੰਤੂ ਹੁਣ ਇਹ ਘਟ ਕੇ 28.6 ਫ਼ੀਸਦੀ ਰਹਿ ਗਈ ਹੈ। ਦੇਸ਼ ਪੱਧਰ 'ਤੇ ਇਸ ਦਾ ਘਟਣਾ ਅਤੇ ਪੰਜਾਬ ਵਰਗੇ ਸੂਬੇ ਵਿਚ ਤੰਬਾਕੂ ਦੀ ਵਰਤੋਂ ਦਾ ਵਧਣਾ ਹੈਰਾਨ ਕਰ ਦੇਣ ਵਾਲੀ ਗੱਲ ਹੈ।

### ਹੁੱਕਾ ਬਾਰਾਂ 'ਤੇ ਧਾਰਾ 144 ਲਾਗੂ

ਰੈਸਟੋਰੈਂਟਾਂ, ਨਾਈਟ ਕਲੱਬਾਂ ਵੱਲੋਂ ਨੌਜਵਾਨਾਂ ਨੂੰ ਹੁੱਕਾ ਪਰੋਸੇ ਜਾਣ ਦੀਆਂ ਮਿਲੀਆ ਖਬਰਾਂ ਤੋਂ ਬਾਅਦ ਪੰਜਾਬ ਸਰਕਾਰ ਨੇ ਹੁੱਕਾ ਬਾਰਾਂ 'ਤੇ ਧਾਰਾ 144 ਲਗਾਈ ਹੈ। ਪ੍ਰਸ਼ਾਸਨ ਨੂੰ ਜੇਕਰ ਹੁੱਕਾ ਬਾਰ ਚੱਲਣ ਬਾਰੇ ਸ਼ਿਕਾਇਤ ਮਿਲਦੀ ਹੈ ਤਾਂ ਪੁਲਿਸ ਅਤੇ ਸਿਹਤ ਵਿਭਾਗ ਵੱਲੋਂ ਤੁਰੰਤ ਕਾਰਵਾਈ ਕਰਨ ਦਾ ਦਾਅਵਾ ਕੀਤਾ ਜਾਂਦਾ ਹੈ। ਜਲੰਧਰ, ਮੁਹਾਲੀ, ਅੰਮ੍ਰਿਤਸਰ ਵਿਚ ਕਈ ਹੁੱਕਾ ਬਾਰਾਂ 'ਤੇ ਛਾਪੇਮਾਰੀ ਕੀਤੀ ਗਈ ਹੈ ਅਤੇ ਕੇਸ ਦਰਜ ਕੀਤੇ ਗਏ ਹਨ ਹਾਲਾਂਕਿ ਅਜੇ ਤੱਕ ਇਸ ਸੰਬੰਧੀ ਕਿਸੇ ਨੂੰ ਸਜ਼ਾ ਹੋਣ ਬਾਰੇ ਕੋਈ ਖਬਰ ਨਹੀਂ ਮਿਲੀ।

### ਸ਼ਿਕਾਇਤ ਲਈ ਟੋਲ ਫ਼੍ਰੀ ਨੰਬਰ ਹੈ 1800 110456

ਇਹ ਕੌਮੀ ਹੈਲਪਲਾਈਨ ਨੰਬਰ ਹੈ ਅਤੇ ਆਮ ਲੋਕ ਤੰਬਾਕੂ ਕੰਟਰੋਲ ਐਕਟ ਦੀ ਕਿਸੇ ਵੀ ਧਾਰਾ ਦੀ ਉਲੰਘਣਾ ਹੋਣ 'ਤੇ ਸ਼ਿਕਾਇਤ ਕਰ ਸਕਦੇ ਹਨ। ਕੇਂਦਰ ਵੱਲੋਂ ਇਹ ਸ਼ਿਕਾਇਤ ਪਹਿਲਾਂ ਸੂਬੇ ਨੂੰ ਭੇਜੀ ਜਾਂਦੀ ਹੈ ਅਤੇ ਉਸ ਤੋਂ ਬਾਅਦ ਜ਼ਿਲ੍ਹੇ ਨੂੰ। ਇਸ ਮਗਰੋਂ ਜ਼ਿਲ੍ਹਾ ਨੋਡਲ ਅਫਸਰ ਉਲੰਘਣਾ ਕਰਨ ਵਾਲੇ 'ਤੇ ਕਾਰਵਾਈ ਕਰਦਾ ਹੈ।



ਅਸੀਂ ਆਪਣੇ ਵੱਲੋਂ ਲੋਕਾਂ ਨੂੰ ਜਾਗਰੂਕ ਕਰ ਰਹੇ ਹਾਂ। ਸਿਗਰਟਨੋਸ਼ੀ ਤੋਂ ਇਲਾਵਾ ਸਮੋਕਲੈੱਸ ਤੰਬਾਕੂ ਪੀਣ ਵਾਲਿਆਂ ਦੀ ਗਿਣਤੀ ਵੀ ਪੰਜਾਬ ਵਿਚ ਵਧੀ ਹੈ, ਜਿਸ ਬਾਰੇ ਹੁਣ ਹੋਰ ਗੰਭੀਰਤਾ ਨਾਲ ਕੰਮ ਕੀਤਾ ਜਾਵੇਗਾ। ਪੁਲਿਸ ਵਿਭਾਗ ਨਾਲ ਵੀ ਮਿਲ ਕੇ ਕੰਮ ਕਰਾਂਗੇ ਜਿਸ ਬਾਰੇ ਅਸੀਂ ਪੁਲਿਸ ਨਾਲ ਇਕ ਬੈਠਕ ਕੀਤੀ ਹੈ ਇਸ ਤੋਂ ਇਲਾਵਾ ਬਾਹਰਲੇ ਮੁਲਕ ਦੀਆਂ ਸਿਗਰਟਾਂ ਬਾਰੇ ਸਬੰਧਤ ਵਿਭਾਗ ਵੀ ਸਿਹਤ ਵਿਭਾਗ ਦਾ ਸਾਥ ਦੇਣ।

**-ਡਾ. ਅਰੀਤ,** ਨੋਡਲ ਅਫ਼ਸਰ ਸਟੇਟ ਤੰਬਾਕੂ ਕੰਟਰੋਲ ਸੈੱਲ।



ਸਾਲ 2016 ਵਿਚ ਦਸ ਸਾਲ ਬਾਅਦ ਨੈਸ਼ਨਲ ਫ਼ੈਮਲੀ ਹੈਲਥ ਸਰਵਿਸਜ਼ਿ ਵੱਲੋਂ ਸਰਵੇ ਕਰਵਾਇਆ ਗਿਆ ਸੀ। ਜਿਸ ਵਿਚ ਤੰਬਾਕੂ ਦਾ ਸੇਵਨ ਕਰਨ ਵਾਲੀਆਂ ਔਰਤਾਂ ਦੀ ਗਿਣਤੀ 0.8 ਤੋਂ ਘੱਟ ਕੇ 0.1 ਹੋ ਗਈ ਹੈ ਜਦ ਕਿ ਪੁਰਸ਼ਾਂ ਵਿਚ 14.6 ਤਕ ਘੱਟ ਗਈ ਹੈ। ਇਸ ਤੋਂ ਇਲਾਵਾ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਤੰਬਾਕੂ ਸੌਖਾ ਮਾਰਕਿਟ ਵਿਚ ਉਪਲਬਧ ਹੈ ਜਿਸ ਕਰ ਕੇ ਜਿਸ ਕਰ ਕੇ ਗੈਟ ਸਰਵੇ ਵਿਚ ਪਿਛਲੇ ਸਾਲਾਂ ਦੇ ਮੁਕਾਬਲੇ ਸੇਵਨ ਕਰ ਵਾਲਿਆਂ ਦੀ ਗਿਣਤੀ ਵਧ ਗਈ ਹੋਵੇ। ਇਹੀ ਨਹੀਂ ਪੰਜਾਬ ਵਿਚ ਡ੍ਰੱਗ 'ਤੇ ਜਿਸ ਕਦਰ ਸਰਕਰ ਨੇ ਲਗਾਮ ਕੱਸੀ ਹੈ ਡਰੱਗ ਲੈਣ ਵਾਲੇ ਨੌਜਵਾਨ ਨਿਕੋਟੀਨ ਕਰ ਕੇ ਵੀ ਕਈ ਵਾਰ ਤੰਬਾਕੂ ਦਾ ਸੇਵਨ ਜ਼ਿਆਦਾ ਕਰਨ ਲੱਗ ਜਾਂਦੇ ਹਨ। ਅਸੀਂ ਹੁਣ ਮਨੋਰੋਗ ਦੇ ਮਾਹਰ ਡਾਕਟਰਾਂ ਨੂੰ ਵੀ ਇਸ ਗੱਲ ਬਾਰੇ ਸੁਚੇਤ ਕਰ ਰਹੇ ਹਾਂ ਕਿ ਅਜਿਹੇ ਨੌਜਵਾਨਾਂ ਨੂੰ ਬਾਕੀ ਨਸ਼ਿਆਂ ਦੇ ਨਾਲ ਨਾਲ ਤੰਬਾਕੂ ਦੇ ਮਾੜੇ ਪ੍ਰਭਾਵ ਬਾਰੇ ਵੀ ਦੱਸਣ। ਹਾਲੇ ਗਲੋਬਲ ਅਡੱਲਟ ਸਰਵੇ ਦੀ ਪੂਰੀ ਰਿਪੋਰਟ ਨੂੰ ਘੋਖਣਾ ਜ਼ਰੂਰੀ ਹੈ।

**-ਡਾ ਰਾਕੇਸ਼ ਗੁਪਤਾ,** ਚੀਫ਼ ਕੈਮੀਕਲ ਐਗਜ਼ਾਮੀਨਰ ਪੰਜਾਬ

## ਪੰਜਾਬ 'ਚ ਤੰਬਾਕੂ ਕੰਟਰੋਲ ਲਈ ਵੱਡੀਆਂ ਚੁਣੌਤੀਆਂ

**ਚੈਲੇਂਜ ਨੰਬਰ 1**

### ਇੰਡੋਨੇਸ਼ੀਆ, ਕੋਰੀਆ ਤੋਂ ਹੋ ਰਹੀ ਗੈਰ ਕਾਨੂੰਨੀ ਸਿਗਰਟਾਂ ਦੀ ਸਪਲਾਈ



ਇਸ ਸਮੇਂ ਹੋਰ ਦੇਸ਼ਾਂ ਤੋਂ ਤਸਕਰੀ ਰਾਹੀਂ ਲਿਆਂਦੀਆਂ ਸਿਗਰਟਾਂ ਪੰਜਾਬ ਦੇ ਤੰਬਾਕੂ ਕੰਟਰੋਲ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਦੂਜੇ ਦੇਸ਼ਾਂ ਤੋਂ ਤਸਕਰੀ ਰਾਹੀਂ ਪੰਜਾਬ 'ਚ ਲਿਆਂਦੀਆਂ ਸਿਗਰਟਾਂ ਵਿਚ ਬਲੈਕ, ਰੂਲੀ ਰਿਵਰ, ਗੁਦਾਂਗ ਗਰਾਮ, ਮੌਂਡ, ਪਾਈਨ, ਮਰਸੋ, ਫਿਲੀਜ਼, ਲੀਜੈਂਡ, ਡਨਹਿਲ, ਮੋਰ, ਕਿੰਗ ਐਡਵਰਡ ਆਦਿ ਨਾਂ ਸ਼ਾਮਲ ਹਨ। ਬ੍ਰਾਂਡ 'ਬਲੈਕ' 'ਤੇ ਸਪੱਸ਼ਟ 'ਮੇਡ ਇਨ ਇੰਡੋਨੇਸ਼ੀਆ' ਲਿਖਿਆ ਹੋਇਆ ਹੈ ਜਦਕਿ 'ਪਾਈਨ' ਕੋਰੀਆ 'ਚ ਬਣਿਆ ਹੈ। ਇਹਨਾਂ 'ਤੇ ਕੋਈ ਸਿਹਤ ਸੰਬੰਧੀ ਚੇਤਾਵਨੀ ਨਹੀਂ ਹੁੰਦੀ ਜੋ ਕਿ ਕਾਨੂੰਨ ਦੀ ਧਾਰਾ 7 ਤਹਿਤ ਗ਼ੈਰ-ਕਾਨੂੰਨੀ ਹਨ। ਇਹ ਹਰ ਛੋਟੀ ਤੋਂ ਛੋਟੀ ਦੁਕਾਨ 'ਤੇ ਮੌਜੂਦ ਹਨ। ਹੋਲਸੇਲਰ ਇਸ ਨੂੰ ਬਿਨਾ ਕਿਸੇ ਰੋਕ ਟੋਕ ਸਪਲਾਈ ਕਰ ਰਹੇ ਹਨ।

**ਚੈਲੇਂਜ ਨੰਬਰ 2**

### ਸੁਗੰਧਿਤ, ਸੁਆਦੀ ਅਤੇ ਚੱਬਣ ਵਾਲੇ ਤੰਬਾਕੂ 'ਤੇ ਸਾਲਾਂ ਤੋਂ ਪਾਬੰਦੀ ਮੌਜੂਦ

ਇਸ ਸਮੇਂ ਸੁਗੰਧਿਤ, ਸੁਆਦੀ ਅਤੇ ਚੱਬਣ ਵਾਲੇ ਤੰਬਾਕੂ ਦੀ ਸਪਲਾਈ ਅਤੇ ਵਿਕਰੀ ਨੂੰ ਰੋਕਣਾ ਸੂਬੇ ਦੇ ਤੰਬਾਕੂ ਕੰਟਰੋਲ ਲਈ ਵੱਡਾ ਚੈਲੇਂਜ ਹੈ। ਸਿਹਤ ਵਿਭਾਗ ਨੇ ਸਾਲਾਂ ਤੋਂ ਇਸ 'ਤੇ ਪਾਬੰਦੀ ਲਗਾਈ ਹੈ ਪਰੰਤੂ ਇਹ ਅੱਜ ਵੀ ਤੰਬਾਕੂ ਦੀ ਹਰ ਛੋਟੀ ਤੋਂ ਛੋਟੀ ਦੁਕਾਨ 'ਤੇ ਮੌਜੂਦ ਹੈ। ਇਸ 'ਤੇ ਫੂਡ ਸੇਫਟੀ ਅਫਸਰਾਂ ਨੇ ਕਾਰਵਾਈ ਕਰਨੀ ਹੁੰਦੀ ਹੈ ਪਰੰਤੂ ਉਹਨਾਂ ਕਾਰਨ ਦੀ ਅਜੇ ਤੱਕ ਪੜਤਾਲ ਨਹੀਂ ਹੋ ਸਕੀ ਜਿਨ੍ਹਾਂ ਕਾਰਨ ਹਰ ਜਿਲ੍ਹੇ 'ਚ ਮੌਜੂਦ ਫੂਡ ਸੇਫਟੀ ਅਫ਼ਸਰ ਕਾਰਵਾਈ ਨਹੀਂ ਕਰਦੇ। ਵਿਭਾਗ ਹਰ ਸਾਲ ਉਸ ਨੋਟੀਫਿਕੇਸ਼ਨ ਨੂੰ ਨਵਿਆ ਦਿੰਦਾ ਹੈ ਅਤੇ ਕਾਗਜ਼ਾਂ 'ਚ ਇਹ ਪਾਬੰਦੀ ਚੱਲ ਰਹੀ ਹੈ। ਫੂਡ ਸੇਫ਼ਟੀ ਅਫਸਰਾਂ ਨੂੰ ਇੱਕ ਵੱਖਰੇ ਪੱਤਰ ਰਾਹੀਂ ਹਰ ਮਹੀਨੇ ਪੰਜ ਸੈਂਪਲ ਲੈ ਕੇ ਲੈਬਾਰਟਰੀ ਭੇਜਣ ਦੇ ਹੁਕਮ ਹਨ ਪਰ ਅੱਜ ਤੱਕ ਇਸ ਦਿਸ਼ਾ 'ਚ ਕੋਈ ਗਿਣਨਯੋਗ ਪ੍ਰਾਪਤੀ ਨਹੀਂ ਹੋਈ। ਅਸਲ 'ਚ 2012 'ਚ ਪੰਜਾਬ ਸਰਕਾਰ ਨੇ ਗੁਟਖੇ 'ਤੇ ਪਾਬੰਦੀ ਲਗਾਈ ਸੀ ਪਰੰਤੂ ਕੰਪਨੀਆਂ ਨੇ ਪਾਨ ਮਸਾਲਾ ਅਤੇ ਸੁਗੰਧਿਤ, ਸੁਆਦੀ ਅਤੇ ਚੱਬਣ ਵਾਲਾ ਤੰਬਾਕੂ ਵੱਖ ਵੱਖ ਬਣਾ ਦਿੱਤੇ। ਇਸ ਨਾਲ ਉਹ ਕਾਨੂੰਨੀ ਰੂਪ 'ਚ ਬਚ ਗਏ ਅਤੇ ਕੰਪਨੀਆਂ ਨੇ ਵੱਖ ਵੱਖ ਪੈਕਟਾਂ 'ਚ ਕਰਨ ਕਾਰਨ ਮੁਨਾਫ਼ਾ ਕਮਾਇਆ। ਹੁਣ ਦੋਵੇਂ ਉਤਪਾਦ ਮਿਲਾ ਕੇ ਗੁਟਖਾ ਬਣਾ ਜਾਂਦਾ ਹੈ।

**ਚੈਲੇਂਜ ਨੰਬਰ 3**

### ਨਹੀਂ ਰੁਕੀ ਖੁੱਲੀ ਸਿਗਰਟ ਦੀ ਵਿਕਰੀ

ਪੰਜਾਬ ਉਹਨਾਂ ਮੋਹਰੀ ਸੂਬਿਆਂ ਵਿਚ ਸ਼ਾਮਲ ਸੀ ਜਿਹਨਾਂ ਨੇ ਸੱਭ ਤੋਂ ਪਹਿਲਾਂ ਖੁੱਲ੍ਹੀ ਸਿਗਰਟ 'ਤੇ ਪਾਬੰਦੀ ਲਗਾਈ ਸੀ ਪ੍ਰੰਤੂ ਇਹ ਹੁਕਮ ਵੀ ਕਾਗਜ਼ਾਂ ਦਾ ਸ਼ਿੰਗਾਰ ਬਣ ਕੇ ਰਹਿ ਗਏ। ਸੂਬੇ ਵਿਚ ਇੱਕ ਵੀ ਦੁਕਾਨ 'ਤੇ ਖੁੱਲ੍ਹੀ ਸਿਗਰਟ ਦੀ ਵਿਕਰੀ ਬੰਦ ਨਹੀਂ ਹੋਈ ਹੈ। ਖੁੱਲ੍ਹੀ ਸਿਗਰਟ ਨੂੰ ਇਸ ਕਰਕੇ ਬੰਦ ਕੀਤਾ ਗਿਆ ਸੀ ਕਿਉਂਕਿ ਇਸ 'ਤੇ ਕੋਈ ਚੇਤਾਵਨੀ ਨਹੀਂ ਹੁੰਦੀ। ਨੌਜਵਾਨ ਆਮ ਤੌਰ 'ਤੇ ਖੁੱਲ੍ਹੀ ਸਿਗਰਟ ਹੀ ਖਰੀਦ ਕੇ ਪੀਂਦੇ ਹਨ ਕਿਉਂਕਿ ਪੂਰੀ ਡੱਬੀ ਉਹਨਾਂ ਦੀ ਜੇਬ੍ਹ ਖਰਚ 'ਤੇ ਭਾਰੀ ਪੈਂਦੀ ਹੈ। ਮੌਜੂਦਾ ਸਮੇਂ ਖੁੱਲ੍ਹੀ ਸਿਗਰਟ ਦੀ ਵਿਕਰੀ ਨੂੰ ਰੋਕਣਾ ਸਰਕਾਰ ਲਈ ਵੱਡੀ ਚੁਣੌਤੀ ਬਣੀ ਹੋਈ ਹੈ।

**ਚੈਲੇਂਜ ਨੰਬਰ 4**

### ਹੋਰ ਵਿਭਾਗ ਨਹੀਂ ਦੇ ਰਹੇ ਸਾਥ

ਪੰਜਾਬ ਵਿਚ ਤੰਬਾਕੂ ਕੰਟਰੋਲ ਨੂੰ ਲਾਗੂ ਕਰਨ ਦੀ ਕਮਜ਼ੋਰ ਹਾਲਤ ਦਾ ਮਹੱਤਵਪੂਰਨ ਪੱਖ ਇਹ ਵੀ ਹੈ ਕਿ ਹੋਰ ਵਿਭਾਗ ਸਿਹਤ ਵਿਭਾਗ ਦਾ ਸਾਥ ਨਹੀਂ ਦੇ ਰਹੇ। ਵਿਭਾਗਾਂ ਦੇ ਏਜੰਡੇ 'ਤੇ ਤੰਬਾਕੂ ਕੰਟਰੋਲ ਹੈ ਹੀ ਨਹੀਂ ਹਾਲਾਂਕਿ ਸਿਹਤ ਵਿਭਾਗ ਵੱਲੋਂ ਸੂਬਾ ਪੱਧਰ 'ਤੇ ਹਰੇਕ ਤਿੰਨ ਮਹੀਨਿਆਂ ਬਾਅਦ ਪ੍ਰਿੰਸੀਪਲ ਸੈਕਟਰ, ਸਿਹਤ ਅਤੇ ਹੋਰ ਅਫਸਰਾਂ ਦੀ ਮੌਜੂਦਗੀ ਵਿਚ ਸੂਬਾ ਪੱਧਰੀ ਕੋਆਰਡੀਨੇਸ਼ਨ ਕਮੇਟੀ ਦੀ ਬੈਠਕ ਕੀਤੀ ਜਾਂਦੀ ਹੈ ਜਿਸ ਵਿਚ ਵੱਖ ਵੱਖ ਵਿਭਾਗਾਂ ਨੂੰ ਉਹਨਾਂ ਦੇ ਕੰਮ ਦੱਸੇ ਜਾਂਦੇ ਹਨ ਅਤੇ ਉਹਨਾਂ ਤੋਂ ਕਾਰਗੁਜ਼ਾਰੀ ਦੀ ਰਿਪੋਰਟ ਲਈ ਜਾਂਦੀ ਹੈ। ਇਸ ਵਾਰ ਦੀ ਹੋਈ ਸੂਬਾ ਪੱਧਰੀ ਮੀਟਿੰਗ ਵਿਚ ਮੁੱਖ ਅਫਸਰ ਹਾਜ਼ਰ ਹੀ ਨਹੀਂ ਹੋਏ। ਹੋਰ ਵਿਭਾਗਾਂ ਤੋਂ ਕੰਮ ਕਰਵਾਉਣਾ ਇਸ ਸਮੇਂ ਇੱਕ ਵੱਡਾ ਚੈਲੇਂਜ ਬਣਿਆ ਹੋਇਆ ਹੈ।

### ਪੰਜਾਬ 'ਚ ਈ-ਸਿਗਰਟ 'ਤੇ ਵੀ ਪਾਬੰਦੀ

ਪੰਜਾਬ ਸਰਕਾਰ ਵੱਲੋਂ ਡਰੱਗਸ ਅਤੇ ਕਾਸਮੈਟਿਕ ਐਕਟ ਤਹਿਤ ਈ ਸਿਗਰਟ 'ਤੇ ਪਾਬੰਦੀ ਲਗਾਈ ਗਈ ਹੈ। ਕੰਪਨੀਆਂ ਈ ਸਿਗਰਟ ਨੂੰ ਸਿਗਰਟਨੋਸ਼ੀ ਛੁਡਾਉਣ ਦੇ ਬਦਲ ਵਜੋਂ ਪ੍ਰਚਾਰਦੀਆਂ ਹਨ ਪਰੰਤੂ ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਿਗਰਟਨੋਸ਼ੀ ਛੱਡਣ ਦਾ ਬਦਲ ਨਹੀਂ ਹੈ ਸਗੋਂ ਇਹ ਦੂਜੀ ਸਿਗਰਟ ਵਾਂਗ ਹੀ ਸਰੀਰ ਲਈ ਖ਼ਤਰਨਾਕ ਹੈ। ਮੁਹਾਲੀ ਵਿਚ ਈ ਸਿਗਰਟ ਵੇਚਣ ਦੇ ਦੋਸ਼ ਇੱਕ ਦੁਕਾਨਦਾਰ ਨੂੰ ਸਜ਼ਾ 'ਤੇ ਜੁਰਮਾਨਾ ਦੋਵੇ ਹੋ ਚੁੱਕੇ ਹਨ। ਜਿਲ੍ਹਿਆਂ 'ਚ ਮੌਜੂਦ ਡਰੱਗ ਇੰਸਪੈਕਟਰਾਂ ਨੇ ਇਸ ਕਾਨੂੰਨ ਨੂੰ ਲਾਗੂ ਕਰਨਾ ਹੁੰਦਾ ਹੈ।



### ਕਿਉਂ ਵਧੀ ਤੰਬਾਕੂ ਵਰਤਣ ਵਾਲਿਆਂ ਦੀ ਗਿਣਤੀ?



1996 ਤੋਂ ਤੰਬਾਕੂ ਕੰਟਰੋਲ ਦੇ ਖੇਤਰ ਵਿਚ ਕੰਮ ਕਰ ਰਹੀ ਸੰਸਥਾ ਜਨਰੇਸ਼ਨ ਸੇਵੀਅਰ ਐਸੋਸੀਏਸ਼ਨ ਦੀ ਪ੍ਰਧਾਨ ਬੀਬੀ ਉਪਿੰਦਰਪ੍ਰੀਤ ਕੌਰ ਨੇ ਦੱਸਿਆ ਕਿ ਸੱਭਿਆਚਾਰਕ ਤਬਦੀਲੀਆਂ ਕਾਰਨ ਸੂਬੇ ਵਿਚ ਤੰਬਾਕੂ ਵਰਤਣ ਵਾਲਿਆਂ ਦੀ ਗਿਣਤੀ ਵਧੀ ਹੈ। ਉਹਨਾਂ ਕਿਹਾ ਕਿ ਸਾਡੇ ਗੀਤਾਂ ਵਿਚ ਨਸ਼ਿਆਂ ਨੂੰ ਵਰਤਣਾ ਆਮ ਦਿਖਾਇਆ ਜਾ ਰਿਹਾ ਹੈ ਅਤੇ ਇਸ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਸ਼੍ਰੀਮਤੀ ਉਪਿੰਦਰਪ੍ਰੀਤ ਕੌਰ ਨੇ ਕਿਹਾ ਕਿ ਇਹ ਸ਼ੱਕ ਹਨ ਕਿ ਨਸ਼ਾ ਕਰਨ ਵਾਲੇ ਦੂਜੇ ਨਸ਼ਿਆਂ ਤੋਂ ਤੰਬਾਕੂ, ਬੀੜੀ, ਸਿਗਰਟ ਜਿਹੇ ਨਸ਼ੇ ਵੱਲ ਵਧੇ ਹਨ ਕਿਉਂਕਿ ਨਿੱਜੀ ਨਸ਼ਾ ਮੁਕਤੀ ਕੇਂਦਰਾਂ ਵਿਚ ਬੀੜੀ, ਸਿਗਰਟ ਜਾਂ ਜ਼ਰਦਾ ਵਰਤਣ 'ਤੇ ਕੋਈ ਪਾਬੰਦੀ ਨਹੀਂ ਹੁੰਦੀ। ਇੱਥੋਂ ਤੱਕ ਕਿ ਇਨ੍ਹਾਂ ਕੇਂਦਰਾਂ ਵਿਚ ਮਰੀਜ਼ ਨਸ਼ਾ ਛੱਡਣ ਦੌਰਾਨ ਵੀ ਜ਼ਰਦਾ-ਬੀੜੀ ਵਰਤਦਾ ਰਹਿੰਦਾ ਹੈ।

# ਸੁਖਬੀਰ ਬਾਦਲ ਦਾ 'ਚੋਣ ਧਮਾਕਾ': 2027 ਲਈ ਅਕਾਲੀ ਦਲ ਦਾ ਏਜੰਡਾ ਤੈਅ; ਵਾਅਦਿਆਂ ਦੀ ਲਾਈ ਝੜੀ

## ਪੰਜਾਬ ਦੇ ਨੌਜਵਾਨਾਂ ਅਤੇ ਬਜ਼ੁਰਗਾਂ ਲਈ ਹੋਇਆ ਵੱਡਾ ਐਲਾਨ, ਵਧੇਗੀ ਬੁਢਾਪਾ ਪੈਨਸ਼ਨ, ਹਰ ਮਹੀਨੇ ਮਿਲਣਗੇ 3100 ਰੁਪਏ

**ਕਾਦੀਆਂ/ਗੁਰਦਾਸਪੁਰ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਕਾਦੀਆਂ ਹਲਕੇ ਤੋਂ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਰਸਮੀ ਆਗਾਜ਼ ਕਰਦਿਆਂ 'ਆਮ ਆਦਮੀ ਪਾਰਟੀ' 'ਤੇ ਤਿੱਖੇ ਹਮਲੇ ਕੀਤੇ ਅਤੇ ਅਕਾਲੀ ਸਰਕਾਰ ਬਣਨ 'ਤੇ ਲੋਕਾਂ ਲਈ ਵੱਡੀਆਂ ਸਹੂਲਤਾਂ ਦਾ ਐਲਾਨ ਕੀਤਾ।



**ਸੁਖਬੀਰ ਬਾਦਲ ਦੇ ਚੋਣ ਵਾਅਦੇ**

ਅਕਾਲੀ ਸਰਕਾਰ ਬਣਨ ਦੇ ਪਹਿਲੇ ਹਫ਼ਤੇ ਵਿੱਚ ਹੀ ਕਿਸਾਨਾਂ ਨੂੰ ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾਣਗੇ। ਜੋ ਲੋਕ 50 ਸਾਲਾਂ ਤੋਂ ਸਰਕਾਰੀ ਜ਼ਮੀਨਾਂ ਵਾਹ ਰਹੇ ਹਨ, ਉਨ੍ਹਾਂ ਨੂੰ ਉਸ ਜ਼ਮੀਨ ਦੀ ਮਾਲਕੀ ਦਿੱਤੀ ਜਾਵੇਗੀ। ਜ਼ਮੀਨਾਂ ਦੇ ਸਾਂਝੇ ਖ਼ਾਤਿਆਂ ਦੀ ਤਕਸੀਮ ਮੁਫ਼ਤ ਕਰਵਾਈ ਜਾਵੇਗੀ। ਗਰੀਬ ਪਰਿਵਾਰਾਂ ਨੂੰ 4 ਰੁਪਏ ਕਿੱਲੋ ਆਟਾ ਅਤੇ 20 ਰੁਪਏ ਕਿੱਲੋ ਦਾਲ ਮੁਹੱਈਆ ਕਰਵਾਈ ਜਾਵੇਗੀ। ਧੀ ਦੇ ਵਿਆਹ ਲਈ ਸ਼ਗਨ ਸਕੀਮ ਦੀ ਰਾਸ਼ੀ ਵਧਾ ਕੇ 1 ਲੱਖ ਰੁਪਏ ਕੀਤੀ ਜਾਵੇਗੀ।

ਬਾਦਲ ਨੇ ਐਲਾਨ ਕੀਤਾ ਕਿ ਅਕਾਲੀ ਸਰਕਾਰ ਬਣਦਿਆਂ ਸਾਰ ਬੁਢਾਪਾ ਪੈਨਸ਼ਨ ਵਧਾ ਕੇ 3100 ਰੁਪਏ ਕੀਤੀ ਜਾਵੇਗੀ। ਸਿਰਫ਼ ਪੰਜਾਬੀਆਂ ਲਈ ਸਰਕਾਰੀ ਨੌਕਰੀਆਂ ਰਾਖਵੀਆਂ ਕਰਨ ਵਾਲਾ ਕਾਨੂੰਨ ਲਿਆਂਦਾ ਜਾਵੇਗਾ। ਆਪਣਾ ਕੰਮ ਸ਼ੁਰੂ ਕਰਨ ਵਾਲੇ ਨੌਜਵਾਨਾਂ ਨੂੰ 10 ਲੱਖ ਰੁਪਏ ਦਾ ਵਿਆਜ-ਮੁਕਤ ਲੋਨ ਦਿੱਤਾ ਜਾਵੇਗਾ, ਜਿਸ ਦਾ ਵਿਆਜ ਸਰਕਾਰ ਭਰੇਗੀ। ਹਰ ਹਲਕੇ ਵਿੱਚ ਇੱਕ ਮੈਰੀਟੋਰੀਅਸ ਸਕੂਲ ਬਣਾਇਆ ਜਾਵੇਗਾ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ 50% ਸੀਟਾਂ ਪੰਜਾਬੀ ਬੱਚਿਆਂ ਲਈ ਰਾਖਵੀਆਂ ਹੋਣਗੀਆਂ।

ਹਰ ਜ਼ਿਲ੍ਹੇ ਵਿੱਚ ਸਕਿੱਲ ਅਤੇ ਵੈਟਨਰੀ ਯੂਨੀਵਰਸਿਟੀਆਂ/ਕਾਲਜ ਬਣਾਏ ਜਾਣਗੇ। ਪੰਜਾਬ ਦੀ ਸ਼ਾਨ 'ਵਰਲਡ ਕੱਪ ਕਬੱਡੀ' ਨੂੰ ਮੁੜ ਸ਼ੁਰੂ ਕੀਤਾ ਜਾਵੇਗਾ। ਹੜ੍ਹਾਂ ਤੋਂ ਬਚਾਅ ਲਈ ਸਾਰੇ ਕੱਚੇ ਬੰਨ੍ਹ ਪੱਕੇ ਕੀਤੇ ਜਾਣਗੇ।

**'ਆਪ' ਸਰਕਾਰ 'ਤੇ ਸੁਖਬੀਰ ਬਾਦਲ ਦਾ ਹਮਲਾ**

ਸੁਖਬੀਰ ਬਾਦਲ ਨੇ ਭਗਵੰਤ ਮਾਨ ਸਰਕਾਰ ਨੂੰ ਫੇਲ੍ਹ ਕਰਾਰ ਦਿੰਦਿਆਂ ਕਿਹਾ ਕਿ ਸਰਕਾਰ ਜਨਤਾ ਦਾ ਪੈਸਾ ਮਸ਼ਹੂਰੀਆਂ 'ਤੇ ਬਰਬਾਦ ਕਰ ਰਹੀ ਹੈ ਅਤੇ ਸਰਕਾਰੀ ਜ਼ਮੀਨਾਂ ਵੇਚ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤਾਂ ਹੀ ਤਰੱਕੀ ਕਰੇਗਾ, ਜੇਕਰ ਬੱਚੇ ਪੜ੍ਹਨਗੇ ਅਤੇ ਨੌਜਵਾਨਾਂ ਨੂੰ ਆਪਣੇ ਸੂਬੇ ਵਿੱਚ ਹੀ ਰੁਜ਼ਗਾਰ ਮਿਲੇਗਾ।

# 20,000 ਰੁਪਏ ਰਿਸ਼ਵਤ ਲੈਂਦਾ ਕਾਨੂੰਗੋ ਦਾ ਭਰਾ ਪਰਮਿੰਦਰ ਸਿੰਘ ਕਾਬੂ

**ਚੰਡੀਗੜ੍ਹ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਆਪਣੀ ਮੁਹਿੰਮ ਦੌਰਾਨ, ਸਬ-ਤਹਿਸੀਲ ਮਹਿਤਪੁਰ, ਜ਼ਿਲ੍ਹਾ ਜਲੰਧਰ ਵਿਖੇ ਤਾਇਨਾਤ ਕਾਨੂੰਗੋ ਜਤਿੰਦਰ ਸਿੰਘ ਦੇ ਭਰਾ ਪਰਮਿੰਦਰ ਸਿੰਘ ਨੂੰ 20,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ।





ਅੱਜ ਇੱਥੇ ਇਹ ਜਾਣਕਾਰੀ ਸਾਂਝੀ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਗੁਰੂ ਤੇਗ ਬਹਾਦਰ ਨਗਰ, ਨਕੋਦਰ, ਜ਼ਿਲ੍ਹਾ ਜਲੰਧਰ ਦੇ ਇੱਕ ਵਸਨੀਕ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਬੁਲਾਰੇ ਨੇ ਕਿਹਾ ਕਿ ਸ਼ਿਕਾਇਤਕਰਤਾ, ਇੱਕ ਖੇਤੀਬਾੜੀ ਕਰਨ ਵਾਲਾ ਸ਼ਖਸ ਹੈ ਅਤੇ ਕਾਰ ਖਰੀਦ-ਫਰੋਖਤ ਦਾ ਕਾਰੋਬਾਰ ਵੀ ਕਰਦਾ ਹੈ, ਨੇ ਪਿੰਡ ਹਰੀਪੁਰ ਵਿੱਚ 12 ਮਰਲੇ ਦਾ ਘਰ ਖਰੀਦਿਆ ਸੀ। ਕਿਉਂਕਿ ਇਸ ਦੀ ਕੋਈ ਸੇਲ ਡੀਡ ਨਹੀਂ ਬਣਾਈ ਗਈ ਸੀ, ਇਸ ਲਈ ਇੱਕ ਸਿਵਲ ਮੁਕੱਦਮਾ ਦਾਇਰ ਕੀਤਾ ਗਿਆ ਜਿਸਦਾ ਫੈਸਲਾ ਸ਼ਿਕਾਇਤਕਰਤਾ ਦੇ ਹੱਕ ਵਿੱਚ ਹੋਇਆ ਸੀ। ਫਿਰ ਉਕਤ ਫੈਸਲੇ ਵਿਰੁੱਧ ਅਪੀਲ ਦਾਇਰ ਕੀਤੀ ਗਈ ਸੀ ਜਿਸਨੂੰ ਮਾਣਯੋਗ ਅਦਾਲਤ ਨੇ ਖਾਰਜ ਕਰ ਦਿੱਤਾ ਅਤੇ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸ਼ਿਕਾਇਤਕਰਤਾ ਦੇ ਹੱਕ ਵਿੱਚ ਸੇਲ ਡੀਡ ਦਰਜ ਕੀਤੀ ਗਈ। ਬੁਲਾਰੇ ਨੇ ਅੱਗੇ ਦੱਸਿਆ ਕਿ ਘਰ ਦਾ ਕਬਜ਼ਾ ਦੇਣ ਲਈ, ਉਕਤ ਕਾਨੂੰਗੋ ਨੂੰ ਇੱਕ ਅਰਜ਼ੀ ਦਿੱਤੀ ਗਈ ਸੀ। ਇਸ ਸਬੰਧ ਵਿੱਚ, ਕੰਪਿਊਟਰਾਈਜ਼ਡ ਹੱਦਬੰਦੀ ਦੇ ਨਾਮ 'ਤੇ ਸ਼ਿਕਾਇਤਕਰਤਾ ਤੋਂ 15,000 ਰੁਪਏ ਦੀ ਰਕਮ ਵਸੂਲੀ ਗਈ ਸੀ। ਇਸ ਤੋਂ ਬਾਅਦ, ਕਾਨੂੰਗੋ ਵੱਲੋਂ ਘਰ ਖਾਲੀ ਕਰਨ ਲਈ ਇੱਕ ਨੋਟਿਸ ਜਾਰੀ ਕੀਤਾ ਗਿਆ। ਦੋਸ਼ੀ ਕਾਨੂੰਗੋ ਜਤਿੰਦਰ ਸਿੰਘ, ਨੇ ਘਰ ਦਾ ਕਬਜ਼ਾ ਦੇਣ ਲਈ ਸ਼ਿਕਾਇਤਕਰਤਾ ਤੋਂ ਤਹਿਸੀਲਦਾਰ ਦੇ ਨਾਮ 'ਤੇ 1,00,000 ਰੁਪਏ ਦੀ ਰਿਸ਼ਵਤ ਮੰਗੀ।

# ਤਾਰਿਕ ਰਹਿਮਾਨ ਨੇ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ

**ਢਾਕਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੇ ਚੇਅਰਮੈਨ ਤਾਰਿਕ ਰਹਿਮਾਨ ਨੇ ਅੱਜ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਢਾਕਾ ਵਿੱਚ ਸੰਸਦ ਭਵਨ ਦੇ ਸਾਊਥ ਪਲਾਜ਼ਾ ਵਿਚ ਇੱਕ ਸਮਾਗਮ ਵਿੱਚ ਰਾਸ਼ਟਰਪਤੀ ਮੁਹੰਮਦ ਸ਼ਹਾਬੂਦੀਨ ਨੇ ਉਨ੍ਹਾਂ ਨੂੰ ਅਹੁਦੇ ਅਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। 60 ਸਾਲਾ ਤਾਰਿਕ ਰਹਿਮਾਨ ਪਿਛਲੇ 36 ਸਾਲਾਂ ਵਿੱਚ ਬੰਗਲਾਦੇਸ਼ ਦੇ ਪਹਿਲੇ ਪੁਰਸ਼ ਪ੍ਰਧਾਨ ਮੰਤਰੀ ਬਣੇ ਹਨ। ਇਹ ਬਦਲਾਅ 12 ਫਰਵਰੀ ਨੂੰ ਹੋਈਆਂ 13ਵੀਆਂ ਸੰਸਦੀ ਚੋਣਾਂ ਵਿੱਚ ਬੀ.ਐਨ.ਪੀ. ਦੀ ਜਿੱਤ ਤੋਂ ਬਾਅਦ ਆਇਆ ਹੈ, ਜਿੱਥੇ ਉਨ੍ਹਾਂ ਦੀ ਪਾਰਟੀ ਨੇ 297 ਵਿੱਚੋਂ 209 ਸੀਟਾਂ 'ਤੇ ਕਬਜ਼ਾ ਕੀਤਾ।



ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਨਵੇਂ ਚੁਣੇ ਗਏ ਸੰਸਦ ਮੈਂਬਰਾਂ ਨੇ ਵੀ ਸਹੁੰ ਚੁੱਕੀ। ਇਸ ਮੌਕੇ ਭਾਰਤ ਦੀ ਨੁਮਾਇੰਦਗੀ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਕੀਤੀ, ਜੋ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨਾਲ ਢਾਕਾ ਪਹੁੰਚੇ ਸਨ। ਸਮਾਗਮ ਵਿੱਚ ਭੂਟਾਨ ਦੇ ਪ੍ਰਧਾਨ ਮੰਤਰੀ ਤਸ਼ੇਰਿੰਗ ਤੋਬਗੇ ਸਮੇਤ ਹੋਰ ਕਈ ਦੇਸ਼ਾਂ ਦੇ ਮਹਿਮਾਨ ਵੀ ਸ਼ਾਮਲ ਹੋਏ। ਤਾਰਿਕ ਰਹਿਮਾਨ ਦੀ ਇਹ ਤਾਜਪੋਸ਼ੀ ਨੋਬਲ ਪੁਰਸਕਾਰ ਜੇਤੂ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਦੇ 18 ਮਹੀਨਿਆਂ ਦੇ ਕਾਰਜਕਾਲ ਦੇ ਖ਼ਤਮ ਹੋਣ ਦਾ ਸੰਕੇਤ ਹੈ, ਜੋ ਸਾਲ 2024 ਵਿੱਚ ਸ਼ੇਖ ਹਸੀਨਾ ਦੇ ਦੇਸ਼ ਛੱਡਣ ਤੋਂ ਬਾਅਦ ਬਣਾਈ ਗਈ ਸੀ।

ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ੀਆ ਦੇ ਪੁੱਤਰ ਤਾਰਿਕ ਰਹਿਮਾਨ ਲਗਪਗ 17 ਸਾਲਾਂ ਦੀ ਜਲਾਵਤਨੀ ਕੱਟ ਕੇ ਲੰਡਨ ਤੋਂ ਪਰਤੇ ਹਨ। ਆਪਣੇ ਪਹਿਲੇ ਸੰਬੋਧਨ ਵਿੱਚ ਉਨ੍ਹਾਂ ਨੇ ਰਾਸ਼ਟਰੀ ਏਕਤਾ ਅਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਦੀ ਗੱਲ ਕਹੀ। ਉਨ੍ਹਾਂ ਦੇ ਸਾਹਮਣੇ ਦੇਸ਼ ਦੀ ਆਰਥਿਕਤਾ ਨੂੰ ਮੁੜ ਲੀਹ 'ਤੇ ਲਿਆਉਣ ਅਤੇ ਕਾਨੂੰਨ ਵਿਵਸਥਾ ਨੂੰ ਸੁਧਾਰਨ ਦੀਆਂ ਵੱਡੀਆਂ ਚੁਣੌਤੀਆਂ ਹਨ। ਦੱਸ ਦੇਈਏ ਕਿ ਇਨ੍ਹਾਂ ਚੋਣਾਂ ਵਿੱਚ ਸ਼ੇਖ ਹਸੀਨਾ ਦੀ ਪਾਰਟੀ ਅਵਾਮੀ ਲੀਗ 'ਤੇ ਪਾਬੰਦੀ ਲਗਾਈ ਗਈ ਸੀ, ਜਿਸ ਕਾਰਨ ਉਹ ਚੋਣ ਮੈਦਾਨ ਤੋਂ ਬਾਹਰ ਰਹੀ।

# ਪੰਜਾਬ 'ਚ ਅਗਲੀ ਸਰਦੀਆਂ ਤੋਂ ਚੱਲੇਗੀ ਵੰਦੇ ਮਾਤਰਮ ਸਲੀਪਰ ਟਰੇਨ : ਬਿੱਟੂ

## ਦਿੱਲੀ ਅਤੇ ਅੰਮ੍ਰਿਤਸਰ ਦਰਮਿਆਨ ਜਲੰਧਰ, ਲੁਧਿਆਣਾ ਅਤੇ ਚੰਡੀਗੜ੍ਹ ਦੇ ਰਸਤੇ ਚੱਲੇਗੀ ਗੱਡੀ

**ਚੰਡੀਗੜ੍ਹ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਅੱਜ ਦੱਸਿਆ ਕਿ ਅਗਲੀਆਂ ਸਰਦੀਆਂ ਤੋਂ ਦਿੱਲੀ ਅਤੇ ਅੰਮ੍ਰਿਤਸਰ ਵਿਚਕਾਰ ਜਲੰਧਰ, ਲੁਧਿਆਣਾ ਅਤੇ ਚੰਡੀਗੜ੍ਹ ਦੇ ਰਸਤੇ ਇੱਕ ਵਿਸ਼ੇਸ਼ ਵੰਦੇ ਭਾਰਤ ਸਲੀਪਰ ਟਰੇਨ ਸ਼ੁਰੂ ਕੀਤੀ ਜਾਵੇਗੀ।

ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਬਿੱਟੂ ਨੇ ਕਿਹਾ ਕਿ ਉਸ ਸਮੇਂ ਉਨ੍ਹਾਂ ਨੂੰ ਪ੍ਰਿਅੰਕਾ ਗਾਂਧੀ ਦੀ ਨੀਅਤ 'ਤੇ ਕੋਈ ਸ਼ੱਕ ਨਹੀਂ ਸੀ, ਹਾਲਾਂਕਿ ਉਹ ਜਾਣਦੇ ਸਨ ਕਿ ਕਿਸਾਨ ਉਨ੍ਹਾਂ ਖ਼ਿਲਾਫ਼ ਸਨ। ਹੁਣ ਉਹ ਚਾਹੁੰਦੇ ਹਨ ਕਿ ਇਸ ਦੀ ਜਾਂਚ ਹੋਵੇ ਕਿ ਕੀ ਪ੍ਰਿਅੰਕਾ ਗਾਂਧੀ ਕੋਈ ਵੱਡੀ ਘਟਨਾ ਵਾਪਰਨ ਦੀ ਉਮੀਦ ਕਰ ਰਹੇ ਸਨ, ਕਿਉਂਕਿ ਉਸ ਸਮੇਂ ਕੁਝ ਵੀ ਹੋ ਸਕਦਾ ਸੀ। ਮੰਤਰੀ ਨੇ ਯਾਦ ਕਰਵਾਇਆ ਕਿ ਉਸ ਵੇਲੇ ਉਹ ਅਤੇ ਵਿਧਾਇਕ ਕੁਲਬੀਰ ਜ਼ੀਰਾ ਅੰਦੋਲਨਕਾਰੀ ਕਿਸਾਨਾਂ ਹੱਥੋਂ ਮਾਰੇ ਜਾਣ ਤੋਂ ਮਸਾਂ ਬਚੇ ਸਨ। ਉਨ੍ਹਾਂ ਖ਼ਦਸ਼ਾ ਜਤਾਇਆ ਕਿ ਇਹ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਈ ਸਾਜ਼ਿਸ਼ ਸੀ ਤਾਂ ਕਿ ਕੋਈ ਵੱਡਾ ਹੰਗਾਮਾ ਖੜ੍ਹਾ ਕੀਤਾ ਜਾ ਸਕੇ।



ਰਾਹੁਲ ਗਾਂਧੀ ਵੱਲੋਂ ਉਨ੍ਹਾਂ ਨੂੰ ਗੱਦਾਰ ਕਹੇ ਜਾਣ 'ਤੇ ਬਿੱਟੂ ਨੇ ਕਿਹਾ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹੋਣ ਦੇ ਨਾਤੇ ਅਜਿਹੀ ਹਲਕੀ ਸ਼ਬਦਾਵਲੀ ਵਰਤਣੀ ਰਾਹੁਲ ਗਾਂਧੀ ਨੂੰ ਸ਼ੋਭਾ ਨਹੀਂ ਦਿੰਦੀ।

ਉਨ੍ਹਾਂ ਸਵਾਲ ਕੀਤਾ ਕਿ ਕਾਂਗਰਸ ਵਿੱਚ ਵੀ ਬਹੁਤ ਸਾਰੇ ਅਜਿਹੇ ਨੇਤਾ ਅਤੇ ਐਮ.ਪੀ. ਹਨ ਜੋ ਦੂਜੀਆਂ ਪਾਰਟੀਆਂ ਛੱਡ ਕੇ ਆਏ ਹਨ, ਕੀ ਰਾਹੁਲ ਗਾਂਧੀ ਦੇ ਕਹਿਣ ਮੁਤਾਬਕ ਉਹ ਸਾਰੇ ਵੀ ਗੱਦਾਰ ਹਨ?

# ਪ੍ਰਿਯੰਕਾ ਗਾਂਧੀ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਉਣਗੇ ਰਵਨੀਤ ਬਿੱਟੂ

**ਲੁਧਿਆਣਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਅੱਜ ਕਿਹਾ ਹੈ ਕਿ ਉਹ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਖ਼ਿਲਾਫ਼ ਇੱਕ ਸ਼ਿਕਾਇਤ ਦਰਜ ਕਰਵਾਉਣਗੇ।

ਉਹ ਇਸ ਗੱਲ ਦੀ ਜਾਂਚ ਕਰਵਾਉਣਾ ਚਾਹੁੰਦੇ ਹਨ ਕਿ ਕਿਸਾਨ ਅੰਦੋਲਨ ਦੌਰਾਨ ਜਦੋਂ ਉਹ ਕਾਂਗਰਸ ਵਿਚ ਸਨ ਤਾਂ ਪ੍ਰਿਅੰਕਾ ਗਾਂਧੀ ਨੇ ਉਨ੍ਹਾਂ ਨੂੰ ਖ਼ਾਸ ਤੌਰ 'ਤੇ ਅੰਦੋਲਨਕਾਰੀ ਕਿਸਾਨਾਂ ਨੂੰ ਮਿਲਣ ਲਈ ਕਿਉਂ ਭੇਜਿਆ ਸੀ, ਜਿੱਥੇ ਉਨ੍ਹਾਂ 'ਤੇ ਹਮਲਾ ਹੋਇਆ ਸੀ। ਬਿੱਟੂ ਨੇ ਕਿਹਾ ਕਿ ਉਸ ਸਮੇਂ ਉਨ੍ਹਾਂ ਨੂੰ ਪ੍ਰਿਅੰਕਾ ਗਾਂਧੀ ਦੀ ਨੀਅਤ 'ਤੇ ਕੋਈ ਸ਼ੱਕ ਨਹੀਂ ਸੀ, ਹਾਲਾਂਕਿ ਉਹ ਜਾਣਦੇ ਸਨ ਕਿ ਕਿਸਾਨ ਉਨ੍ਹਾਂ ਖ਼ਿਲਾਫ਼ ਸਨ। ਹੁਣ ਉਹ ਚਾਹੁੰਦੇ ਹਨ ਕਿ ਇਸ ਦੀ ਜਾਂਚ ਹੋਵੇ ਕਿ ਕੀ ਪ੍ਰਿਅੰਕਾ ਗਾਂਧੀ ਕੋਈ ਵੱਡੀ ਘਟਨਾ ਵਾਪਰਨ ਦੀ ਉਮੀਦ ਕਰ ਰਹੇ ਸਨ, ਕਿਉਂਕਿ ਉਸ ਸਮੇਂ ਕੁਝ ਵੀ ਹੋ ਸਕਦਾ ਸੀ।

ਮੰਤਰੀ ਨੇ ਯਾਦ ਕਰਵਾਇਆ ਕਿ ਉਸ ਵੇਲੇ ਉਹ ਅਤੇ ਵਿਧਾਇਕ ਕੁਲਬੀਰ ਜ਼ੀਰਾ ਅੰਦੋਲਨਕਾਰੀ ਕਿਸਾਨਾਂ ਹੱਥੋਂ ਮਾਰੇ ਜਾਣ ਤੋਂ ਮਸਾਂ ਬਚੇ ਸਨ। ਉਨ੍ਹਾਂ ਖ਼ਦਸ਼ਾ ਜਤਾਇਆ ਕਿ ਇਹ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਈ ਸਾਜ਼ਿਸ਼ ਸੀ ਤਾਂ ਕਿ ਕੋਈ ਵੱਡਾ ਹੰਗਾਮਾ ਖੜ੍ਹਾ ਕੀਤਾ ਜਾ ਸਕੇ।

# ਨਵਜੋਤ ਕੌਰ ਸਿੱਧੂ ਦਾ ਰਾਹੁਲ ਗਾਂਧੀ 'ਤੇ ਤਿੱਖਾ ਹਮਲਾ; ਕਿਹਾ, 'ਤੁਸੀਂ ਉਸ ਕੁਰਸੀ ਦੇ ਲਾਇਕ ਨਹੀਂ"

**ਕੋਇੰਬਟੂਰ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੀ ਸਾਬਕਾ ਆਗੂ ਨਵਜੋਤ ਕੌਰ ਸਿੱਧੂ ਨੇ ਰਾਹੁਲ ਗਾਂਧੀ 'ਤੇ ਤਿੱਖਾ ਹਮਲਾ ਬੋਲਦਿਆਂ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ 'ਤੇ 'ਜ਼ਮੀਨੀ ਹਕੀਕਤ ਤੋਂ ਪੂਰੀ ਤਰ੍ਹਾਂ ਕਟੇ ਹੋਣ' ਅਤੇ ਪੰਜਾਬ ਇਕਾਈ ਵਿੱਚ ਅੰਦਰੂਨੀ ਭ੍ਰਿਸ਼ਟਾਚਾਰ ਨੂੰ ਹੱਲ ਕਰਨ ਵਿੱਚ ਅਸਫਲ ਰਹਿਣ ਦਾ ਦੋਸ਼ ਲਗਾਇਆ ਹੈ। ਕੋਇੰਬਟੂਰ ਵਿੱਚ ਬੋਲਦਿਆਂ ਸਿੱਧੂ ਨੇ ਦਾਅਵਾ ਕੀਤਾ ਕਿ ਗਾਂਧੀ ਦੀ ਢਿੱਲ ਪੰਜਾਬ ਵਿੱਚ ਕਾਂਗਰਸ ਨੂੰ ਖਤਮ ਕਰ ਰਹੀ ਹੈ ਅਤੇ ਦੋਸ਼ ਲਾਇਆ ਕਿ ਉਨ੍ਹਾਂ ਦਾ ਅੰਦਰੂਨੀ ਘੇਰਾ ਚੋਣ ਟਿਕਟਾਂ ਵੇਚਣ ਵਿੱਚ ਰੁੱਝਿਆ ਹੋਇਆ ਹੈ ਜਦੋਂ ਕਿ ਉਹ ਸਥਿਤੀ ਤੋਂ ਅਣਜਾਣ ਹਨ। ਸਿੱਧੂ ਨੇ ਕਿਹਾ, ਰਾਹੁਲ ਗਾਂਧੀ ਚੰਗੀਆਂ ਗੱਲਾਂ ਕਰਦੇ ਹਨ। ਉਹ ਸਾਰਥਕ ਗੱਲਾਂ ਕਰਦੇ ਹਨ। ਪਰ ਉਹ ਜੋ ਕਰਦੇ ਹਨ ਅਤੇ ਜੋ ਕਹਿੰਦੇ ਹਨ ਉਹ ਬਹੁਤ ਵੱਖਰਾ



ਹੈ। ਪਿਛਲੇ ਅੱਠ ਮਹੀਨਿਆਂ ਤੋਂ, ਮੈਂ ਉਨ੍ਹਾਂ ਨੂੰ ਇਹ ਦੱਸਣ ਲਈ ਸਮਾਂ ਮੰਗ ਰਹੀ ਹਾਂ ਕਿ ਤੁਹਾਡੇ ਲੋਕ, ਤੁਹਾਡਾ ਪ੍ਰਧਾਨ ਜਾਂ ਪੰਜਾਬ ਵਿੱਚ ਨਿਯੁਕਤ ਤੁਹਾਡਾ ਵਿਅਕਤੀ ਪੰਜਾਬ ਨਾਲ ਇਨਸਾਫ਼ ਨਹੀਂ ਕਰ ਰਿਹਾ। ਉਹ ਪੰਜਾਬ ਵਿੱਚ ਕਾਂਗਰਸ ਨੂੰ ਮਾਰ ਰਿਹਾ ਹੈ। ਮੈਂ ਤੁਹਾਨੂੰ ਸਿਰਫ਼ ਇਹ ਦੱਸਣ ਲਈ ਮੁਲਾਕਾਤ ਮੰਗ ਰਹੀ ਹਾਂ ਕਿ ਪੰਜਾਬ ਵਿੱਚ ਤੁਹਾਡੀ ਪਾਰਟੀ ਤਬਾਹ ਹੋ ਰਹੀ ਹੈ। ਉਨ੍ਹਾਂ ਨੇ ਪਹਿਲਾਂ ਹੀ ਟਿਕਟਾਂ ਵੇਚ ਦਿੱਤੀਆਂ ਹਨ। ਉਨ੍ਹਾਂ ਅੱਗੇ ਕਿਹਾ, ਜੇ ਤੁਹਾਨੂੰ ਇਹ ਨਹੀਂ ਪਤਾ ਕਿ ਤੁਹਾਡੇ ਹੇਠਾਂ ਕੀ ਹੋ ਰਿਹਾ ਹੈ, ਤਾਂ ਮੈਨੂੰ ਅਫਸੋਸ ਹੈ। ਤੁਸੀਂ ਉਸ ਕੁਰਸੀ ਦੇ ਲਾਇਕ ਨਹੀਂ ਹੋ। ਤੁਸੀਂ ਜੋ ਕਰ ਰਹੇ ਹੋ ਉਸ ਲਈ ਤੁਸੀਂ ਖੁਦ ਜ਼ਿੰਮੇਵਾਰ ਹੋ। ਅਸੀਂ ਪੰਜਾਬ ਲਈ ਸਭ ਕੁਝ ਛੱਡ ਦਿੱਤਾ, ਅਤੇ ਤੁਸੀਂ ਸਾਨੂੰ ਸੱਤ ਵਿਭਾਗਾਂ ਨਾਲ ਡਿਪਟੀ ਸੀਐਮ ਦੇ ਅਹੁਦੇ ਅਤੇ ਮੈਨੂੰ ਸਾਂਸਦ ਬਣਾਉਣ ਦਾ ਵਾਅਦਾ ਕੀਤਾ ਸੀ, ਪਰ ਤੁਸੀਂ ਸਾਨੂੰ ਕੁਝ ਨਹੀਂ ਦਿੱਤਾ। ਤੁਸੀਂ ਸਾਨੂੰ ਸਥਾਨਕ ਸਰਕਾਰਾਂ ਅਤੇ ਸੈਰ-ਸਪਾਟਾ ਦਿੱਤਾ, ਅਤੇ ਤੁਸੀਂ ਚਾਹੁੰਦੇ ਸੀ ਕਿ ਉਹ ਮੁੱਖ ਮੰਤਰੀ ਅਨੁਸਾਰ ਚੱਲਣ। ਤੁਸੀਂ ਭ੍ਰਿਸ਼ਟਾਚਾਰ ਵਿਰੁੱਧ ਗੱਲ ਕਿਉਂ ਕਰ ਰਹੇ ਹੋ ਜਦੋਂ ਤੁਹਾਡੇ ਆਪਣੇ ਲੋਕ ਭ੍ਰਿਸ਼ਟ ਹਨ? ਅਤੇ ਤੁਸੀਂ ਆਪਣੇ ਆਲੇ-ਦੁਆਲੇ ਉਨ੍ਹਾਂ ਭ੍ਰਿਸ਼ਟ ਲੋਕਾਂ ਨੂੰ ਪਸੰਦ ਕਰ ਰਹੇ ਹੋ। ਤੁਹਾਡੇ ਆਲੇ-ਦੁਆਲੇ ਦੇ ਲੋਕ ਪੂਰੀ ਤਰ੍ਹਾਂ ਭ੍ਰਿਸ਼ਟ ਹਨ। ਤੁਹਾਡੇ ਕੋਲ ਉਨ੍ਹਾਂ ਇਮਾਨਦਾਰ ਲੋਕਾਂ ਲਈ ਸਮਾਂ ਨਹੀਂ ਹੈ ਜੋ ਆ ਕੇ ਤੁਹਾਨੂੰ ਦੱਸਣਾ ਚਾਹੁੰਦੇ ਹਨ ਕਿ ਇਹ ਗਲਤ ਹੋ ਰਿਹਾ ਹੈ, ਤੁਸੀਂ ਪੰਜਾਬ ਨਹੀਂ ਜਿੱਤਣ ਜਾ ਰਹੇ।

# ਜਗਤਾਰ ਸਿੰਘ ਹਵਾਰਾ ਦੀ ਪਟੀਸ਼ਨ 'ਤੇ SC ਵਿੱਚ ਸੁਣਵਾਈ ਟਲੀ



**ਨਵੀਂ ਦਿੱਲੀ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ ਵਿੱਚ ਤਬਦੀਲ ਕਰਨ ਦੀ ਮੰਗ ਵਾਲੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਸੁਣਵਾਈ 11 ਮਾਰਚ ਤੱਕ ਮੁਲਤਵੀ ਕਰ ਦਿੱਤੀ ਹੈ।

ਮੰਗਲਵਾਰ ਨੂੰ ਜਸਟਿਸ ਐਮ.ਐਮ. ਸੁੰਦਰੇਸ਼ ਅਤੇ ਜਸਟਿਸ ਐਨ. ਕੋਟੀਸ਼ਵਰ ਸਿੰਘ ਦੀ ਬੈਂਚ ਨੇ ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਵੱਲੋਂ ਸਮਾਂ ਮੰਗੇ ਜਾਣ ਤੋਂ ਬਾਅਦ ਇਹ ਫੈਸਲਾ ਸੁਣਾਇਆ। ਹਵਾਰਾ, ਜੋ ਕਿ 1995 ਦੇ ਬੰਬ ਧਮਾਕੇ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ, ਨੇ ਅਦਾਲਤ ਵਿੱਚ ਦਲੀਲ ਦਿੱਤੀ ਹੈ ਕਿ ਦਿੱਲੀ ਵਿੱਚ ਉਸ ਵਿਰੁੱਧ ਕੋਈ ਵੀ ਕੇਸ ਪੈਂਡਿੰਗ ਨਹੀਂ ਹੈ, ਇਸ ਲਈ ਉਸਨੂੰ ਉਸਦੇ ਜੱਦੀ ਸੂਬੇ ਪੰਜਾਬ ਵਿੱਚ ਭੇਜਿਆ ਜਾਣਾ ਚਾਹੀਦਾ ਹੈ।

ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਹਵਾਰਾ ਪਿਛਲੇ 19 ਸਾਲਾਂ ਤੋਂ ਜੇਲ੍ਹ ਵਿੱਚ ਅਨੁਸ਼ਾਸਨ ਨਾਲ ਰਹਿ ਰਿਹਾ ਹੈ ਅਤੇ 2004 ਦੇ ਜੇਲ੍ਹ ਤੋੜਨ ਵਾਲੇ ਹਾਦਸੇ ਨੂੰ ਛੱਡ ਕੇ ਉਸ ਦਾ ਰਿਕਾਰਡ ਸਾਫ਼ ਹੈ। ਉਸ ਦੇ ਵਕੀਲ ਅਨੁਸਾਰ, ਹਵਾਰਾ 'ਤੇ ਲਗਾਏ ਗਏ 36 ਮਾਮਲਿਆਂ ਵਿੱਚੋਂ ਉਹ ਲਗਭਗ ਸਾਰਿਆਂ ਵਿੱਚੋਂ ਬਰੀ ਹੋ ਚੁੱਕਾ ਹੈ। ਪਟੀਸ਼ਨ ਵਿੱਚ ਪਰਿਵਾਰਕ ਹਾਲਾਤਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਹੈ ਕਿ ਉਸ ਦੀ ਪਤਨੀ ਦੀ ਮੌਤ ਹੋ ਚੁੱਕੀ ਹੈ, ਬੇਟੀ ਪੰਜਾਬ ਵਿੱਚ ਹੈ ਅਤੇ ਮਾਂ ਗੰਭੀਰ ਹਾਲਤ ਵਿੱਚ ਹੈ।

# ਹਿਮਾਚਲ ਬਿਊਰੋਕਰੈਟਸ ਤੇ ਡਿੱਗ ਸਕਦੀ ਹੈ ਗਾਜ

## ਐਮ.ਐਲ'ਜ਼ ਦੇ ਫੋਨ ਨਾ ਚੁੱਕਣ 'ਤੇ ਸਪੀਕਰ ਸਖ਼ਤ

**ਸ਼ਿਮਲਾ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਮਾਚਲ ਪ੍ਰਦੇਸ਼ ਦੇ ਸੀਨੀਅਰ ਅਫਸਰਸ਼ਾਹ (Bureaucrats) ਹੁਣ ਵਿਧਾਨ ਸਭਾ ਦੇ ਨਿਸ਼ਾਨੇ 'ਤੇ ਹਨ। ਵਿਧਾਨ ਸਭਾ ਸਪੀਕਰ ਕੁਲਦੀਪ ਪਠਾਨੀਆ ਨੇ ਅਫਸਰਾਂ ਵੱਲੋਂ ਵਿਧਾਇਕਾਂ ਦੇ ਫੋਨ ਨਾ ਚੁੱਕਣ ਦੇ ਮੁੱਦੇ ਨੂੰ ਗੰਭੀਰਤਾ ਨਾਲ ਲੈਂਦਿਆਂ ਜਾਂਚ ਦੇ ਹੁਕਮ ਦਿੱਤੇ ਹਨ। ਇਹ ਮੁੱਦਾ ਗਗਰੇਟ ਤੋਂ ਕਾਂਗਰਸੀ ਵਿਧਾਇਕ ਰਾਕੇਸ਼ ਕਾਲੀਆ ਨੇ ਸਦਨ ਵਿੱਚ ਚੁੱਕਿਆ ਉਨ੍ਹਾਂ ਕਿਹਾ ਕਿ ਜੇਕਰ ਅਫ਼ਸਰ ਜਨਤਕ ਮੁੱਦਿਆਂ 'ਤੇ ਲੋਕ ਨੁਮਾਇੰਦਿਆਂ ਦੇ ਫੋਨ ਹੀ ਨਹੀਂ ਚੁੱਕਦੇ, ਤਾਂ ਸਰਕਾਰ ਵੱਲੋਂ ਉਨ੍ਹਾਂ ਨੂੰ ਦਿੱਤਾ ਜਾਣ ਵਾਲਾ ਟੈਲੀਫੋਨ ਭੱਤਾ ਤੁਰੰਤ ਬੰਦ ਕਰ ਦੇਣਾ ਚਾਹੀਦਾ ਹੈ। ਕਾਲੀਆ ਦੇ ਇਸ ਬਿਆਨ ਦਾ ਹੋਰਨਾਂ ਵਿਧਾਇਕਾਂ ਨੇ ਵੀ ਮੇਜ਼ ਥਪਥਪਾ ਕੇ ਸਮਰਥਨ ਕੀਤਾ। ਸਪੀਕਰ ਕੁਲਦੀਪ ਪਠਾਨੀਆ ਨੇ ਵਿਧਾਇਕ ਕਾਲੀਆ ਨੂੰ ਅਜਿਹੇ ਅੜੀਅਲ ਅਫਸਰਾਂ ਦੇ ਨਾਮ ਲਿਖਤੀ ਰੂਪ ਵਿੱਚ ਵਿਧਾਨ ਸਭਾ ਸਕੱਤਰੇਤ ਨੂੰ ਦੇਣ ਲਈ ਕਿਹਾ ਹੈ ਤਾਂ ਜੋ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾ ਸਕੇ। ਰਾਕੇਸ਼ ਕਾਲੀਆ ਨੇ ਚੇਤਾਵਨੀ ਦਿੱਤੀ ਕਿ ਜੇਕਰ ਅਫਸਰਾਂ ਦਾ ਇਹ ਰਵੱਈਆ ਨਾ ਬਦਲਿਆ ਤਾਂ ਉਹ 200 ਲੋਕਾਂ ਨੂੰ ਨਾਲ ਲੈ ਕੇ ਸ਼ਿਮਲਾ ਵਿੱਚ ਧਰਨਾ ਦੇਣਗੇ। ਉਨ੍ਹਾਂ ਮੁੱਖ ਮੰਤਰੀ ਨੂੰ ਵੀ ਅਪੀਲ ਕੀਤੀ ਕਿ ਜਨਤਕ ਸਮੱਸਿਆਵਾਂ ਪ੍ਰਤੀ ਲਾਪਰਵਾਹੀ ਵਰਤਣ ਵਾਲੇ ਅਧਿਕਾਰੀਆਂ 'ਤੇ ਸ਼ਿਕੰਜਾ ਕੱਸਿਆ ਜਾਵੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕਈ ਮੰਤਰੀ ਵੀ ਅਫਸਰਸ਼ਾਹੀ ਦੇ ਅਜਿਹੇ ਗੈਰ-ਜ਼ਿੰਮੇਵਾਰਾਨਾ ਵਤੀਰੇ 'ਤੇ ਨਾਰਾਜ਼ਗੀ ਜ਼ਾਹਰ ਕਰ ਚੁੱਕੇ ਹਨ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤੀ ਫ਼ਰਾਂਸ ਦੇ ਰਾਸ਼ਟਰਪਤੀ ਨਾਲ ਮੁਲਾਕਾਤ

**ਮੁੰਬਈ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਮੋਦੀ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਮੁੰਬਈ ਵਿਚ ਮੁਲਾਕਾਤ ਕੀਤੀ। ਇਸ ਤੋਂ ਪਹਿਲਾਂ ਮੈਕਰੋਨ ਅਤੇ ਪਹਿਲੀ ਮਹਿਲਾ ਬ੍ਰਿਗਿਟ ਮੈਕਰੋਨ ਨੇ ਆਪਣੀ ਭਾਰਤ ਫੇਰੀ ਦੀ ਸ਼ੁਰੂਆਤ 2008 ਦੇ ਮੁੰਬਈ ਅੱਤਵਾਦੀ ਹਮਲਿਆਂ (26/11) ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤੀ। ਮੈਕਰੋਨ ਜੋ ਤਿੰਨ ਦਿਨਾਂ (17-19 ਫਰਵਰੀ) ਦੌਰੇ 'ਤੇ ਹਨ, ਪ੍ਰਧਾਨ ਮੰਤਰੀ ਮੋਦੀ ਨਾਲ ਰੱਖਿਆ, ਸਮੁੰਦਰੀ ਸਹਿਯੋਗ, ਇੰਡੋ-ਪੈਸੀਫਿਕ ਰਣਨੀਤੀ, ਉੱਭਰਦੀਆਂ ਤਕਨਾਲੋਜੀਆਂ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ



ਗਲੋਬਲ ਮੁੱਦਿਆਂ 'ਤੇ ਚਰਚਾ ਕਰਨ ਵਾਲੇ ਹਨ। ਇਸ ਤੋਂ ਬਾਅਦ ਦੋਵੇਂ ਨੇਤਾ ਸ਼ਾਮ ਨੂੰ ਭਾਰਤ-ਫਰਾਂਸ ਨਵੀਨਤਾ ਸਾਲ 2026 ਦਾ ਉਦਘਾਟਨ ਕਰਨਗੇ। ਪ੍ਰਧਾਨ ਮੰਤਰੀ ਮੋਦੀ ਅਤੇ ਮੈਕਰੋਨ ਉਦਯੋਗਪਤੀਆਂ, ਸਟਾਰਟਅੱਪ ਸੰਸਥਾਪਕਾਂ, ਖੋਜ ਮਾਹਿਰਾਂ ਅਤੇ ਨਵੀਨਤਾ ਨੇਤਾਵਾਂ ਨੂੰ ਸੰਬੋਧਨ ਕਰਨਗੇ।

# ਮਾਛੀਵਾੜਾ ਦੇ ਸਕੂਲਾਂ ਵਿੱਚ ਸਿੱਖਿਆ ਮੰਤਰੀ ਹਰਜੋਤ ਬੈਂਸ ਵੱਲੋਂ ਅਚਾਨਕ ਚੈਕਿੰਗ

**ਮਾਛੀਵਾੜਾ ਸਾਹਿਬ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਅੱਜ ਮਾਛੀਵਾੜਾ ਇਲਾਕੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਦੀ ਅਚਾਨਕ ਚੈਕਿੰਗ ਕੀਤੀ ਗਈ। ਇਸ ਮੌਕੇ ਮੰਤਰੀ ਨੇ ਕਿਹਾ ਕਿ ਮਾਛੀਵਾੜਾ ਤੋਂ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਸਨ ਅਤੇ ਮੀਡੀਆ ਵੱਲੋਂ ਵੀ ਇਸ ਮਾਮਲੇ ਨੂੰ ਉਭਾਰਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਕਈ ਮਾਪਿਆਂ ਵੱਲੋਂ ਵੀ ਸਕੂਲਾਂ ਦੀ ਜਾਂਚ ਕਰਨ ਦੀ ਮੰਗ ਕੀਤੀ ਗਈ ਸੀ, ਜਿਸ ਕਰਕੇ ਅੱਜ ਉਹ ਖੁਦ ਹਾਲਾਤਾਂ ਦਾ ਜਾਇਜ਼ਾ ਲੈਣ ਲਈ ਸਕੂਲਾਂ ਵਿੱਚ ਪਹੁੰਚੇ।



ਮੰਤਰੀ ਬੈਂਸ ਨੇ ਕਿਹਾ ਕਿ ਕਈ ਸਕੂਲਾਂ ਵਿੱਚ ਇਨਫਰਾਸਟਰਕਚਰ ਪੱਖੋਂ ਚੰਗਾ ਕੰਮ ਹੋਇਆ ਹੈ, ਪਰ ਕੁਝ ਹੋਰ ਸੁਧਾਰਾਂ ਦੀ ਲੋੜ ਹੈ, ਜਿਨ੍ਹਾਂ ਨੂੰ ਨੋਟ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕੁਝ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਵੀ ਸਾਹਮਣੇ ਆਈ ਹੈ। ਬੇਟ ਇਲਾਕਾ ਹੋਣ ਕਾਰਨ ਅਧਿਆਪਕ ਇੱਥੇ ਟਿਕਦੇ ਨਹੀਂ ਅਤੇ ਟ੍ਰਾਂਸਫਰ ਕਰਵਾ ਲੈਂਦੇ ਹਨ, ਪਰ ਇਸ ਸਮੱਸਿਆ ਦਾ ਹੱਲ ਵੀ ਜਲਦ ਕੀਤਾ ਜਾਵੇਗਾ।

ਉਨ੍ਹਾਂ ਮਾਛੀਵਾੜਾ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਸਕੂਲਾਂ ਵਿੱਚ ਗੁਣਾਤਮਕ ਸੁਧਾਰ ਜਲਦੀ ਨਜ਼ਰ ਆਉਣਗੇ।

ਚੈਕਿੰਗ ਦੌਰਾਨ ਇੱਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਇਹ ਗੱਲ ਸਾਹਮਣੇ ਆਈ ਕਿ ਇੱਕ ਪ੍ਰਾਇਮਰੀ ਸਕੂਲ ਦੇ ਕਈ ਬੱਚੇ ਪੜ੍ਹ ਨਹੀਂ ਪਾ ਰਹੇ।

ਮੰਤਰੀ ਨੇ ਕਿਹਾ ਕਿ ਉੱਥੇ ਤਿੰਨ ਅਧਿਆਪਕਾਂ ਦੇ ਨਾਲ ਇੱਕ ਪੀ.ਟੀ.ਆਈ. ਟੀਚਰ ਵੀ ਮੌਜੂਦ ਸੀ, ਫਿਰ ਵੀ ਬੱਚਿਆਂ ਦੀ ਪੜ੍ਹਾਈ ਦਾ ਦਰਜਾ ਠੀਕ ਨਹੀਂ ਸੀ।

# ਮੁਹਾਲੀ ਦੇ ਸਕੂਲਾਂ ਅਤੇ ਇੱਕ ਵੱਡੇ ਹਸਪਤਾਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ

**ਮੁਹਾਲੀ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਹਾਲੀ ਵਿੱਚ ਮੰਗਲਵਾਰ ਸਵੇਰੇ ਉਸ ਵੇਲੇ ਸਹਿਮ ਦਾ ਮਾਹੌਲ ਪੈਦਾ ਹੋ ਗਿਆ ਜਦੋਂ ਮਿਲਨੀਅਮ ਸਕੂਲ ਸਮੇਤ ਕਈ ਵਿਦਿਅਕ ਅਦਾਰਿਆਂ ਅਤੇ ਫੋਰਟਿਸ ਹਸਪਤਾਲ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀ ਭਰੀਆਂ ਈਮੇਲਾਂ ਪ੍ਰਾਪਤ ਹੋਈਆਂ।ਮੁੱਖ ਮੰਤਰੀ ਭਗਵੰਤ ਮਾਨ ਸੋਮਵਾਰ ਸ਼ਾਮ ਨੂੰ ਦੁਬਾਰਾ ਸਿਹਤ ਵਿਗੜਨ ਕਾਰਨ ਫੋਰਟਿਸ ਹਸਪਤਾਲ ਵਿੱਚ ਦਾਖਲ ਹਨ ਜਿਸ ਕਾਰਨ ਇਹ ਧਮਕੀ ਵਧੇਰੇ ਸੰਵੇਦਨਸ਼ੀਲ ਸੀ।

ਪੁਲੀਸ ਅਧਿਕਾਰੀਆਂ ਅਨੁਸਾਰ ਈਮੇਲ ਵਿੱਚ ਮੁੱਖ ਮੰਤਰੀ ਦਾ ਵੀ ਜ਼ਿਕਰ ਕੀਤਾ ਗਿਆ ਸੀ, ਜਿਸ ਤੋਂ ਬਾਅਦ ਪੁਲੀਸ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਚੈਕਿੰਗ ਸ਼ੁਰੂ ਕਰ ਦਿੱਤੀ ਅਤੇ ਹਸਪਤਾਲ ਵਿੱਚ ਗੈਰ-ਜ਼ਰੂਰੀ ਸੇਵਾਵਾਂ ਨੂੰ ਕੁਝ ਸਮੇਂ ਲਈ ਰੋਕ ਕੇ ਸੁਰੱਖਿਆ ਘੇਰਾ ਸਖ਼ਤ ਕਰ ਦਿੱਤਾ।

ਮੋਹਾਲੀ ਦੇ ਐਸ.ਪੀ. (ਸਿਟੀ) ਦਿਲਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਉਨ੍ਹਾਂ ਹੀ ਸਕੂਲਾਂ ਨੂੰ ਨਿਸ਼ਾਨਾ ਬਣਾ ਕੇ ਭੇਜੀ ਗਈ ਈਮੇਲ ਹੈ ਜਿਨ੍ਹਾਂ ਨੂੰ ਪਿਛਲੇ ਬੁੱਧਵਾਰ ਵੀ ਅਜਿਹੀ ਧਮਕੀ ਮਿਲੀ ਸੀ; ਪਿਛਲੀ ਵਾਰ ਜਾਂਚ ਵਿੱਚ ਆਈ.ਪੀ. ਐਡਰੈੱਸ ਅਮਰੀਕਾ ਦਾ ਅਤੇ ਰਿਕਵਰੀ ਈਮੇਲ ਬੰਗਲਾਦੇਸ਼ ਦੀ ਪਾਈ ਗਈ ਸੀ। ਹਾਲਾਂਕਿ ਤਲਾਸ਼ੀ ਦੌਰਾਨ ਹਸਪਤਾਲ ਜਾਂ ਕਿਸੇ ਵੀ ਸਕੂਲ ਵਿੱਚੋਂ ਕੋਈ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ ਹੈ, ਫਿਰ ਵੀ ਚੰਡੀਗੜ੍ਹ, ਅੰਮ੍ਰਿਤਸਰ ਅਤੇ ਪਟਿਆਲਾ ਸਮੇਤ ਹੋਰ ਸ਼ਹਿਰਾਂ ਵਿੱਚ ਵਾਪਰੀਆਂ ਅਜਿਹੀਆਂ ਪਿਛਲੀਆਂ ਘਟਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਪੁਲੀਸ ਅਤੇ ਸੁਰੱਖਿਆ ਏਜੰਸੀਆਂ ਪੂਰੀ ਤਰ੍ਹਾਂ ਚੌਕਸ ਹਨ।

ਜ਼ਿਕਰਯੋਗ ਹੈ ਕਿ ਮੋਹਾਲੀ ਅਤੇ ਚੰਡੀਗੜ੍ਹ (ਟ੍ਰਾਈਸਿਟੀ) ਵਿੱਚ ਪਿਛਲੇ ਕੁਝ ਸਮੇਂ ਤੋਂ ਅਜਿਹੀਆਂ ਧਮਕੀਆਂ ਦੇ ਮਾਮਲੇ ਵਧੇ ਹਨ; ਇਸ ਤੋਂ ਪਹਿਲਾਂ ਵੀ ਸੈਕਟਰ 26 ਦੇ ਕਈ ਨਾਮੀ ਸਕੂਲਾਂ, ਮੋਹਾਲੀ ਦੇ ਪ੍ਰਾਈਵੇਟ ਹਸਪਤਾਲਾਂ ਅਤੇ ਇੱਥੋਂ ਤੱਕ ਕਿ ਜ਼ਿਲ੍ਹਾ ਅਦਾਲਤ ਨੂੰ ਵੀ ਬੰਬ ਨਾਲ ਉਡਾਉਣ ਦੀਆਂ ਝੂਠੀਆਂ ਅਫਵਾਹਾਂ ਮਿਲ ਚੁੱਕੀਆਂ ਹਨ। ਹਾਲਾਂਕਿ ਪਿਛਲੀਆਂ ਜ਼ਿਆਦਾਤਰ ਧਮਕੀਆਂ ਮਹਿਜ਼ ਅਫਵਾਹਾਂ ਸਾਬਤ ਹੋਈਆਂ ਸਨ, ਪਰ ਪੁਲੀਸ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਾਈਬਰ ਸੈੱਲ ਦੀ ਮਦਦ ਨਾਲ ਧਮਕੀ ਭਰੀ ਈਮੇਲ ਦੇ ਸਰੋਤ ਦਾ ਪਤਾ ਲਗਾਉਣ ਵਿੱਚ ਜੁਟੀ ਹੋਈ ਹੈ।

# ਮੋਟਰਸਾਈਕਲ ਸਵਾਰ ਨੇ ਮਹਿਲਾ 'ਤੇ ਤੇਜ਼ਾਬ ਸੁੱਟਿਆ

**ਲੁਧਿਆਣਾ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਵਿੱਚ ਇੱਕ ਅਣਪਛਾਤੇ ਮੋਟਰਸਾਈਕਲ ਸਵਾਰ ਵਿਅਕਤੀ ਨੇ 40 ਸਾਲਾ ਮਹਿਲਾ ਮਜ਼ਦੂਰ 'ਤੇ ਕਥਿਤ ਤੌਰ 'ਤੇ ਤੇਜ਼ਾਬ ਸੁੱਟ ਦਿੱਤਾ, ਜਿਸ ਕਾਰਨ ਉਹ ਜ਼ਖ਼ਮੀ ਹੋ ਗਈ ਹੈ। ਪੁਲੀਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਤੇਜ਼ਾਬ ਨਾਲ ਹਮਲੇ ਦੀ ਇਹ ਘਟਨਾ ਲੁਧਿਆਣਾ ਦੀ ਦੁਗਰੀ ਕਲੋਨੀ ਵਿੱਚ ਸਾਹਮਣੇ ਆਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪੀੜਤ ਮਹਿਲਾ ਉੱਤਰ ਪ੍ਰਦੇਸ਼ ਦੀ ਰਹਿਣ ਵਾਲੀ ਹੈ ਅਤੇ ਤਿੰਨ ਬੱਚਿਆਂ ਦੀ ਮਾਂ ਹੈ। ਹਮਲਾਵਰ ਨੇ ਕੁਝ ਪੁੱਛਣ ਦੇ ਬਹਾਨੇ ਮਹਿਲਾ ਨੂੰ ਆਪਣੇ ਵੱਲ ਬੁਲਾਇਆ, ਜਿਸ ਤੋਂ ਬਾਅਦ ਉਸ ਨੇ ਕਥਿਤ ਤੌਰ 'ਤੇ ਉਸ 'ਤੇ ਤੇਜ਼ਾਬ ਸੁੱਟ ਦਿੱਤਾ। ਇਸ ਹਮਲੇ ਵਿੱਚ ਮਹਿਲਾ ਦਾ ਚਿਹਰਾ ਅਤੇ ਅੱਖਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ ਅਤੇ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਲਿਜਾਇਆ ਗਿਆ।

# ਨਿਊਜ਼ੀਲੈਂਡ ਨੇ ਕੈਨੇਡਾ ਨੂੰ 8 ਵਿਕਟਾਂ ਨਾਲ ਹਰਾਇਆ



**ਚੇਨਈ, 17 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੇਨਈ ਵਿੱਚ ਖੇਡੇ ਗਏ ਟੀ-20 ਵਰਲਡ ਕੱਪ ਦੇ ਗਰੁੱਪ-ਡੀ ਦੇ ਇੱਕ ਅਹਿਮ ਮੁਕਾਬਲੇ ਵਿੱਚ ਨਿਊਜ਼ੀਲੈਂਡ ਨੇ ਕੈਨੇਡਾ ਨੂੰ 8 ਵਿਕਟਾਂ ਨਾਲ ਕਰਾਰੀ ਮਾਤ ਦਿੱਤੀ। ਕੈਨੇਡਾ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 19 ਸਾਲਾ ਨੌਜਵਾਨ ਬੱਲੇਬਾਜ਼ ਯੁਵਰਾਜ ਸਮਰਾ ਦੇ ਸ਼ਾਨਦਾਰ 110 ਦੌੜਾਂ (65 ਗੇਂਦਾਂ) ਦੇ ਦਮ 'ਤੇ 173 ਦੌੜਾਂ ਦਾ ਚੁਣੌਤੀਪੂਰਨ ਸਕੋਰ ਖੜ੍ਹਾ ਕੀਤਾ ਸੀ।

ਯੁਵਰਾਜ ਸਮਰਾ ਟੀ-20 ਵਰਲਡ ਕੱਪ ਇਤਿਹਾਸ ਵਿੱਚ ਸੈਂਕੜਾ ਲਗਾਉਣ ਵਾਲਾ ਸਭ ਤੋਂ ਘੱਟ ਉਮਰ ਦਾ ਬੱਲੇਬਾਜ਼ ਬਣ ਗਿਆ ਹੈ। ਕੈਨੇਡਾ ਦੇ ਕਪਤਾਨ ਦਿਲਪ੍ਰੀਤ ਬਾਜਵਾ ਨੇ ਵੀ 36 ਦੌੜਾਂ ਦਾ ਯੋਗਦਾਨ ਪਾਇਆ ਪਰ ਇਨ੍ਹਾਂ ਦੋਵਾਂ ਦੀ ਮਿਹਨਤ ਕੀਵੀ ਬੱਲੇਬਾਜ਼ਾਂ ਦੇ ਤੂਫ਼ਾਨ ਅੱਗੇ ਫਿੱਕੀ ਪੈ ਗਈ।

ਨਿਊਜ਼ੀਲੈਂਡ ਨੇ 174 ਦੌੜਾਂ ਦੇ ਟੀਚੇ ਨੂੰ ਮਹਿਜ਼ 15.1 ਓਵਰਾਂ ਵਿੱਚ ਹੀ ਹਾਸਲ ਕਰ ਲਿਆ। ਰਚਿਨ ਰਵਿੰਦਰਾ (ਨਾਬਾਦ 59) ਅਤੇ ਗਲੇਨ ਫਿਲਿਪਸ (ਨਾਬਾਦ 77) ਨੇ ਤੀਜੀ ਵਿਕਟ ਲਈ 146 ਦੌੜਾਂ ਦੀ ਅਜੇਤੂ ਸਾਂਝੇਦਾਰੀ ਕਰਕੇ ਮੈਚ ਨੂੰ ਇਕਪਾਸੜ ਬਣਾ ਦਿੱਤਾ। ਫਿਲਿਪਸ ਨੇ ਆਪਣੀ ਪਾਰੀ ਦੌਰਾਨ ਮੈਦਾਨ ਦੇ ਚਾਰੇ ਪਾਸੇ ਸ਼ਾਨਦਾਰ ਸ਼ਾਟ ਲਗਾਏ।

ਇਸ ਜਿੱਤ ਨਾਲ ਨਿਊਜ਼ੀਲੈਂਡ ਨੇ ਟੂਰਨਾਮੈਂਟ ਵਿੱਚ ਆਪਣੀ ਸਥਿਤੀ ਮਜ਼ਬੂਤ ਕਰ ਲਈ ਹੈ। ਕੈਨੇਡਾ ਦੇ ਗੇਂਦਬਾਜ਼ ਕੀਵੀ ਬੱਲੇਬਾਜ਼ਾਂ ਦੀ ਰਫ਼ਤਾਰ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੇ।

# ਵਿਧਾਇਕ ਕੁਲਵੰਤ ਸਿੰਘ ਨੇ ਕੀਤਾ ਚੌਥੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ

**ਮੋਹਾਲੀ, 18 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਮੋਹਾਲੀ ਹਲਕੇ ਤੋਂ ਅੱਜ ਚੌਥੀ ਬੱਸ ਰਵਾਨਾ ਕੀਤੀ ਗਈ। ਇਹ ਬੱਸ ਫ਼ੇਜ਼- 11 ਦੇ ਵਾਰਡ ਨੰ- 16 ਦੇ ਸਪੋਰਟਸ ਕੰਪਲੈਕਸ ਤੋਂ ਕੁਲਵੰਤ ਸਿੰਘ -ਹਲਕਾ ਵਿਧਾਇਕ ਦੁਆਰਾ ਹਰੀ ਝੰਡੀ ਦਿਖਾ ਕੇ ਰਵਾਨਾ ਕੀਤੀ ਗਈ। ਇਸ ਤੋਂ ਪਹਿਲਾਂ ਵੀ ਮੁੱਖ ਮੰਤਰੀ ਬਸ ਤੀਰਥ ਯਾਤਰਾ ਮੁਹਿੰਮ ਦੇ ਤਹਿਤ ਗੁਰਦੁਆਰਾ ਸਿੰਘ ਸਭਾ ਫੇਜ਼ - 11 ਤੋਂ ਸ਼ਰਧਾਲੂਆਂ ਦਾ ਇੱਕ ਜੱਥਾ ਯਾਤਰਾ ਕਰ ਚੁੱਕਾ ਹੈ,ਵਿਧਾਇਕ ਮੋਹਾਲੀ ਕੁਲਵੰਤ ਸਿੰਘ ਹੋਰਾਂ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ , ਦੁਰਗਿਆਨਾ ਮੰਦਰ, ਜਲ੍ਹਿਆਂਵਾਲਾ ਬਾਗ , ਵਾਲਮੀਕੀ ਮੰਦਰ, ਰਾਮ ਤੀਰਥ ਅਤੇ ਬਾਹਘਾ ਬਾਰਡਰ ਆਦਿ ਜਾ ਕੇ ਵਾਪਸ ਮੋਹਾਲੀ ਪਰਤਣਗੇ ਅਤੇ ਫਿਰ ਤੋਂ ਇਹ ਦੁਬਾਰਾ ਇਹ ਬਸ ਹੋਰ 40 ਯਾਤਰੀ ਲੈ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਲਈ ਰਵਾਨਾ ਹੋਵੇਗੀ, ਵਿਧਾਇਕ ਕੁਲਵੰਤ ਸਿੰਘ ਹੋਰਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਇੱਕ ਅਜਿਹੀ ਸਰਕਾਰ ਹੈ ਜਿਸ ਨੇ ਹੋਰਨਾਂ ਸੂਬਿਆਂ ਦੀ ਤੁਲਨਾ ਸਭ ਤੋਂ ਪਹਿਲਾਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਹੈ , ਉਹਨਾਂ ਕਿਹਾ ਕਿ ਬੇਸ਼ੱਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਜੋ ਗਰੰਟੀਆਂ ਅਤੇ ਜੋ ਵਾਅਦੇ ਲੱਗੀਆਂ ਵਿਧਾਨ ਸਭਾ ਚੋਣਾਂ ਦੇ ਵਿੱਚ ਲੋਕਾਂ ਨੂੰ ਕੀਤੇ ਗਏ ਸਨ ਉਹਨਾਂ ਨੂੰ ਲਗਭਗ ਪੂਰੇ ਕਰ ਲਿਆ ਗਿਆ ਹੈ ਅਤੇ 1100 ਪ੍ਰਤੀ ਮਹੀਨਾ ਮਹਿਲਾਵਾਂ ਨੂੰ ਆਗਾਮੀ ਬਜਟ ਸੈਸ਼ਨ ਦੇ ਦੌਰਾਨ ਸ਼ੁਰੂ ਕਰ ਦਿੱਤਾ ਜਾਵੇਗਾ। ਵਿਧਾਇਕ ਮੋਹਾਲੀ ਕੁਲਵੰਤ ਸਿੰਘ ਹੋਰਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਹਮੇਸ਼ਾ ਇਹ ਕੋਸ਼ਿਸ਼ ਰਹੀ ਹੈ ਅਤੇ ਆਪਣੀਆਂ ਕੋਸ਼ਿਸ਼ਾਂ ਵਿੱਚ ਅਸੀਂ ਕਾਮਯਾਬ ਹੋਏ ਹਾਂ, ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤੋਂ ਇਲਾਵਾ ਮੁਹੱਲਾ ਕਲੀਨਿਕ ਜੋ ਕਿ ਰੋਜ਼ਾਨਾ ਲੱਖਾਂ ਦੀ ਗਿਣਤੀ ਵਿੱਚ ਮਰੀਜ਼ਾਂ ਨੂੰ ਰਾਹਤ ਦੇ ਰਹੇ ਹਨ ਇਸ ਤੋਂ ਇਲਾਵਾ 600 ਯੂਨਿਟ ਪ੍ਰਤੀ ਘਰ ਨੂੰ ਬਿਜਲੀ ਦੇ ਬਿੱਲ ਮੁਆਫ ਕੀਤੇ ਗਏ ਇਸ ਤੋਂ ਇਲਾਵਾ ਸਿੱਖਿਆ ਦਾ ਪੱਧਰ ਉਤਾਂਹ ਚੁੱਕਣ ਦੇ ਲਈ ਸਕੂਲਾਂ ਦੇ ਵਿੱਚ ਲੁੜੀਂਦੇ ਸਟਾਫ ਦੀ ਪੂਰਤੀ ਕੀਤੀ ਗਈ ਅਤੇ ਬੱਚਿਆਂ ਨੂੰ ਸਮੇਂ ਦਾ ਹਾਣੀ ਬਣਾਉਣ ਦੇ ਲਈ ਪੜ੍ਹਾਈ ਦੀ ਹਾਈ ਟੈਕਨੀਕ ਨੂੰ ਸਿੱਖਣ ਦੇ ਲਈ ਵਿਦੇਸ਼ੀ ਦੌਰੇ ਤੇ ਭੇਜਿਆ ਜਾ ਰਿਹਾ ਹੈ, ਇਸ ਤੋਂ ਇਲਾਵਾ ਪੰਜਾਬ ਨੂੰ ਫਿਰ ਤੋਂ ਰੰਗਲਾ ਪੰਜਾਬ ਬਣਾਉਣ ਦੇ ਲਈ ਪੰਜਾਬ ਵਿੱਚ ਵੱਡੇ ਪੱਧਰ ਤੇ ਖੇਡ ਮੇਲੇ ਕਰਵਾਏ ਜਾ ਰਹੇ ਹਨ, ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਹੋਰਾਂ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ

ਤਿੰਨ ਦਿਨ ਅਤੇ ਦੋ ਰਾਤਾਂ ਦੇ ਇਸ ਧਾਰਮਿਕ ਯਾਤਰਾ ਮੌਕੇ ਆਉਣ ਜਾਣ ਲਈ ਮੁਫਤ ਏ.ਸੀ. ਬੱਸਾਂ ਦੀ ਸਹੂਲਤ ਸੰਗਤ ਦੇ ਰਹਿਣ ਲਈ ਏ.ਸੀ .ਕਮਰਿਆਂ ਦਾ ਪ੍ਰਬੰਧ ਅਤੇ ਸੰਗਤਾਂ ਨੂੰ ਤਿੰਨ- ਤਿੰਨ ਸਮੇਂ ਦਾ ਖਾਣਾ-ਪਾਣੀ ਦੋ ਵਾਰ ਦੀ ਚਾਹ ਅਤੇ ਸਨੈਕਸ ਵੀ ਦਿੱਤੇ ਜਾਣਗੇ।

# ਟਾਟਾ ਮੋਟਰਜ਼ ਨੇ 17 ਅਗਲੀ ਪੀੜ੍ਹੀ ਦੇ ਟਰੱਕ ਲਾਂਚ ਕੀਤੇ, ਸੁਰੱਖਿਆ, ਮੁਨਾਫ਼ਾ ਅਤੇ ਤਰੱਕੀ ਲਈ ਨਵੇਂ ਮਾਪਦੰਡ ਸਥਾਪਤ ਕੀਤੇ

**ਚੰਡੀਗੜ੍ਹ**, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਟਰੱਕਿੰਗ ਲੈਂਡਸਕੇਪ ਨੂੰ ਬਦਲਣ ਲਈ ਇੱਕ ਇਤਿਹਾਸਕ ਕਦਮ ਚੁੱਕਦੇ ਹੋਏ, ਭਾਰਤ ਦੇ ਸਭ ਤੋਂ ਵੱਡੇ ਵਪਾਰਕ ਵਾਹਨ ਨਿਰਮਾਤਾ ਅਤੇ ਗਤੀਸ਼ੀਲਤਾ ਹੱਲ ਪ੍ਰਦਾਤਾ, ਟਾਟਾ ਮੋਟਰਜ਼ ਨੇ ਅੱਜ 7 ਤੋਂ 55 ਟਨ ਤੱਕ ਫੈਲੇ 17 ਟਰੱਕਾਂ ਦਾ ਆਪਣਾ ਅਗਲੀ ਪੀੜ੍ਹੀ ਦਾ ਪੋਰਟਫੋਲੀਓ ਲਾਂਚ ਕੀਤਾ, ਜੋ ਸੁਰੱਖਿਆ, ਮੁਨਾਫ਼ੇ ਅਤੇ ਪ੍ਰਗਤੀ ਵਿੱਚ ਨਵੇਂ ਮਾਪਦੰਡ ਸਥਾਪਤ ਕਰਦਾ ਹੈ। ਇਹ ਵਿਆਪਕ ਲਾਂਚ ਬਿਲਕੁਲ ਨਵੀਂ ਅਜ਼ੂਰਾ ਲੜੀ, ਅਤਿ-ਆਧੁਨਿਕ Tata Trucks.ev ਰੇਂਜ, ਅਤੇ ਸਥਾਪਿਤ Prima, Signa, ਅਤੇ Ultra ਪਲੇਟਫਾਰਮਾਂ ਵਿੱਚ ਮਹੱਤਵਪੂਰਨ ਅੱਪਗ੍ਰੇਡ ਪੇਸ਼ ਕਰਦਾ ਹੈ। ਸਖ਼ਤ ਗਲੋਬਲ ਸੁਰੱਖਿਆ ਮਾਪਦੰਡਾਂ (ECE RBI @C) ਦੇ ਅਨੁਕੂਲ ਹੋਣ ਲਈ ਤਿਆਰ ਕੀਤੇ ਗਏ, ਇਹ ਟਰੱਕ ਕਮਾਈ ਦੀ ਸੰਭਾਵਨਾ ਨੂੰ ਵੱਧ ਤੋਂ ਵੱਧ ਕਰਦੇ ਹਨ, ਮਾਲਕੀ ਦੀ ਕੁੱਲ ਲਾਗਤ ਘਟਾਉਂਦੇ ਹਨ ਅਤੇ ਟ੍ਰਾਂਸਪੋਰਟਰਾਂ ਨੂੰ ਵਧੇਰੇ ਸਫਲਤਾ ਪ੍ਰਦਾਨ ਕਰਨ ਲਈ ਵਾਹਨ ਅਪਟਾਈਮ ਨੂੰ ਵਧਾਉਂਦੇ ਹਨ।

ਨਵੇਂ ਟਰੱਕਾਂ ਨੂੰ ਲਾਂਚ ਕਰਦੇ ਹੋਏ, ਟਾਟਾ ਮੋਟਰਜ਼ ਲਿਮਟਿਡ ਦੇ ਐਮਡੀ ਅਤੇ ਸੀਈਓ ਸ਼੍ਰੀ ਗਿਰੀਸ਼ ਵਾਘ ਨੇ ਕਿਹਾ, ਭਾਰਤ ਦਾ ਟਰੱਕਿੰਗ ਲੈਂਡਸਕੇਪ ਇੱਕ ਤੇਜ਼ੀ ਨਾਲ ਤਬਦੀਲੀ ਵਿੱਚੋਂ ਗੁਜ਼ਰ ਰਿਹਾ ਹੈ, ਜੋ ਕਿ ਪ੍ਰਗਤੀਸ਼ੀਲ ਰਾਸ਼ਟਰੀ ਨੀਤੀਆਂ, ਆਧੁਨਿਕ ਬੁਨਿਆਦੀ ਢਾਂਚੇ, ਅਤੇ ਸੁਰੱਖਿਅਤ, ਸਾਫ਼-ਸੁਥਰੇ ਅਤੇ ਵਧੇਰੇ ਕੁਸ਼ਲ ਲੌਜਿਸਟਿਕਸ ਦੀ ਵੱਧਦੀ ਮੰਗ ਦੁਆਰਾ ਸੰਚਾਲਿਤ ਹੈ। ਟਾਟਾ ਮੋਟਰਜ਼ ਨੇ ਹਮੇਸ਼ਾ ਉਦਯੋਗ ਦੇ ਭਵਿੱਖ ਨੂੰ ਆਕਾਰ ਦੇਣ ਵਾਲੇ ਮਾਪਦੰਡ ਸਥਾਪਤ ਕਰਨ ਵਿੱਚ ਅਗਵਾਈ ਕੀਤੀ ਹੈ। ਸਾਡੇ ਅਗਲੀ ਪੀੜ੍ਹੀ ਦੇ ਪੋਰਟਫੋਲੀਓ ਦੀ ਸ਼ੁਰੂਆਤ ਦੇ ਨਾਲ - ਜਿਸ ਵਿੱਚ ਬਿਲਕੁਲ ਨਵੀਂ ਅਜ਼ੂਰਾ ਲੜੀ, ਦੋ ਉੱਨਤ ਉੱਚ-ਕੁਸ਼ਲਤਾ ਪਾਵਰਟ੍ਰੇਨ, ਭਾਰਤ ਦੇ ਜ਼ੀਰੋ-ਐਮੀਸ਼ਨ ਇਲੈਕਟ੍ਰਿਕ ਟਰੱਕਾਂ ਅਤੇ ਟਿੱਪਰਾਂ ਦੀ ਵਿਸ਼ਾਲ ਸ਼੍ਰੇਣੀ ਸਾਡੇ ਨਵੇਂ ਆਈ-ਐਮਓਈਵੀ ਆਰਕੀਟੈਕਚਰ 'ਤੇ, ਯੂਰਪੀਅਨ ਸਟੈਂਡਰਡ ਕੈਬਿਨਾਂ ਵਿੱਚ ਮਹੱਤਵਪੂਰਨ ਅੱਪਗ੍ਰੇਡ ਅਤੇ ਉਦਯੋਗ-ਮੋਹਰੀ ਸੁਰੱਖਿਆ ਵਿਸ਼ੇਸ਼ਤਾਵਾਂ, ਵਧੇ ਹੋਏ ਪੇਲੋਡ ਅਤੇ ਬਾਲਣ ਕੁਸ਼ਲਤਾ, ਸਾਰੇ ਫਲੀਟ ਐਜ ਡਿਜੀਟਲ ਸੇਵਾਵਾਂ ਨਾਲ ਸਹਿਜੇ ਹੀ ਏਕੀਕ੍ਰਿਤ ਹਨ, ਅਸੀਂ ਇਸ ਵਿਰਾਸਤ ਨੂੰ ਅੱਗੇ ਵਧਾ ਰਹੇ ਹਾਂ। 'ਬਿਟਰ ਆਲਵੇਜ਼' ਦਰਸ਼ਨ ਦੁਆਰਾ ਨਿਰਦੇਸ਼ਤ, ਨਵੀਨਤਾ ਲਈ ਸਾਡੀ ਨਿਰੰਤਰ ਮੁਹਿੰਮ, ਸਥਾਨਕਕਰਨ ਪ੍ਰਤੀ ਡੂੰਘੀ ਵਚਨਬੱਧਤਾ, ਅਤੇ ਗਾਹਕ ਸਫਲਤਾ 'ਤੇ ਅਟੁੱਟ ਫੋਕਸ 'ਆਤਮਨਿਰਭਰ ਭਾਰਤ' ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ, ਭਾਰਤ ਦੀ ਸਵੈ-ਨਿਰਭਰਤਾ ਅਤੇ ਟਿਕਾਊ ਗਤੀਸ਼ੀਲਤਾ ਵਿੱਚ ਅਗਵਾਈ ਕਰਨ ਦੀ ਇੱਛਾ ਨੂੰ ਵਧਾਉਂਦਾ ਹੈ। ਪੇਸ਼ ਹੈ ਅਜ਼ੂਰਾ - ILMCV ਸੈਗਮੈਂਟ ਲਈ ਐਕਸੀਲੈਂਸ ਰੀਮੈਜਿਨਡ-ਟਾਟਾ ਮੋਟਰਜ਼ ਨੇ ਬਿਲਕੁਲ ਨਵੀਂ ਅਜ਼ੂਰਾ ਰੇਂਜ ਦਾ ਪ੍ਰਦਰਸ਼ਨ ਕੀਤਾ। ਇੰਟਰਮੀਡੀਏਟ ਅਤੇ ਹਲਕੇ ਵਪਾਰਕ ਵਾਹਨ ਹਿੱਸੇ ਵਿੱਚ ਵਧੀਆ ਪ੍ਰਦਰਸ਼ਨ, ਆਰਾਮ ਅਤੇ ਅਪਟਾਈਮ ਪ੍ਰਦਾਨ ਕਰਨ ਲਈ ਉਦੇਸ਼-ਨਿਰਮਿਤ। ਉਤਪਾਦਕਤਾ, ਸੁਰੱਖਿਆ ਅਤੇ ਆਰਾਮ ਨੂੰ ਚਲਾਉਣ ਲਈ ਤਿਆਰ ਕੀਤਾ ਗਿਆ, ਅਜ਼ੂਰਾ ਥਕਾਵਟ-ਮੁਕਤ ਡਰਾਈਵਿੰਗ ਅਨੁਭਵ ਦੇ ਉਦੇਸ਼ ਨਾਲ ਸੁਹਜ ਨੂੰ ਜੋੜਦਾ ਹੈ। ਇੱਕ ਨਵੇਂ 3.6-ਲੀਟਰ ਡੀਜ਼ਲ ਇੰਜਣ ਦੁਆਰਾ ਸੰਚਾਲਿਤ, ਜੋ ਕਿ ਕਲਾਸ ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਅਤੇ ਕੁਸ਼ਲਤਾ ਪ੍ਰਦਾਨ ਕਰਦਾ ਹੈ, ਅਜ਼ੂਰਾ ਭਰੋਸੇਯੋਗਤਾ ਅਤੇ ਅਪਟਾਈਮ ਲਈ ਇੱਕ ਨਵਾਂ ਮਾਪਦੰਡ ਸਥਾਪਤ ਕਰਦਾ ਹੈ। ਅਜ਼ੂਰਾ ਰੇਂਜ 7 ਤੋਂ 19-ਟਨ ਸੰਰਚਨਾਵਾਂ ਵਿੱਚ ਪੇਸ਼ ਕੀਤੀ ਜਾਵੇਗੀ, ਜੋ ਕਿ ਐਪਲੀਕੇਸ਼ਨਾਂ ਦੀ ਇੱਕ ਵਿਭਿੰਨ ਸ਼੍ਰੇਣੀ ਲਈ ਪੂਰੀ ਤਰ੍ਹਾਂ ਅਨੁਕੂਲ ਹੈ - ਈ-ਕਾਮਰਸ ਅਤੇ 6$37 ਵੰਡ ਤੋਂ ਲੈ ਕੇ ਚਿੱਟੇ ਸਮਾਨ ਦੀ ਡਿਲੀਵਰੀ, ਨਿਰਮਾਣ ਸਮੱਗਰੀ ਦੀ ਆਵਾਜਾਈ, ਖੇਤੀਬਾੜੀ ਅਤੇ ਉਦਯੋਗਿਕ ਸਮਾਨ ਦੀ ਆਵਾਜਾਈ, ਨਾਲ ਹੀ ਇੰਟਰਸਿਟੀ, ਮੱਧਮ-ਢੁਆਈ ਅਤੇ ਖੇਤਰੀ ਲੌਜਿਸਟਿਕਸ ਤੱਕ। ਭਾਰਤੀ ਸੜਕਾਂ 'ਤੇ ਵਿਸ਼ਵ ਪੱਧਰੀ ਸੁਰੱਖਿਆ ਲਿਆਉਣਾ-ਟਾਟਾ ਮੋਟਰਜ਼ ਨੇ ਸਖ਼ਤ ECE RBI @C ਗਲੋਬਲ ਕਰੈਸ਼ ਸੇਫਟੀ ਸਟੈਂਡਰਡ (ਯੂਰੋ ਕਰੈਸ਼ ਮਾਪਦੰਡ) ਨੂੰ ਪੂਰਾ ਕਰਨ ਲਈ ਆਪਣੇ ਪੂਰੇ ਟਰੱਕ ਪੋਰਟਫੋਲੀਓ - ਸਿਗਨਾ, ਪ੍ਰਾਈਮਾ, ਅਲਟਰਾ, ਅਤੇ ਬਿਲਕੁਲ ਨਵੀਂ ਅਜ਼ੂਰਾ ਰੇਂਜ ਸਮੇਤ - ਨੂੰ ਵਿਆਪਕ ਤੌਰ 'ਤੇ ਅਪਗ੍ਰੇਡ ਕਰਕੇ ਸੜਕ ਸੁਰੱਖਿਆ ਲਈ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਹੈ। ਇਹਨਾਂ ਟਰੱਕਾਂ ਵਿੱਚ ਪੂਰੇ ਫਰੰਟਲ, ਰੋਲਓਵਰ, ਅਤੇ ਸਾਈਡ-ਇਮਪੈਕਟ ਸੁਰੱਖਿਆ ਲਈ ਇੰਜੀਨੀਅਰ ਕੀਤੇ ਗਏ ਕੈਬਿਨ ਹਨ, ਅਤੇ ਇਹ 23 ਭਾਰਤ-ਵਿਸ਼ੇਸ਼ ਉੱਨਤ ਸਰਗਰਮ ਸੁਰੱਖਿਆ ਤਕਨਾਲੋਜੀਆਂ ਜਿਵੇਂ ਕਿ ਅਡੈਪਟਿਵ ਕਰੂਜ਼ ਕੰਟਰੋਲ, ਲੇਨ ਡਿਪਾਰਚਰ ਚੇਤਾਵਨੀ, ਅਤੇ ਟੱਕਰ ਘਟਾਉਣ ਪ੍ਰਣਾਲੀਆਂ ਨਾਲ ਲੈਸ ਹਨ। ਫਲੀਟ ਐਜ, ਅਗਲੀ ਪੀੜ੍ਹੀ ਦੇ ਜੁੜੇ ਵਾਹਨ ਪਲੇਟਫਾਰਮ ਦੁਆਰਾ ਰੀਅਲ-ਟਾਈਮ ਡਰਾਈਵਿੰਗ ਵਿਵਹਾਰ ਨਿਗਰਾਨੀ, ਸੁਰੱਖਿਆ ਨੂੰ ਹੋਰ ਵਧਾਉਂਦੀ ਹੈ, ਜਿਸ ਨਾਲ ਟਾਟਾ ਮੋਟਰਜ਼ ਇਕਲੌਤਾ ਭਾਰਤੀ ਨਿਰਮਾਤਾ ਬਣ ਜਾਂਦਾ ਹੈ ਜੋ ਆਪਣੇ ਟਰੱਕਾਂ ਨੂੰ ਇਸ ਲੋੜੀਂਦੇ ਅੰਤਰਰਾਸ਼ਟਰੀ ਮਿਆਰ ਤੱਕ ਉੱਚਾ ਚੁੱਕਦਾ ਹੈ। ਉਦਯੋਗ ਦੇ ਸਭ ਤੋਂ ਵਧੀਆ ਪੇਲੋਡ, ਈਂਧਨ ਕੁਸ਼ਲਤਾ ਅਤੇ ਫਲੀਟ ਪ੍ਰਬੰਧਨ ਨਾਲ ਮੁਨਾਫ਼ੇ ਨੂੰ ਵਧਾਉਣਾ-ਕਮਾਈ ਦੀ ਸੰਭਾਵਨਾ ਨੂੰ ਵੱਧ ਤੋਂ ਵੱਧ ਕਰਨ ਅਤੇ ਮਾਲਕੀ ਦੀ ਕੁੱਲ ਲਾਗਤ ਨੂੰ ਘਟਾਉਣ ਲਈ ਤਿਆਰ ਕੀਤਾ ਗਿਆ, ਟਾਟਾ ਮੋਟਰਜ਼ ਟਰੱਕਾਂ ਦੀ ਰੇਂਜ ਵਿੱਚ ਕੀਤੇ ਗਏ ਅੱਪਗ੍ਰੇਡ ਠੋਸ ਲਾਭ ਪ੍ਰਦਾਨ ਕਰਦੇ ਹਨ ਜੋ ਸਿੱਧੇ ਤੌਰ 'ਤੇ ਮੁਨਾਫੇ ਨੂੰ ਵਧਾਉਂਦੇ ਹਨ। ਸਮਾਰਟ ਸੁਧਾਰਾਂ ਨੇ ਪੇਲੋਡ ਸਮਰੱਥਾ ਨੂੰ 1.8 ਟਨ ਤੱਕ ਵਧਾ ਦਿੱਤਾ ਹੈ, ਜਦੋਂ ਕਿ ਡਰਾਈਵਟ੍ਰਾਈਨ ਅੱਪਗ੍ਰੇਡ, ਉੱਨਤ 6.7-ਲੀਟਰ ਕਮਿੰਸ ਡੀਜ਼ਲ ਇੰਜਣ ਦੀ ਅਗਵਾਈ ਵਿੱਚ 7% ਤੱਕ ਬਿਹਤਰ ਬਾਲਣ ਕੁਸ਼ਲਤਾ ਪ੍ਰਦਾਨ ਕਰਦੇ ਹਨ। ਇਹਨਾਂ ਇੰਜੀਨੀਅਰਿੰਗ ਤਰੱਕੀਆਂ ਦਾ ਪੂਰਕ ਇੱਕ ਡਿਜੀਟਲ ਤੌਰ 'ਤੇ ਸਮਰੱਥ ਸਹਾਇਤਾ ਈਕੋਸਿਸਟਮ ਹੈ ਜੋ ਫਲੀਟ ਦ੍ਰਿਸ਼ਟੀ ਅਤੇ ਅਪਟਾਈਮ ਨੂੰ ਵਧਾਉਂਦਾ ਹੈ। ਫਲੀਟ ਐਜ ਪ੍ਰਾਇਓਰਿਟੀ ਦੀ ਸ਼ੁਰੂਆਤ ਦੇ ਨਾਲ , ਗਾਹਕ ਹੁਣ ਆਪਣੇ ਫਲੀਟ ਵਿੱਚ ਕਈ ਹੋਰ ਸੂਝਾਂ ਪ੍ਰਾਪਤ ਕਰ ਸਕਦੇ ਹਨ ਜਿਸ ਵਿੱਚ ਰੀਅਲ-ਟਾਈਮ ਵਾਹਨ ਸਿਹਤ ਸੂਝ, ਭਵਿੱਖਬਾਣੀ ਵਿਸ਼ਲੇਸ਼ਣ, ਅਤੇ ਯਾਤਰਾ ਪ੍ਰਬੰਧਨ ਨੂੰ ਅਨੁਕੂਲ ਬਣਾਉਣ ਲਈ ਸੁਝਾਅ ਸ਼ਾਮਲ ਹਨ। ਇਕੱਠੇ ਮਿਲ ਕੇ, ਇਹ ਨਵੀਨਤਾਵਾਂ ਟਰਾਂਸਪੋਰਟਰਾਂ ਲਈ ਹਰੇਕ ਨਿਵੇਸ਼ 'ਤੇ ਵੱਧ ਰਿਟਰਨ ਪ੍ਰਾਪਤ ਕਰਨ ਲਈ ਉੱਤਮ ਪੇਲੋਡ ਲਾਭ, ਮਹੱਤਵਪੂਰਨ ਈਂਧਨ ਬੱਚਤ, ਅਤੇ ਅਨੁਕੂਲਿਤ ਸੰਪਤੀ ਉਪਯੋਗਤਾ ਵਿੱਚ ਅਨੁਵਾਦ ਕਰਦੀਆਂ ਹਨ।

# .ਗਰੀਬ ਲੜਕੀਆਂ ਦੇ ਵਿਆਹ 22 ਮਾਰਚ ਨੂੰ ਗੁਰਦੁਆਰਾ ਗੁਰੂ ਕੀ ਢਾਬ ਵਿੱਖੇ ਹੋਣਗੇ



**ਜੈਤੋਂ**,18 ਫਰਵਰੀ
-ਸੰਧੀਰ ਗਰਗ-
-ਕੌਮੀ ਪੱਤ੍ਰਿਕਾ ਬਿਊਰੋ-

ਹਿਊਮਨ ਰਾਈਟਸ ਅਵੇਅਰਨੈਸ ਐਸੋਸੀਏਸ਼ਨ ਰਜਿਸਟਰਡ ਪੰਜਾਬ ਦੇ ਚੇਅਰਮੈਨ ਗੁਰਲਾਲ ਸਿੰਘ ਲਾਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਆਉਣ ਵਾਲੀ 22 ਮਾਰਚ ਨੂੰ ਗੁਰਦੁਆਰਾ ਦੇਧਾ ਤਾਲ ਪਾਤਸ਼ਾਹੀ ਦਸਵੀਂ ਗੁਰੂ ਕੀ ਢਾਬ ਮੱਤਾ ਵਿਖੇ ਗਰੀਬ ਅਤੇ ਜਰੂਰਤਮੰਦ ਲੜਕੀਆਂ ਦੀਆਂ ਸ਼ਾਦੀਆਂ ਕਰਵਾਈਆਂ ਜਾਣਗੀਆਂ। ਚੇਅਰਮੈਨ ਨੇ ਦੱਸਿਆ ਕਿ ਇਸ ਮੌਕੇ 250 ਦੇ ਕਰੀਬ ਗਰੀਬ ਲੜਕੀਆਂ ਦੀਆਂ ਸ਼ਾਦੀਆਂ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਦੇ ਨਾਲ ਕਰਵਾਈਆਂ ਜਾਣਗੀਆਂ। ਉਹਨਾਂ ਅੱਗੇ ਦੱਸਿਆ ਕਿ ਸਾਰੇ ਸਾਲ ਦੇ ਵਿੱਚ 1100 ਦੇ ਕਰੀਬ ਗਰੀਬ ਲੜਕੀਆਂ ਦੀਆਂ ਸ਼ਾਦੀਆਂ ਦਿੱਲੀ, ਹਰਿਆਣਾ ਅਤੇ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਿੱਚ ਪੂਰੇ ਸਾਲ ਦੌਰਾਨ ਕਰਵਾਈਆਂ ਜਾਣਗੀਆਂ। ਉਹਨਾਂ ਦੱਸਿਆ ਕਿ ਜੋ ਵੀ ਜਰੂਰਤਮੰਦ ਪਰਿਵਾਰ ਇਸ ਮੌਕੇ ਦਾ ਲਾਭ ਉਠਾਉਣਾ ਚਾਹੁੰਦਾ ਹੈ ਤਾਂ ਉਹ ਮੈਨੇਜਰ ਜਸਪਾਲ ਸਿੰਘ ਗੁਰਦੁਆਰਾ ਪਾਤਸ਼ਾਹੀ ਦਸਵੀਂ ਗੁਰੂ ਕੀ ਢਾਬ ਵਿਖੇ ਸੰਪਰਕ ਕਰ ਸਕਦਾ ਹੈ ਤਾਂ ਜੋ ਆਪਣਾ ਨਾਮ ਲਿਖਵਾ ਸਕਦਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਪਾਲ ਸਿੰਘ ਜੀ ਨੇ ਦੱਸਿਆ ਕਿ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਮੈਨੇਜਮੈਂਟ ਦੇ ਨਾਲ ਗੱਲ ਕਰ ਲਈ ਹੈ ਤੇ ਜਿਨੀਆਂ ਵੀ ਗਰੀਬ ਅਤੇ ਜਰੂਰਤਮੰਦ ਲੜਕੀਆਂ ਦੀਆਂ ਸ਼ਾਦੀਆਂ ਇੱਥੇ ਕਰਵਾਈਆਂ ਜਾਣਗੀਆਂ ਉਨ੍ਹਾਂ ਸਾਰਿਆਂ ਨੂੰ ਪੱਖੇ, ਕੂਲਰ, ਸਿਲਾਈ ਮਸ਼ੀਨ, ਗੱਦੇ, ਕਰੌਕਰੀ ਵਗੈਰਾ ਦਾ ਸਮਾਨ ਗੁਰਦੁਆਰਾ ਸਾਹਿਬ ਵੱਲੋਂ ਮੁਫਤ ਦਿੱਤਾ ਜਾਵੇਗਾ। ਉਨ੍ਹਾਂ ਸਮੂਹ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਇਸ ਸ਼ੁਭ ਕਾਰਜ ਦੇ ਵਿੱਚ ਵੱਧ ਤੋਂ ਵੱਧ ਯੋਗਦਾਨ ਦੇ ਕੇ ਤੁਸੀਂ ਆਪਣਾ ਸਹਿਯੋਗ ਦੇ ਸਕਦੇ ਹੋ। ਇਸ ਮੌਕੇ ਸਰਪੰਚ ਜਸਵਿੰਦਰ ਸਿੰਘ, ਭਗਤ ਸਿੰਘ, ਗੁਰਸਾਗਰ ਸਿੰਘ, ਲਖਵੀਰ ਸਿੰਘ, ਰਾਜਿੰਦਰ ਸਿੰਘ, ਜਸਵਿੰਦਰ ਸਿੰਘ, ਬਲਵਿੰਦਰ ਸਿੰਘ ਸਰਾਵਾਂ, ਬੂਟ ਰਾਮ ਮਾਹਰਾਂ, ਐਡਵੋਕੇਟ ਸੀਮਾ ਰਾਣੀ, ਪੂਨਮ ਰਾਣੀ, ਜਸਪ੍ਰੀਤ ਕੌਰ ਜੱਸੀ, ਰੂਬੀ ਕੌਰ ਆਦਿ ਹਾਜ਼ਰ ਸਨ।

# H-1B ਵੀਜ਼ਾ ਪ੍ਰੋਗਰਾਮ ਖ਼ਤਮ ਹੋਣ ਨਾਲ ਭਾਰਤੀਆਂ ਨੂੰ ਹੋਵੇਗੀ ਮੁਸ਼ਕਿਲ

**ਵਾਸ਼ਿੰਗਟਨ**, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-




**US** 'ਚ ਕੰਮ ਕਰਨ ਦੇ ਚਾਹਵਾਨ ਭਾਰਤੀ ਪੇਸ਼ੇਵਰਾਂ ਲਈ ਇੱਕ ਚਿੰਤਾਜਨਕ ਖ਼ਬਰ ਸਾਹਮਣੇ ਆਈ ਹੈ। ਇੱਕ ਅਮਰੀਕੀ ਕਾਨੂੰਨਸਾਜ਼ ਨੇ **H-1B** ਵੀਜ਼ਾ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਸੰਸਦ 'ਚ ਇੱਕ ਬਿੱਲ ਪੇਸ਼ ਕੀਤਾ ਹੈ। ਫਲੋਰੀਡਾ ਤੋਂ ਰੀਪਬਲਿਕਨ ਪ੍ਰਤੀਨਿਧੀ ਗ੍ਰੇਗ ਸਟੀਬੇ ਨੇ ਐਂਡਿੰਗ ਐਕਸਪਲੋਇਟੇਟਿਵ ਇੰਪੋਰਟਿਡ ਲੇਬਰ ਐਗਜ਼ੈਂਪਸ਼ਨ ਐਕਟ ਜਾਂ ਐਗਜ਼ਾਈਲ ਐਕਟ (**EXILE Act**) ਪੇਸ਼ ਕੀਤਾ ਹੈ ਜਿਸ ਦਾ ਉਦੇਸ਼ ਇਮੀਗ੍ਰੇਸ਼ਨ ਅਤੇ ਨੈਸ਼ਨਲਿਟੀ ਐਕਟ 'ਚ ਸੋਧ ਕਰ ਕੇ **H-1B** ਵੀਜ਼ਾ ਪ੍ਰਣਾਲੀ ਨੂੰ ਖ਼ਤਮ ਕਰਨਾ ਹੈ।

**US ਕਾਮਿਆਂ ਦੇ ਹਿੱਤਾਂ ਦਾ ਹਵਾਲਾ**: ਸਟੀਬੇ ਅਨੁਸਾਰ ਕਈ ਕੌਰਪੋਰੇਸ਼ਨਾਂ ਨੇ ਬਾਰ-ਬਾਰ ਇਸ ਪ੍ਰਣਾਲੀ ਦੀ ਦੁਰਵਰਤੋਂ ਕੀਤੀ ਹੈ, ਅਤੇ **US** 'ਚ ਸਸਤੀ ਵਿਦੇਸ਼ੀ ਲੇਬਰ ਦੀ ਦਰਾਮਦ ਕੀਤੀ ਹੈ। ਉਨ੍ਹਾਂ ਦਾ ਤਰਕ ਹੈ ਕਿ ਅਮਰੀਕੀ ਨਾਗਰਿਕਾਂ ਦੀ ਖ਼ੁਸ਼ਹਾਲੀ ਦੀ ਬਜਾਏ ਵਿਦੇਸ਼ੀ ਲੇਬਰ ਨੂੰ ਤਰਜੀਹ ਦੇਣਾ ਰਾਸ਼ਟਰੀ ਹਿੱਤਾਂ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਨੌਜਵਾਨਾਂ ਨੂੰ ਇਸ ਪ੍ਰੋਗਰਾਮ ਕਾਰਨ ਨੌਕਰੀਆਂ ਤੋਂ ਵਾਂਝੇ ਹੋਣਾ ਪੈ ਰਿਹਾ ਹੈ, ਅਤੇ ਅਮਰੀਕੀ ਸੁਪਨੇ ਨੂੰ ਬਚਾਉਣ ਲਈ ਇਹ ਕਦਮ ਚੁੱਕਣਾ ਜ਼ਰੂਰੀ ਹੈ।

**ਭਾਰਤੀਆਂ 'ਤੇ ਪਵੇਗਾ ਵੱਡਾ ਅਸਰ**: ਇਹ ਬਿੱਲ ਭਾਰਤੀ ਪੇਸ਼ੇਵਰਾਂ ਲਈ ਵੱਡਾ ਝਟਕਾ ਸਾਬਿਤ ਹੋ ਸਕਦਾ ਹੈ ਕਿਉਂਕਿ **H-1B** ਵੀਜ਼ਾ ਪ੍ਰਾਪਤ ਕਰਨ ਵਾਲਿਆਂ 'ਚੋਂ 80 ਫ਼ੀਸਦੀ ਤੋਂ ਵੱਧ ਭਾਰਤੀ ਜਾਂ ਚੀਨੀ ਨਾਗਰਿਕ ਹੁੰਦੇ ਹਨ। ਸੂਤਰਾਂ ਅਨੁਸਾਰ **Trump** ਪ੍ਰਸ਼ਾਸਨ ਨੇ ਪਹਿਲਾਂ ਹੀ ਕਾਨੂੰਨੀ ਇਮੀਗ੍ਰੇਸ਼ਨ 'ਤੇ ਸ਼ਿਕੰਜਾ ਕੱਸਦੇ ਹੋਏ ਨਵੇਂ **H-1B** ਵੀਜ਼ਿਆਂ 'ਤੇ ਇੱਕ ਲੱਖ ਡਾਲਰ ਦੀ ਫ਼ੀਸ ਲਗਾਉਣ ਦਾ ਐਲਾਨ ਕੀਤਾ ਸੀ ਜਿਸ ਨਾਲ ਭਾਰਤੀ ਪੇਸ਼ੇਵਰਾਂ 'ਚ ਕਾਫ਼ੀ ਦਹਿਸ਼ਤ ਫ਼ੈਲ ਗਈ ਸੀ।

**ਕੌਰਪੋਰੇਟ ਜਗਤ 'ਚ ਛਾਂਟੀ ਦੇ ਅੰਕੜੇ**: ਬਿੱਲ ਦੇ ਸਮਰਥਨ 'ਚ ਦਿੱਤੇ ਗਏ ਤੱਥਾਂ ਅਨੁਸਾਰ ਮਾਈਕ੍ਰੋਸੌਫ਼ਟ ਨੇ 2025 'ਚ ਨੌਂ ਹਜ਼ਾਰ ਤੋਂ ਵੱਧ **H-1B** ਵੀਜ਼ਿਆਂ ਦੀ ਮਨਜ਼ੂਰੀ ਤੋਂ ਬਾਅਦ 16 ਹਜ਼ਾਰ ਤੋਂ ਵੱਧ ਕਰਮਚਾਰੀਆਂ ਨੂੰ ਹਟਾਇਆ।

ਡਿਜ਼ਨੀ ਨੇ 2015 'ਚ 250 ਕਰਮਚਾਰੀਆਂ ਦੀ ਛਾਂਟੀ ਕਰ ਕੇ ਉਨ੍ਹਾਂ ਦੀ ਜਗ੍ਹਾ **H-1B** ਵੀਜ਼ਾ ਰਾਹੀਂ ਆਏ ਵਿਦੇਸ਼ੀ ਕਾਮੇ ਰੱਖੇ ਗਏ। **FedEx** ਨੂੰ **H-1B** ਦੀ ਵਰਤੋਂ ਕਾਰਨ ਅਮਰੀਕਾ 'ਚ 100 ਤੋਂ ਵੱਧ ਸਹੂਲਤਾਂ ਬੰਦ ਕਰਨੀਆਂ ਪਈਆਂ। ਸਦਰਨ ਕੈਲੀਫ਼ੋਰਨੀਆ ਐਡੀਸਨ ਨੇ 2014 'ਚ 540 ਕਰਮਚਾਰੀਆਂ ਨੂੰ ਕੱਢ ਕੇ ਦੋ ਭਾਰਤੀ ਆਊਟਸੋਰਸਿੰਗ ਫ਼ਰਮਾਂ ਦੇ ਕਾਮਿਆਂ ਨੂੰ ਨੌਕਰੀ ਦਿੱਤੀ।

**ਵੀਜ਼ਾ ਪ੍ਰਕਿਰਿਆ ਹੋਈ ਸਖ਼ਤ**: ਸਿਰਫ਼ ਬਿੱਲ ਹੀ ਨਹੀਂ ਸਗੋਂ ਮੌਜੂਦਾ ਨਿਯਮਾਂ ਨੂੰ ਵੀ ਸਖ਼ਤ ਕਰ ਦਿੱਤਾ ਗਿਆ ਹੈ। 15 ਦਸੰਬਰ ਤੋਂ ਸਟੇਟ ਡਿਪਾਰਟਮੈਂਟ ਨੇ **H-1B** ਅਤੇ **H-4** ਵੀਜ਼ਾ ਬਿਨੈਕਾਰਾਂ ਦੇ ਸੋਸ਼ਲ ਮੀਡੀਆ ਪ੍ਰੋਫ਼ਾਈਲਾਂ ਦੀ ਜਾਂਚ ਸਮੇਤ ਸਖ਼ਤ ਸਕ੍ਰੀਨਿੰਗ ਸ਼ੁਰੂ ਕਰ ਦਿੱਤੀ ਹੈ। ਇਸ ਕਾਰਨ ਭਾਰਤ 'ਚ ਕਈ ਵੀਜ਼ਾ ਇੰਟਰਵਿਊਜ਼ ਮੁਲਤਵੀ ਕਰ ਦਿੱਤੇ ਗਏ ਹਨ ਜਿਸ ਨਾਲ ਭਾਰਤ ਆਏ ਕਈ ਵੀਜ਼ਾ ਧਾਰਕ ਉੱਥੇ ਹੀ ਫ਼ਸ ਗਏ ਹਨ।

# ਅਸੀਂ ਸੱਭ ਭਾਗਸ਼ਾਲੀ ਹਾਂ ਜੋ ਸਨਾਤਨ ਅਤੇ ਭਾਰਤ ਦੇਸ਼ ਵਿੱਚ ਜਨਮ ਲਿਆ : ਹਰੀਦੇਵ ਅਰਜੁਨ



**ਜੈਤੋਂ**,18 ਫਰਵਰੀ/-ਸੰਧੀਰ ਗਰਗ-
-ਕੌਮੀ ਪੱਤ੍ਰਿਕਾ ਬਿਊਰੋ-

ਧਰਮ ਸੰਮੇਲਨ ਆਯੋਜਨ ਸਮਿਤੀ ਵਲੋਂ ਚੋਥਾ ਧਰਮ ਸੰਮੇਲਨ ਡੇਰਾ ਬਾਬਾ ਬਾਲਕ ਨਾਥ ਵਿਖੇ ਕੀਤਾ ਗਿਆ। ਸੰਮੇਲਨ ਵਿੱਚ ਮੁੱਖ ਅਸ਼ੀਰਵਾਦ ਦੇਣ ਲਈ ਪੰਡਿਤ ਸਤੀਸ਼ ਸ਼ਰਮਾਂ ਜੀ, ਮੁੱਖ ਮਹਿਮਾਨ ਸ਼੍ਰੀ ਨਾਰੇਸ਼ ਜਿੰਦਲ ਅਤੇ ਕਾਰਜਕਰਮ ਦੇ ਮੁੱਖ ਬੁਲਾਰੇ ਸ਼੍ਰੀ ਹਰੀਦੇਵ ਅਰਜੁਨ ਜੀ(ਪੰਜਾਬ, ਧਰਮ ਜਾਗਰਣ ਸੰਯੋਜਕ) ਪਹੁੰਚੇ।

ਧਰਮ ਸੰਮੇਲਨ ਤੋਂ ਇਕ ਦਿਨ ਪਹਿਲਾਂ ਸਮਿਤੀ ਅਤੇ ਡੇਰਾ ਬਾਬਾ ਬਾਲਕ ਨਾਥ ਮੈਂਬਰਾਂ ਵੱਲੋਂ ਇਲਾਕੇ ਵਿੱਚ ਪ੍ਰਭਾਤ ਫੇਰੀ ਕੱਢੀ ਗਈ। ਜੈਤੋ ਦੇ ਪਤਵੰਤੇ ਸੱਜਣ, ਮਹਿਲਾਵਾਂ ਅਤੇ ਬੱਚੇ ਪ੍ਰੋਗਰਾਮ ਵਿੱਚ ਸ਼ਾਮਲ ਹੋਏ।

ਮੁੱਖ ਮਹਿਮਾਨ ਨਰੇਸ਼ ਜਿੰਦਲ ਜੀ ਵੱਲੋਂ ਪੂਜਨ ਕਰਕੇ ਅਤੇ ਸ਼੍ਰੀ ਸਨਾਤਨ ਸੰਸਕ੍ਰਿਤੀ ਅਤੇ ਜਾਗਰਣ ਮੰਡਲ ਨੇ ਭੱਜਣ ਕੀਰਤਨ ਕਰਕੇ ਕਾਰਜਕਰਮ ਦੀ ਸ਼ੁਰੂਆਤ ਕੀਤੀ।

ਸੰਮੇਲਨ ਦੇ ਮੁੱਖ ਬੁਲਾਰੇ ਹਰੀਦੇਵ ਅਰਜੁਨ ਜੀ ਨੇ ਧਰਮ ਅਤੇ ਸੰਸਕ੍ਰਿਤੀ ਦੀ ਗੱਲ ਕਰਦੇ ਹੋਏ ਸਨਾਤਨ ਧਰਮ ਦੇ ਗੌਰਵਸ਼ਾਲੀ ਇਤਿਹਾਸ ਉੱਤੇ ਚਾਨਣ ਪਾਇਆ। ਓਹਨਾਂ ਨੇ ਸਾਰੇ ਸਮਾਜ ਨੂੰ ਆਪਣਾ ਭਾਰਤੀ ਨਵਾਂ ਸਾਲ, ਬਿਕ੍ਰਮੀ ਸੰਮਤ ਬਣਾ ਕੇ ਸਾਲ ਦੀ ਸ਼ੁਰੂਆਤ ਕਰਨ ਲਈ ਕਿਹਾ। ਓਹਨਾਂ ਸਮਾਜ਼ ਵਿੱਚ ਵੱਧ ਰਹੇ ਧਰਮ ਪਰਿਵਰਤਣ ਦੀ ਅਸਲਿਅਤ ਦੀ ਜਾਣਕਾਰੀ ਦਿੱਤੀ। ਓਹਨਾਂ ਨੇ ਕਿਹਾ ਕਿ ਸੱਭ ਤੋਂ ਵੱਧ ਦਾਨ ਪੁੰਨ ਅਤੇ ਲੰਗਰ ਲਾਉਣ ਵਾਲੇ ਸਾਡੇ ਲੋਕ ਹਨ। ਸਾਰੇ ਸਨਾਤਨੀ ਲੋਕਾਂ ਨੂੰ ਅੱਗੇ ਆ ਕੇ ਆਪਣੇ ਪਿਛੜੇ ਵਰਗ ਦੀ ਹਰ ਤਰੀਕੇ ਨਾਲ ਮੱਦਦ ਕਰਨ ਲਈ ਅਪੀਲ ਕੀਤੀ।

ਓਹਨਾਂ ਨੇ ਕਿਹਾ ਕਿ ਸਾਨੂੰ ਆਪਣੇ ਧਰਮ ਉੱਤੇ ਮਾਣ ਹੋਵੇ ਅਤੇ ਸੰਕਲਪ ਲੈਣਾ ਚਾਹੀਦਾ ਹੈ ਕਿ ਜਿਸ ਧਰਮ ਵਿੱਚ ਅਸੀਂ ਪੈਦਾ ਹੋਏ ਹਾਂ, ਚੰਗੇ ਕੰਮ ਕਰਦੇ ਹੋਏ ਉੱਥੇ ਹੀ ਆਪਣਾ ਜੀਵਨ ਬਤੀਤ ਕਰਨਾ ਅਤੇ ਇਸੇ ਦੇ ਵਿੱਚ ਹੀ ਮਰਨਾ।

ਓਹਨਾਂ ਆਪਣੇ ਵਿੱਚ 5 ਤਰ੍ਹਾਂ ਦੇ ਬਦਲਾਅ ਲੈਕੇ ਆਉਣ ਲਈ ਕਿਹਾ।

1.ਸਮਾਜਿਕ ਸਮਰਸਤਾ : ਭੇਦਭਾਵ ਨੂੰ ਜੜ੍ਹੋਂ ਖਤਮ ਕਰਨ ਲਈ।

2.ਪਰਿਆਵਰਨ ਸੁਰੱਖਿਆ : ਵੇਦਾਂ ਅਨੁਸਾਰ ਪ੍ਰਕਿਰਤੀ ਨੂੰ ਪੂੱਜਣਾ ਚਾਹਿਦਾ। ਵਿਆਹ ਸ਼ਾਦੀ ਵਿੱਚ ਡਿਸਪੋਜ਼ਲ ਅਤੇ ਪਲਾਸਟਿਕ ਦੀ ਵਰਤੋਂ ਬੰਦ ਕਰਕੇ ਅਤੇ ਵੱਧ ਤੋਂ ਵੱਧ ਬੂਟੇ ਲਗੀਏ।

3.ਪਰਿਵਾਰ ਪ੍ਰਬੋਧਨ : ਪਰਿਵਾਰਕ ਏਕਤਾ ਦੇ ਲਈ ਹਫ਼ਤੇ ਵਿੱਚ ਇੱਕ ਵਾਰ ਪੂਰਾ ਪਰਿਵਾਰ ਮੰਦਰ/ਗੁਰੂਘਰ ਜਾਣ ਅਤੇ ਇਕੱਠੇ ਬੈਠ ਕੇ ਭੋਜਨ ਕਰਨ ਦੀ ਪ੍ਰਥਾ।

4.ਸਵਦੇਸ਼ੀ ਅਪਨਾਉਣਾ : ਦੇਸ਼ ਅਤੇ ਸ਼ਹਿਰ ਵਿੱਚ ਬਣੀਆਂ ਵਸਤੂਆਂ ਦੀ ਵਰਤੋਂ, ਮਹਾਂਪੁਰਸ਼ਾਂ ਦੇ ਇਤਿਹਾਸ ਨਾਲ ਬੱਚਿਆਂ ਨੂੰ ਜਾਣੂ ਕਰਵਾਉਣਾ।

5.ਨਾਗਰਿਕ ਕਰਤੱਵ : ਅਧਿਕਾਰਾਂ ਦੇ ਨਾਲ-ਨਾਲ ਕਰਤੱਵਾਂ ਦੀ ਸਮਝ ਅਤੇ ਕਾਨੂੰਨ ਦੀ ਪਾਲਣਾ ਜ਼ਿੰਮੇਵਾਰੀ ਨਾਲ ਕਰਨਾ।

ਧਰਮ ਸੰਮੇਲਨ ਆਯੋਜਨ ਸਮਿਤੀ ਦੇ ਅਧਿਅਕਸ਼ ਵਿੱਕੀ ਗੋਇਲ ਨੇ ਦੱਸਿਆ ਕਿ ਇਹ ਜੈਤੋ ਵਿੱਚ ਚੋਥਾ ਆਯੋਜਨ ਹੈ ਅਤੇ ਭਵਿੱਖ ਵਿੱਚ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਅਜੇਹੇ ਹੋਰ ਕਾਰਜਕਰਮ ਕਰਵਾਏ ਜਾਣਗੇ। ਉਨ੍ਹਾਂ ਜੈਤੋ ਦੀਆਂ ਸਾਰੀਆਂ ਸੰਸਥਾਵਾਂ ਨੂੰ ਅੱਗੇ ਆ ਕੇ ਅਜਿਹੇ ਸਾਰਥਕ ਲੋਕ ਭਲਾਈ ਦੇ ਆਯੋਜਨ ਕਰਨ ਦੀ ਅਪੀਲ ਕੀਤੀ। ਇਸ ਦੌਰਾਨ ਧਰਮ ਜਾਗਰਣ ਮੰਚ ਵੱਲੋਂ ਧਾਰਮਿਕ ਪੁਸਤਕਾਂ ਦੀ ਫ੍ਰੀ ਸਟਾਲ ਲਗਾਈ ਗਈ।

ਇਸ ਮੌਕੇ ਡੇਰਾ ਬਾਬਾ ਬਾਲਕ ਨਾਥ ਦੀ ਸਾਰੀ ਟੀਮ ਮੋਹਨਲਾਲ ਮੋਨੂੰ(ਪ੍ਰਧਾਨ), ਪਵਨ ਕੁਮਾਰ(ਵਾਈਸ), ਬਲਦੇਵ ਕੁਮਾਰ(ਸੈਕਟਰੀ), ਬਲਰਾਜ ਅਤੇ ਧਰਮ ਜਾਗਰਣ ਮੰਚ, ਸ਼੍ਰੀ ਸਨਾਤਨ ਸੰਕੀਰਤਨ ਅਤੇ ਜਾਗਰਣ ਮੰਡਲ, ਬਾਲਮੀਕੀ ਮੰਦਿਰ, ਰਾਸ਼ਟਰੀ ਸਵੈਯੰਸੇਵਕ ਸੰਘ, ਹਰਿਆਵਲ ਪੰਜਾਬ, ਸ਼੍ਰੀ ਰਮਾਇਣ ਪ੍ਰਚਾਰ, ਨੋਜਵਾਨ ਕਲੱਬ, ਚੜਦੀਕਲਾ ਕਲੱਬ ਅਤੇ ਹੋਰ ਕਈ ਸੰਸਥਾਵਾਂ ਦੇ ਆਗੂ ਹਾਜ਼ਰ ਰਹੇ। ਇਸ ਦੌਰਾਨ ਨਵਨੀਤ ਨੀਟਾ, ਕੋਸ਼ਾਧਿਅਕਸ਼ ਹਰੀਸ਼ ਤਾਇਲ, ਸੈਕਟਰੀ ਇਸ਼ੂ ਸ਼ਿਵਾ, ਰਾਜੂ ਚਾਵਲਾ, ਗੋਪਾਲ ਗੋਇਲ, ਸ਼ਰਮਨ, ਰਮਨ ਸ਼ਾਸਤਰੀ, ਦਿਨੇਸ਼ ਗੋਇਲ, ਰੰਜੀਵ ਡੋਡ, ਹਿਤੇਸ਼ ਗਰਗ, ਵਿੱਕੀ ਸਦਾਵਰਤੀਆ, ਨਵੀਨ, ਸੁਧਾਂਸ਼ੂ, ਖੁਸ਼ਹਾਲ ਤਨੇਜਾ, ਡਾ.ਰਮਨਦੀਪ, ਰਮੇਸ਼ ਬੰਸਲ, ਰਮੇਸ਼ ਸ਼ਰਮਾ, ਗਗਨ ਮਿੱਤਲ, ਸ਼ਾਮ ਲਾਲ, ਰਾਕੇਸ਼ ਤਾਇਲ, ਤੇਜਪਾਲ, ਨੀਰਜ, ਅਮਨ, ਹਰਸ਼, ਲਲਿਤ ਸ਼ਰਮਾ, ਆਦਿ ਹਾਜ਼ਰ ਸਨ।

# ਅਮਰੀਕਾ 'ਚ ਫੜ੍ਹੇ ਗਏ 30 ਪੰਜਾਬੀਆਂ ਸਣੇ 90 ਭਾਰਤੀ

**ਵਾਸ਼ਿੰਗਟਨ**, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਅਮਰੀਕਾ 'ਚ ਇਮੀਗ੍ਰੇਸ਼ਨ ਛਾਪਿਆਂ ਦੌਰਾਨ ਗ੍ਰਿਫ਼ਤਾਰ ਕੀਤੇ ਗਏ 90 ਭਾਰਤੀਆਂ ਦੀ ਸੂਚੀ ਡਿਪਾਰਟਮੈਂਟ ਔਫ਼ ਹੋਮਲੈਂਡ ਸਕਿਉਰਿਟੀ (**DHS**) ਵਲੋਂ ਜਨਤਕ ਕਰ ਦਿੱਤੀ ਗਈ ਹੈ। ਇਸ ਸੂਚੀ 'ਚ ਘੱਟੋ-ਘੱਟ 30 ਪੰਜਾਬੀ ਸ਼ਾਮਿਲ ਹਨ ਜੋ ਕਿ ਕਤਲਾਂ, ਨਸ਼ਾ ਤਸਕਰੀ, ਲੁੱਟਾਂ-ਖੋਹਾਂ, ਘਰੇਲੂ ਹਿੰਸਾ ਅਤੇ ਧੋਖਾਧੜੀ ਵਰਗੇ ਗੰਭੀਰ ਅਪਰਾਧਾਂ 'ਚ ਦੋਸ਼ੀ ਠਹਿਰਾਏ ਗਏ ਹਨ। ਜਾਣਕਾਰੀ ਅਨੁਸਾਰ ਇਨ੍ਹਾਂ 'ਚੋਂ ਬਹੁਤਿਆਂ ਨੂੰ **Deport** ਕਰ ਦਿੱਤਾ ਗਿਆ ਹੈ, ਅਤੇ ਬਾਕੀਆਂ ਨੂੰ ਵੀ ਜਲਦੀ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੈ।

**ਏਜੰਟਾਂ ਦੇ ਅੜਿੱਕੇ ਆਏ ਭਾਰਤੀਆਂ ਦੀ ਸੂਚੀ**: ਜਿਨ੍ਹਾਂ ਪ੍ਰਮੁੱਖ ਭਾਰਤੀਆਂ ਦੇ ਨਾਂ ਸਾਹਮਣੇ ਆਏ ਹਨ ਉਨ੍ਹਾਂ 'ਚ ਕੁਲਦੀਪ ਸਿੰਘ, ਹਰਜਿੰਦਰ ਸਿੰਘ, ਹਰਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ, ਗੁਰਪਿੰਦਰ ਸਿੰਘ, ਸੁਖਦੇਵ ਸਿੰਘ, ਬਲਜਿੰਦਰ ਸਿੰਘ ਅਵੀ ਪਟੇਲ, ਉਦਿਤ ਮਹਿਰਾ, ਦਰਸ਼ਨ ਕੁਮਾਰ ਪਟੇਲ, ਪ੍ਰਦੀਪ ਪਟੇਲ, ਭਾਵੇਸ਼ ਕੁਮਾਰ ਸ਼ੁਕਲਾ, ਬ੍ਰਿਜੇਸ਼ ਗੋਇਲ, ਰਾਜੇਸ਼ ਕੁਮਾਰ, ਰਫ਼ੀਕ ਅਲੀ ਵੀਰਾਨੀ, ਸੁਸ਼ੀਲ ਕੁਮਾਰ, ਕੁਨਾਲ ਛੇਤਰੀ, ਮਨੀਸ਼ ਕੁਮਾਰ, ਸ਼ੁਭਮ ਮਿੱਤਲ, ਇਰਫ਼ਾਨ ਅਲੀ ਮੋਮਿਨ, ਮੁਹੰਮਦ ਮੋਹਸਿਨ ਅਤੇ ਮੀਤ ਪਟੇਲ ਆਦਿ ਸ਼ਾਮਿਲ ਹਨ।

ਸੂਤਰਾਂ ਅਨੁਸਾਰ ਅਵਤਾਰ ਸਿੰਘ ਢਿੱਲੋਂ ਨੂੰ ਬੋਸਟਨ ਦੀ ਅਦਾਲਤ ਨੇ ਦਸੰਬਰ 2024 'ਚ ਇੱਕ ਫ਼ਰੌਡ ਦੇ ਮਾਮਲੇ 'ਚ ਚਾਰ ਮਹੀਨੇ ਦੀ ਕੈਦ ਸੁਣਾਈ ਸੀ। ਉਸ ਵਿਰੁੱਧ ਕੈਨੇਡਾ 'ਚ ਵੀ ਨਸ਼ਾ ਤਸਕਰੀ ਦੇ ਮਾਮਲੇ ਚੱਲ ਰਹੇ ਹਨ। ਇੱਕ ਹੋਰ ਮਾਮਲੇ 'ਚ ਅਜੇਪਾਲ ਢਿੱਲੋਂ ਨੂੰ ਪੀਸ ਬ੍ਰਿਜ 'ਤੇ 948 ਕਿੱਲੋ ਕੈਨੇਬਿਸ (ਭੰਗ) ਅਤੇ 50 ਕਿਲੋ ਕੈਟਾਮੀਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ ਨੂੰ ਹੁਣ ਕੈਨੇਡਾ **Deport** ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

**ਸੂਬਾ ਸਰਕਾਰਾਂ ਅਤੇ ਸੰਘੀ ਸਰਕਾਰ ਵਿਚਾਲੇ ਟਕਰਾਅ: DHS** ਦਾ ਕਹਿਣਾ ਹੈ ਕਿ ਹੁਣ ਤਕ ਅਮਰੀਕਾ 'ਚ 25 ਹਜ਼ਾਰ ਤੋਂ ਵੱਧ ਅਪਰਾਧੀਆਂ ਨੂੰ ਕਾਬੂ ਕੀਤਾ ਜਾ ਚੁੱਕਾ ਹੈ। ਹਾਲਾਂਕਿ ਨਿਊ ਯੌਰਕ ਅਤੇ ਕੈਲੇਫੋਰਨੀਆ ਵਰਗੇ ਸੂਬਿਆਂ 'ਚ ਸਥਾਨਕ ਸਰਕਾਰਾਂ ਵਲੋਂ ਅਪਰਾਧੀਆਂ ਨੂੰ ਰਿਹਾਅ ਕੀਤੇ ਜਾਣ ਕਾਰਨ ਵਿਵਾਦ ਖੜ੍ਹਾ ਹੋ ਗਿਆ ਹੈ।

ਨਿਊ ਯੌਰਕ 'ਚ 20 ਜਨਵਰੀ ਤੋਂ ਬਾਅਦ ਲਗਭਗ ਸੱਤ ਹਜ਼ਾਰ ਅਪਰਾਧੀਆਂ ਨੂੰ ਜੇਲ੍ਹਾਂ 'ਚੋਂ ਰਿਹਾਅ ਕਰ ਦਿੱਤਾ ਗਿਆ ਜਿਨ੍ਹਾਂ 'ਚ ਕਾਤਲ, ਰੇਪ ਅਤੇ ਨਸ਼ਾ ਤਸਕਰ ਸ਼ਾਮਿਲ ਸਨ। ਇਸੇ ਤਰ੍ਹਾਂ ਕੈਲੇਫ਼ੋਰਨੀਆ 'ਚ ਵੀ 4,560 ਤੋਂ ਵੱਧ ਗ਼ੈਰ-ਕਾਨੂੰਨੀ ਪਰਵਾਸੀ ਅਪਰਾਧੀਆਂ ਨੂੰ ਰਿਹਾਅ ਕੀਤਾ ਗਿਆ ਹੈ।

ਟਰੰਪ ਸਰਕਾਰ ਅਤੇ ਆਈਸ (**ICE**) ਦੇ ਅਧਿਕਾਰੀਆਂ ਨੇ ਸੂਬਾ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੇ ਅਪਰਾਧੀਆਂ ਨੂੰ **Deport** ਕਰਨ 'ਚ ਮਦਦ ਕਰਨ ਅਤੇ ਉਨ੍ਹਾਂ ਨੂੰ ਆਈਸ ਦੇ ਸਪੁਰਦ ਕਰਨ।

# 2.68 ਲੱਖ ਡਾਲਰਾਂ ਦੀ ਠੱਗੀ ਮਾਰਨ ਵਾਲੇ ਭਾਰਤੀ ਨੂੰ 23 ਮਹੀਨੇ ਦੀ ਕੈਦ

**ਸਿੰਗਾਪੁਰ**, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਿੰਗਾਪੁਰ 'ਚ ਇੱਕ ਔਨਲਾਈਨ ਮਾਰਕੀਟ ਪਲੇਸ ਰਾਹੀਂ ਇੱਕ 25 ਸਾਲਾ ਔਰਤ ਨਾਲ 2.68 ਲੱਖ ਸਿੰਗਾਪੁਰੀ ਡਾਲਰ (ਲਗਭਗ 1.6 ਕਰੋੜ ਰੁਪਏ ਤੋਂ ਵੱਧ) ਦੀ ਠੱਗੀ ਮਾਰਨ ਦੇ ਮਾਮਲੇ 'ਚ ਭਾਰਤੀ ਮੂਲ ਦੇ ਇੱਕ ਵਿਅਕਤੀ ਨੂੰ 23 ਮਹੀਨੇ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਦਾ ਸਟ੍ਰੇਟਸ ਟਾਈਮਜ਼ ਦੀ ਰਿਪੋਰਟ ਮੁਤਾਬਿਕ ਦੋਸ਼ੀ ਦੀ ਪਛਾਣ ਥੇਵੇਂਦਰਨ ਐਲਨ ਗੋਵਨ ਵਜੋਂ ਹੋਈ ਹੈ ਜਿਸ ਨੂੰ ਧੋਖਾਧੜੀ ਦੇ ਇੱਕ ਦੋਸ਼ 'ਚ ਦੋਸ਼ੀ ਕਰਾਰ ਦਿੱਤਾ ਗਿਆ ਸੀ ਜਦ ਕਿ ਦੋ ਹੋਰ ਮਾਮਲਿਆਂ ਨੂੰ ਸਜ਼ਾ ਨਿਰਧਾਰਿਤ ਕਰਦੇ ਸਮੇਂ ਧਿਆਨ 'ਚ ਰੱਖਿਆ ਗਿਆ।

ਅਦਾਲਤ 'ਚ ਦੱਸਿਆ ਗਿਆ ਕਿ 24 ਜੁਲਾਈ 2021 ਨੂੰ ਗੋਵਨ ਨੇ ਇੱਕ ਔਨਲਾਈਨ ਪਲੈਟਫ਼ੌਰਮ ਕਾਰੂਸੇਲ 'ਤੇ ਪਲੇਸਟੇਸ਼ਨ-4 ਵੇਚਣ ਦਾ ਇੱਕ ਇਸ਼ਤਿਹਾਰ ਪਾਇਆ ਸੀ। ਪੀੜਤ ਔਰਤ ਵਲੋਂ ਜਵਾਬ ਦੇਣ 'ਤੇ ਦੋਸ਼ੀ ਨੇ ਉਸ ਨੂੰ 150 ਡਾਲਰ ਪੇਸ਼ਗੀ ਵਜੋਂ ਜਮ੍ਹਾਂ ਕਰਵਾਉਣ ਲਈ ਕਿਹਾ, ਅਤੇ ਬਾਕੀ ਰਕਮ ਡਲਿਵਰੀ ਤੋਂ ਬਾਅਦ ਦੇਣ ਦੀ ਗੱਲ ਕਹੀ। ਇਸ ਤੋਂ ਬਾਅਦ ਦੋਵਾਂ ਵਿਚਾਲੇ ਗੱਲਬਾਤ ਵ੍ਹਾਟਸਐਪ 'ਤੇ ਹੋਣ ਲੱਗੀ। **ਜੂਏ ਦੇ ਕਰਜ਼ੇ ਤੇ ਨਿੱਜੀ ਖ਼ਰਚਿਆਂ ਲਈ ਵਰਤੀ ਰਕਮ**: ਜਾਂਚ ਮੁਤਾਬਿਕ ਦੋਸ਼ੀ ਨੇ ਬਿਨਾਂ ਕਿਸੇ ਸਮਾਨ ਦੀ ਡਲਿਵਰੀ ਕੀਤੇ ਗੇਮਾਂ ਅਤੇ ਹੋਰ ਬਹਾਨਿਆਂ ਨਾਲ ਪੈਸਿਆਂ ਦੀ ਮੰਗ ਜਾਰੀ ਰੱਖੀ। ਅਗਸਤ ਤੋਂ ਦਸੰਬਰ 2021 ਦੇ ਦਰਮਿਆਨ ਉਸ ਨੇ 48 ਵਾਰ 'ਚ ਔਰਤ ਤੋਂ ਕੁੱਲ 2.46 ਲੱਖ ਡਾਲਰ ਤੋਂ ਵੱਧ ਦੀ ਠੱਗੀ ਮਾਰੀ। ਉਸ ਨੇ ਇਸ ਸਾਰੀ ਰਕਮ ਦੀ ਵਰਤੋਂ ਆਪਣੇ ਨਿੱਜੀ ਖ਼ਰਚਿਆਂ ਅਤੇ ਜੂਏ ਦਾ ਕਰਜ਼ਾ ਉਤਾਰਨ ਲਈ ਕੀਤੀ।

ਦੋਸ਼ੀ ਨੂੰ ਪਤਾ ਲੱਗ ਗਿਆ ਸੀ ਕਿ ਪੀੜਤਾ ਨੂੰ ਆਪਣੀ ਮਾਂ ਦੀ ਮੌਤ ਤੋਂ ਬਾਅਦ ਬੀਮਾ ਅਤੇ ਸੈਂਟਰਲ ਪ੍ਰੋਵਿਡੈਂਟ ਫ਼ੰਡ ਰਾਹੀਂ ਕੁੱਝ ਪੈਸੇ ਮਿਲੇ ਸਨ। ਹੱਦ ਤਾਂ ਓਦੋਂ ਹੋ ਗਈ ਜਦੋਂ ਔਰਤ ਨੇ ਦੱਸਿਆ ਕਿ ਉਸ ਕੋਲ ਹੁਣ ਸਾਰੀ ਜਮ੍ਹਾਂ ਪੂੰਜੀ ਖਤਮ ਹੋ ਚੁੱਕੀ ਹੈ, ਪਰ ਫ਼ਿਰ ਵੀ ਦੋਸ਼ੀ ਨੇ ਉਸ ਨਾਲ ਧੋਖਾਧੜੀ ਜਾਰੀ ਰੱਖੀ। ਇਸ ਮਾਮਲੇ ਦਾ ਖ਼ੁਲਾਸਾ ਓਦੋਂ ਹੋਇਆ ਜਦੋਂ ਪੀੜਤਾ ਦੇ ਪਿਤਾ ਨੇ ਬੈਂਕ ਖਾਤੇ 'ਚੋਂ ਗ਼ਾਇਬ ਹੋਏ ਪੈਸਿਆਂ ਸਬੰਧੀ ਪੁਲੀਸ ਨੂੰ ਸ਼ਿਕਾਇਤ ਕੀਤੀ।

ਜ਼ਿਲ੍ਹਾ ਜੱਜ ਜੈਨੇਟ ਵਾਂਗ ਨੇ ਸਜ਼ਾ ਸੁਣਾਉਂਦੇ ਹੋਏ ਕਿਹਾ ਕਿ ਪੀੜਤਾ ਨੂੰ ਗੰਭੀਰ ਮਾਨਸਿਕ ਸਦਮਾ ਅਤੇ ਭਾਰੀ ਆਰਥਿਕ ਨੁਕਸਾਨ ਝੱਲਣਾ ਪਿਆ ਹੈ।

ਸਰਕਾਰੀ ਵਕੀਲ ਨੇ ਦੱਸਿਆ ਕਿ ਦੋਸ਼ੀ ਨੇ ਜੁਲਾਈ 2024 'ਚ 24 ਹਜ਼ਾਰ ਡਾਲਰ ਵਾਪਿਸ ਕੀਤੇ ਹਨ ਅਤੇ ਜੂਨ 2025 'ਚ 80 ਹਜ਼ਾਰ ਡਾਲਰਜ਼ ਹੋਰ ਵਾਪਿਸ ਕਰਨ ਦੀ ਗੱਲ ਕਹੀ ਹੈ।

# ਭਾਰਤ ਵੱਲੋਂ ਇਰਾਨ ਨਾਲ ਸਬੰਧਤ ਪਾਬੰਦੀਸ਼ੁਦਾ ਤਿੰਨ ਟੈਂਕਰ ਜ਼ਬਤ

**ਨਵੀਂ ਦਿੱਲੀ**, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਨੇ ਇਸ ਮਹੀਨੇ ਇਰਾਨ ਨਾਲ ਸਬੰਧਤ ਅਮਰੀਕਾ ਵੱਲੋਂ ਪਾਬੰਦੀਸ਼ੁਦਾ ਤੇਲ ਦੇ ਤਿੰਨ ਟੈਂਕਰਾਂ ਨੂੰ ਜ਼ਬਤ ਕੀਤਾ ਹੈ ਅਤੇ ਗੈਰ-ਕਾਨੂੰਨੀ ਵਪਾਰ ਨੂੰ ਰੋਕਣ ਲਈ ਆਪਣੇ ਸਮੁੰਦਰੀ ਖੇਤਰ ਵਿੱਚ ਨਿਗਰਾਨੀ ਵਧਾ ਦਿੱਤੀ ਹੈ। ਇੱਕ ਸੂਤਰ ਨੇ ਇਹ ਜਾਣਕਾਰੀ ਦਿੰਦਿਆਂ ਫਰਵਰੀ ਦੇ ਸ਼ੁਰੂ ਵਿੱਚ ਭਾਰਤੀ ਅਧਿਕਾਰੀਆਂ ਦੁਆਰਾ ਐਕਸ (✓) @ਤੇ ਕੀਤੀ ਗਈ ਇੱਕ ਪੋਸਟ ਦੀ ਪੁਸ਼ਟੀ ਕੀਤੀ ਹੈ, ਜਿਸ ਨੂੰ ਬਾਅਦ ਵਿੱਚ ਹਟਾ ਦਿੱਤਾ ਗਿਆ ਸੀ। ਮਾਮਲੇ ਦੀ ਸਿੱਧੀ ਜਾਣਕਾਰੀ ਰੱਖਣ ਵਾਲੇ ਸੂਤਰ ਨੇ ਖ਼ਬਰ ਏਜੰਸੀ ਨੂੰ ਦੱਸਿਆ ਕਿ ਭਾਰਤ ਦਾ ਉਦੇਸ਼ ਆਪਣੇ ਪਾਣੀਆਂ ਨੂੰ ਜਹਾਜ਼-ਤੋਂ-ਜਹਾਜ਼ ਟ੍ਰਾਂਸਫਰ ਲਈ ਵਰਤੇ ਜਾਣ ਤੋਂ ਰੋਕਣਾ ਹੈ, ਜੋ ਤੇਲ ਦੀ ਖੇਪ ਦੇ ਅਸਲ ਸੂਤਰ ਨੂੰ ਛੁਪਾਉਂਦੇ ਹਨ।

ਇਹ ਜ਼ਬਤ ਅਤੇ ਵਧੀ ਹੋਈ ਨਿਗਰਾਨੀ ਅਮਰੀਕਾ-ਭਾਰਤ ਸਬੰਧਾਂ ਵਿੱਚ ਸੁਧਾਰ ਤੋਂ ਬਾਅਦ ਹੋਈ ਹੈ।

# ਰਾਜਪਾਲ ਨੇ 50 ਪੰਨਿਆਂ ਦਾ ਵਿਧਾਨ ਸਭਾ ਭਾਸ਼ਣ 3 ਮਿੰਟਾਂ 'ਚ ਨਬੇੜਿਆ



**ਸ਼ਿਮਲਾ**, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦਾ ਤਿੰਨ ਦਿਨਾਂ ਬਜਟ ਸੈਸ਼ਨ ਸੋਮਵਾਰ ਨੂੰ ਰਾਜਪਾਲ ਸ਼ਿਵ ਪ੍ਰਤਾਪ ਸ਼ੁਕਲਾ ਦੇ ਸੰਬੋਧਨ ਨਾਲ ਸ਼ੁਰੂ ਹੋਇਆ, ਪਰ ਖਾਸ ਗੱਲ ਇਹ ਰਹੀ ਕਿ ਉਨ੍ਹਾਂ ਨੇ 16ਵੇਂ ਵਿੱਤ ਕਮਿਸ਼ਨ ਵੱਲੋਂ ਮਾਲੀਆ ਘਾਟਾ ਗ੍ਰਾਂਟ (RDG) ਨੂੰ ਬੰਦ ਕਰਨ ਨਾਲ ਸਬੰਧਤ ਭਾਸ਼ਣ ਦੇ ਮਹੱਤਵਪੂਰਨ ਹਿੱਸਿਆਂ ਨੂੰ ਛੱਡ ਦਿੱਤਾ।

ਸ਼ੁਕਲਾ ਨੇ ਕਿਹਾ, "ਕਿਉਂਕਿ ਮੇਰੇ ਭਾਸ਼ਣ ਦੇ ਪੈਰਾ ਤਿੰਨ ਤੋਂ ਸੋਲਾਂ ਇੱਕ ਸੰਵਿਧਾਨਕ ਸੰਸਥਾ ਨਾਲ ਸਬੰਧਤ ਹਨ, ਇਸ ਲਈ ਮੈਂ ਉਨ੍ਹਾਂ ਨੂੰ ਪੜ੍ਹਨਾ ਨਹੀਂ ਚਾਹਾਂਗਾ।" ਉਨ੍ਹਾਂ ਨੇ ਆਪਣਾ 50 ਪੰਨਿਆਂ ਦਾ ਭਾਸ਼ਣ ਤਿੰਨ ਮਿੰਟਾਂ ਤੋਂ ਵੀ ਘੱਟ ਸਮੇਂ ਵਿੱਚ ਨਬੇੜ ਲਿਆ, ਸਿਰਫ਼ ਪਹਿਲੇ ਦੋ ਪੈਰੇ ਪੜ੍ਹੇ ਜਿਨ੍ਹਾਂ ਵਿੱਚ ਸੈਸ਼ਨ ਦੇ ਏਜੰਡੇ — 2025-26 ਲਈ ਪੂਰਕ ਮੰਗਾਂ ਪਾਸ ਕਰਨਾ, 2026-27 ਦਾ ਬਜਟ ਅਤੇ ਹੋਰ ਵਿਧਾਨਕ ਕੰਮਾਂ ਬਾਰੇ ਦੱਸਿਆ ਗਿਆ ਸੀ।

ਸ਼ੁਕਲਾ ਦੇ ਇਸ ਫੈਸਲੇ ਨੇ ਰਾਜ ਸਰਕਾਰ ਦੁਆਰਾ ਤਿਆਰ ਕੀਤੇ ਗਏ ਉਨ੍ਹਾਂ ਹਿੱਸਿਆਂ ਨੂੰ ਪੜ੍ਹਨ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਪਰਹੇਜ਼ ਕੀਤਾ ਜਿਨ੍ਹਾਂ ਵਿੱਚ RDG ਨੂੰ ਬੰਦ ਕਰਨ ਬਾਰੇ ਚਿੰਤਾਵਾਂ ਜ਼ਾਹਰ ਕੀਤੀਆਂ ਗਈਆਂ ਸਨ, ਜੋ ਕਿ ਇੱਕ ਵਿਵਾਦਪੂਰਨ ਮੁੱਦਾ ਹੈ ਅਤੇ ਰਾਜ ਦੇ ਸਿਆਸੀ ਚਰਚਾ ਵਿੱਚ ਭਾਰੂ ਰਿਹਾ ਹੈ। ਭਾਸ਼ਣ ਵਿੱਚ ਨੋਟ ਕੀਤਾ ਗਿਆ ਸੀ ਕਿ ਸੰਵਿਧਾਨ ਦੀ ਧਾਰਾ 275(1) ਉਨ੍ਹਾਂ ਰਾਜਾਂ ਨੂੰ ਗ੍ਰਾਂਟਾਂ ਪ੍ਰਦਾਨ ਕਰਦੀ ਹੈ ਜੋ ਮਾਲੀਏ ਅਤੇ ਖਰਚੇ ਵਿਚਕਾਰ ਪਾੜੇ ਨੂੰ ਪੂਰਨ ਵਿੱਚ ਅਸਮਰੱਥ ਹਨ। ਇਤਿਹਾਸਕ ਤੌਰ 'ਤੇ 1952 ਵਿੱਚ ਪਹਿਲੇ ਵਿੱਤ ਕਮਿਸ਼ਨ ਤੋਂ ਲੈ ਕੇ 15ਵੇਂ ਵਿੱਤ ਕਮਿਸ਼ਨ (2020-25) ਤੱਕ, ਹਿਮਾਚਲ ਪ੍ਰਦੇਸ਼ ਲਗਾਤਾਰ RDG ਪ੍ਰਾਪਤ ਕਰਦਾ ਰਿਹਾ ਸੀ।

ਪੈਰਾ 15 ਅਤੇ 16, ਜੋ ਛੱਡ ਦਿੱਤੇ ਗਏ ਸਨ, ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਸੀ ਕਿ 16ਵੇਂ ਵਿੱਤ ਕਮਿਸ਼ਨ ਦੇ RDG ਨੂੰ ਬੰਦ ਕਰਨ ਦੇ ਫੈਸਲੇ ਨਾਲ ਛੋਟੇ ਅਤੇ ਪਹਾੜੀ ਰਾਜਾਂ, ਖਾਸ ਕਰਕੇ ਹਿਮਾਚਲ ਵਰਗੇ ਵਿਸ਼ੇਸ਼ ਸ਼੍ਰੇਣੀ ਦੇ ਰਾਜਾਂ 'ਤੇ ਮਾੜਾ ਅਸਰ ਪਵੇਗਾ। ਭਾਸ਼ਣ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਸੀ ਕਿ ਪਹਾੜੀ ਅਤੇ ਸਰਹੱਦੀ ਰਾਜਾਂ ਲਈ, ਜਿੱਥੇ ਭੂਗੋਲਿਕ ਸਥਿਤੀ ਅਤੇ ਕੁਦਰਤੀ ਸਰੋਤਾਂ ਕਾਰਨ ਮਾਲੀਆ ਪੈਦਾ ਕਰਨਾ ਸੀਮਤ ਹੈ, ਉੱਥੇ ♣47 ਵਿਕਾਸ ਪ੍ਰੋਜੈਕਟਾਂ, ਸਮਾਜਿਕ ਭਲਾਈ ਸਕੀਮਾਂ ਅਤੇ ਆਫ਼ਤ ਪ੍ਰਬੰਧਨ ਪ੍ਰੋਗਰਾਮਾਂ ਲਈ ਫੰਡ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਇਨ੍ਹਾਂ ਹਿੱਸਿਆਂ ਨੂੰ ਛੱਡ ਕੇ ਰਾਜਪਾਲ ਨੇ ਇੱਕ ਰਾਜਨੀਤਿਕ ਤੌਰ 'ਤੇ ਸੰਵੇਦਨਸ਼ੀਲ ਵਿਸ਼ੇ ਤੋਂ ਕਿਨਾਰਾ ਕਰ ਲਿਆ ਅਤੇ ਸਿਰਫ਼ ਰਾਜ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਰੁਟੀਨ ਦੇ ਵਿਧਾਨਕ ਕੰਮਾਂ 'ਤੇ ਧਿਆਨ ਕੇਂਦਰਿਤ ਕੀਤਾ, ਜਿਸ ਨਾਲ ਰਾਜ ਦੀਆਂ ਵਿੱਤੀ ਚਿੰਤਾਵਾਂ ਨੂੰ ਸੰਬੋਧਿਤ ਕੀਤੇ ਬਿਨਾਂ ਸੈਸ਼ਨ ਦੀ ਪ੍ਰਕਿਰਿਆਤਮਕ ਮਰਿਆਦਾ ਨੂੰ ਬਣਾਈ ਰੱਖਿਆ ਗਿਆ। ਇਸ ਕਮੀ ਨਾਲ ਕੇਂਦਰੀ ਸਹਾਇਤਾ ਦੇ ਬੰਦ ਹੋਣ ਦੇ ਮੱਦੇਨਜ਼ਰ ਰਾਜ ਦੀਆਂ ਬਜਟ ਅਤੇ ਵਿਕਾਸ ਤਰਜੀਹਾਂ ਨੂੰ ਲੈ ਕੇ ਵਿਧਾਨ ਸਭਾ ਵਿੱਚ ਬਹਿਸ ਦਾ ਮਾਹੌਲ ਬਣਨ ਦੀ ਉਮੀਦ ਹੈ।

# ਬਠਿੰਡਾ ਵਿੱਚ ਸ਼ਰੇਆਮ ਵਿਕ ਰਹੇ ਨਸ਼ੀਲੇ ਪਦਾਰਥ; ਹਰਸਿਮਰਤ ਬਾਦਲ ਨੇ ਵੀਡੀਓ ਸਾਂਝੀ ਕਰਕੇ ਸਰਕਾਰ ਨੂੰ ਘੇਰਿਆ

**ਬਠਿੰਡਾ**, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਬਠਿੰਡਾ ਤੋਂ ਲੋਕ ਸਭਾ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਹਰਸਿਮਰਤ ਕੌਰ ਬਾਦਲ ਨੇ ਪੁਲੀਸ ਅਤੇ ਪ੍ਰਸ਼ਾਸਨ 'ਤੇ ਨਸ਼ਿਆਂ ਨੂੰ ਰੋਕਣ ਵਿੱਚ ਨਾਕਾਮ ਰਹਿਣ ਦੇ ਦੋਸ਼ ਲਾਏ ਹਨ। ਉਨ੍ਹਾਂ ਨੇ ਆਪਣੇ ਫੇਸਬੁੱਕ ਪੇਜ 'ਤੇ ਇੱਕ ਵੀਡੀਓ ਸਾਂਝੀ ਕੀਤੀ ਹੈ, ਜਿਸ ਵਿੱਚ ਕੁਝ ਲੋਕ ਸ਼ਰੇਆਮ ਨਸ਼ੀਲੇ ਪਦਾਰਥਾਂ ਦਾ ਲੈਣ-ਦੇਣ ਕਰਦੇ ਦਿਖਾਈ ਦੇ ਰਹੇ ਹਨ। ਇਸ ਵੀਡੀਓ ਰਾਹੀਂ ਉਨ੍ਹਾਂ ਦਾਅਵਾ ਕੀਤਾ ਕਿ ਬਠਿੰਡਾ ਸ਼ਹਿਰ ਵਿੱਚ ਸਵੇਰ ਤੋਂ ਸ਼ਾਮ ਤੱਕ ਨਸ਼ਿਆਂ ਦੀ ਸਪਲਾਈ ਜਾਰੀ ਹੈ ਅਤੇ ਪੁਲੀਸ ਇਸ ਨੂੰ ਰੋਕਣ ਵਿੱਚ ਅਸਫਲ ਰਹੀ ਹੈ।

ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸੇਧਦਿਆਂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸਰਕਾਰ ਨੂੰ 'ਨਸ਼ਿਆਂ ਵਿਰੁੱਧ ਯੁੱਧ' ਦੇ ਬੈਨਰ ਹੇਠ ਰੈਲੀਆਂ ਅਤੇ ਪ੍ਰਚਾਰ 'ਤੇ ਜਨਤਾ ਦਾ ਪੈਸਾ ਬਰਬਾਦ ਕਰਨ ਦੀ ਬਜਾਏ ਜ਼ਮੀਨੀ ਹਕੀਕਤ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਮੁੱਖ ਮੰਤਰੀ ਆਪਣੀ ਜ਼ਿੰਮੇਵਾਰੀ ਨਹੀਂ ਨਿਭਾ ਸਕਦੇ ਤਾਂ ਉਨ੍ਹਾਂ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ।

ਦੂਜੇ ਪਾਸੇ, ਵੀਡੀਓ ਸਾਹਮਣੇ ਆਉਣ ਦੇ ਕਰੀਬ 12 ਘੰਟਿਆਂ ਬਾਅਦ ਬਠਿੰਡਾ ਪੁਲੀਸ ਨੇ ਕਾਰਵਾਈ ਕਰਨ ਦਾ ਦਾਅਵਾ ਕੀਤਾ ਹੈ। ਕੋਤਵਾਲੀ ਥਾਣੇ ਦੇ ਐੱਸ.ਐੱਚ.ਓ. ਇੰਸਪੈਕਟਰ ਪਰਵਿੰਦਰ ਸਿੰਘ ਨੇ ਦੱਸਿਆ ਕਿ ਵਾਇਰਲ ਵੀਡੀਓ ਵਿੱਚ ਥਾਂ ਦੀ ਪਛਾਣ ਮੱਛੀ ਮਾਰਕੀਟ ਚੌਕ ਵਜੋਂ ਹੋਈ ਹੈ। ਪੁਲੀਸ ਅਨੁਸਾਰ ਵੀਡੀਓ ਵਿੱਚ ਨਜ਼ਰ ਆਉਣ ਵਾਲੇ ਵਿਅਕਤੀਆਂ ਦੀ ਪਛਾਣ ਕਰ ਲਈ ਗਈ ਹੈ ਅਤੇ ਕੁਝ ਨੂੰ ਹਿਰਾਸਤ ਵਿੱਚ ਲੈ ਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਪੁਲੀਸ ਨੇ ਇਸ ਸਬੰਧੀ ਆਪਣਾ ਇੱਕ ਵੀਡੀਓ ਬਿਆਨ ਵੀ ਜਾਰੀ ਕੀਤਾ ਹੈ।

# ਵਿਧਾਇਕ ਨੇ ਕਾਰਪੋਰੇਸ਼ਨ ਦਫ਼ਤਰ ਦੇ ਸਾਹਮਣੇ ਚੌਂਕ ਨੂੰ ਚੌੜਾ ਕੀਤੇ ਜਾਣ ਅਤੇ ਸੜਕ ਬਣਾਉਣ ਦੇ ਚੱਲ ਰਹੇ ਕੰਮਾਂ ਦਾ ਲਿਆ ਜਾਇਜ਼ਾ

**ਬਟਾਲਾ**, 18 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਬਟਾਲਾ ਸ਼ਹਿਰ ਅੰਦਰ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਤਹਿਤ ਕਾਰਪੋਰੇਸ਼ਨ ਦਫਤਰ ਦੇ ਸਾਹਮਣੇ ਖੂਬਸੂਰਤ ਚੌਂਕ ਅਤੇ ਸੜਕ ਬਣਾਉਣ ਦਾ ਕੰਮ ਚੱਲ ਰਿਹਾ ਹੈ। ਜਿਸ ਸਬੰਧੀ ਉਨ੍ਹਾਂ ਵਲੋਂ ਬੀਤੀ ਦੇਰ ਰਾਤ ਚੱਲ ਰਹੇ ਵਿਕਾਸ ਕੰਮਾਂ ਦਾ ਜਾਇਜ਼ਾ ਲਿਆ ਗਿਆ ਅਤੇ ਸਬੰਧਤ ਵਿਭਾਗ ਨੂੰ ਨਿਸ਼ਚਿਤ ਸਮੇਂ ਅੰਦਰ ਕੰਮ ਮੁਕੰਮਲ ਕਰਨ ਦੀ ਹਦਾਇਤ ਕੀਤੀ।



ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਸ ਚੌਂਕ ਦੇ ਚੌੜੇ ਹੋਣ ਨਾਲ ਟਰੈਫਿਕ ਵਿੱਚ ਕਾਫੀ ਸੁਧਾਰ ਹੋਵੇਗਾ ਅਤੇ ਲੋਕਾਂ ਅਤੇ ਖਾਸਕਰਕੇ ਨੇੜਲੇ ਦੁਕਾਨਦਾਰਾਂ ਨੂੰ ਆਵਾਜਾਈ ਦੀ ਹੋਰ ਬਿਹਤਰ ਸਹੂਲਤ ਮਿਲੇਗੀ।

ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਇਸ ਦੇ ਨਾਲ ਹੀ ਇਥੇ ਸੀਮਟਿੱਡ ਸੜਕ ਵੀ ਬਣਾਈ ਜਾ ਰਹੀ ਹੈ ਅਤੇ ਪੰਜ ਸਾਲ ਤੱਕ ਸਬੰਧਤ ਠੇਕੇਦਾਰ ਇਸ ਦੇ ਰੱਖ ਰਖਾਅ ਲਈ ਜ਼ਿੰਮੇਵਾਰ ਹੋਣਗੇ।

ਉਨ੍ਹਾਂ ਅੱਗੇ ਕਿਹਾ ਕਿ ਬਟਾਲਾ ਸ਼ਹਿਰ ਵਾਸੀਆਂ ਨੇ ਜੋ ਜ਼ਿੰਮੇਵਾਰੀ ਉਨਾਂ ਸੌਂਪੀ ਹੈ, ਉਹ 24 ਘੰਟੇ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ। ਉਨਾਂ ਕਿਹਾ ਕਿ ਮੇਰੀ ਹਮੇਸ਼ਾ ਕੋਸ਼ਿਸ ਹੁੰਦੀ ਹੈ ਕਿ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕੀਤੀਆਂ ਜਾਣ ਅਤੇ ਉਹ ਖੁਦ ਲੋਕਾਂ ਕੋਲ ਜਾ ਕੇ ਉਨਾਂ ਦੀਆਂ ਸਮੱਸਿਆਵਾਂ ਹੱਲ ਕਰ ਰਹੇ ਹਨ।

# ਹੁਣ ਦਫ਼ਤਰਾਂ ਦੇ ਚੱਕਰ ਕੱਟਣ ਦੀ ਲੋੜ ਨਹੀਂ: ਪੰਜਾਬ ਟਰੇਡ ਕਮਿਸ਼ਨ ਛੋਟੇ ਕਾਰੋਬਾਰੀਆਂ ਦਾ ਸਮਾਂ ਅਤੇ ਮਿਹਨਤ ਬਚਾਏਗਾ : ਸ਼ੀਤਲ ਜੁਨੇਜਾ

**ਕੌਮੀ ਪਤ੍ਰਿਕਾ**

**ਕ੍ਰਿਸ਼ਨ ਸਿੰਘ ਦੁਸਾਂਝ**

ਅੰਮ੍ਰਿਤਸਰ, 18 ਫਰਵਰੀ: ਭਗਵੰਤ ਮਾਨ ਸਰਕਾਰ ਨੇ ਸੂਬੇ ਦੇ ਵਪਾਰੀ ਭਾਈਚਾਰੇ ਨੂੰ ਮਜ਼ਬੂਤ ਕਰਨ ਅਤੇ ਛੋਟੇ ਵਪਾਰੀਆਂ, ਦੁਕਾਨਦਾਰਾਂ ਤੇ ਉੱਦਮੀਆਂ ਲਈ ਕਾਰੋਬਾਰੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਦੇ ਉਦੇਸ਼ ਨਾਲ ਪੰਜਾਬ ਟ?ਰੇਡ ਕਮਿਸ਼ਨ ਦੇ ਗਠਨ ਦਾ ਐਲਾਨ ਕੀਤਾ ਹੈ। ਪੰਜਾਬ ਸਰਕਾਰ ਦੀ ਇਹ ਪਹਿਲਕਦਮੀ ਪੰਜਾਬ ਦੀ ਆਰਥਿਕਤਾ ਨੂੰ ਚਲਾਉਣ ਵਾਲੇ ਲੋਕਾਂ ਲਈ ਸ਼ਾਸਨ ਨੂੰ ਵਧੇਰੇ ਪਹੁੰਚਯੋਗ ਅਤੇ ਜਵਾਬਦੇਹ ਬਣਾਉਣ ਦੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਹ ਪ੍ਰਗਟਾਵਾ ਪੰਜਾਬ ਰਾਜ ਟ?ਰੇਡਰਜ਼ ਕਮਿਸ਼ਨ ਦੇ ਮੈਂਬਰ ਸ੍ਰੀ ਸ਼ੀਤਲ ਜੁਨੇਜਾ ਨੇ ਅੱਜ ਟਾਊਨ ਹਾਲ ਅੰਮ੍ਰਿਤਸਰ ਵਿਖੇ ਜ਼ਿਲ੍ਹੇ ਦੇ ਵਪਾਰੀਆਂ ਅਤੇ ਕਾਰੋਬਾਰੀਆਂ ਨਾਲ ਜ਼ਿਲ੍ਹਾ ਪੱਧਰੀ ਤਾਲਮੇਲ ਕਮੇਟੀ ਦੀ ਮੀਟਿੰਗ ਦੌਰਾਨ ਕੀਤਾ। ਮੀਟਿੰਗ ਦੌਰਾਨ ਵਪਾਰੀਆਂ ਨਾਲ ਗੱਲ ਕਰਦਿਆਂ ਸ੍ਰੀ ਜੁਨੇਜਾ ਨੇ ਕਿਹਾ ਕਿ ਕਮਿਸ਼ਨ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਵਪਾਰੀਆਂ ਨੂੰ ਰੁਟੀਨ ਦੀਆਂ ਪ੍ਰਵਾਨਗੀਆਂ, ਵਿਭਾਗੀ ਕਲੀਅਰੈਂਸ ਅਤੇ ਰੋਜ਼ਾਨਾ ਕਾਰੋਬਾਰੀ ਕੰਮਾਂ ਲਈ ਦਫ਼ਤਰਾਂ ਦੇ ਚੱਕਰ ਨਾ ਕੱਟਣੇ ਪੈਣ। ਉਨ੍ਹਾਂ ਕਿਹਾ ਕਿ ਸਾਲਾਂ ਤੋਂ ਛੋਟੇ ਵਪਾਰੀਆਂ ਅਤੇ ਦੁਕਾਨਦਾਰਾਂ ਨੂੰ ਮਾਮੂਲੀ ਮੁੱਦਿਆਂ ਲਈ ਵੀ ਕਈ ਦਫ਼ਤਰਾਂ ਵਿਚਾਲੇ ਭੱਜ-ਦੌੜ ਕਰਕੇ ਆਪਣਾ ਕੀਮਤੀ ਸਮਾਂ ਬਰਬਾਦ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ ਅਤੇ ਮੌਜੂਦਾ ਸਰਕਾਰ ਇਸ ਨੂੰ ਬਦਲਣ ਲਈ ਦ੍ਰਿੜ ਹੈ। ਇਸ ਮੌਕੇ ਉਚੇਚੇ ਤੌਰ ਤੇ ਪਹੁੰਚੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਵਪਾਰੀ ਅਤੇ ਛੋਟੇ ਕਾਰੋਬਾਰ ਸੂਬੇ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਅਜਿਹਾ ਪੰਜਾਬ ਸਿਰਜਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਜਿੱਥੇ ਇਮਾਨਦਾਰ ਕਾਰੋਬਾਰੀ ਕਾਗਜ਼ੀ ਕਾਰਵਾਈ, ਦੇਰੀ ਅਤੇ ਬੇਲੋੜੀ ਪਰੇਸ਼ਾਨੀ ਵਿੱਚ ਫਸਣ ਦੀ ਬਜਾਏ ਆਪਣੇ ਕੰਮ ਦੇ ਵਿਸਥਾਰ ਤੇ ਧਿਆਨ ਕੇਂਦਰਿਤ ਕਰ ਸਕਣ। ਉਨ੍ਹਾਂ ਕਿਹਾ




ਕਿ ਪੰਜਾਬ ਟ?ਰੇਡ ਕਮਿਸ਼ਨ ਵਪਾਰੀ ਭਾਈਚਾਰੇ ਦੇ ਸਮੇਂ, ਮਿਹਨਤ ਅਤੇ ਪੈਸੇ ਦੀ ਬਚਤ ਕਰਨ ਲਈ ਇੱਕ ਸਮਰਪਿਤ ਪਲੇਟਫਾਰਮ ਵਜੋਂ ਕੰਮ ਕਰੇਗਾ। ਇਹ ਉਨ੍ਹਾਂ ਦੇ ਮੁੱਦਿਆਂ ਦੇ ਤੇਜ਼ ਅਤੇ ਸੁਚਾਰੂ ਹੱਲ ਲਈ ਇੱਕ ਸੰਗਠਿਤ ਪ੍ਰਣਾਲੀ, ਸਪੱਸ਼ਟ ਜਵਾਬਦੇਹੀ ਅਤੇ ਸਮਾਂਬੱਧ ਹੱਲ ਪ੍ਰਦਾਨ ਕਰੇਗਾ ਤਾਂ ਜੋ ਸਮੱਸਿਆਵਾਂ ਨੂੰ ਅਣਮਿੱਥੇ ਸਮੇਂ ਲਈ ਲਟਕਦਾ ਨਾ ਛੱਡਿਆ ਜਾਵੇ। ਇਸ ਦੌਰਾਨ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਕੇਂਦਰੀ ਦੇ ਵਿਧਾਇਕ ਡਾ. ਅਜੇ ਗੁਪਤਾ ਨੇ ਕਿਹਾ ਕਿ ਗੁਰੂ ਕਾਲ ਤੋਂ ਹੀ ਅੰਮ੍ਰਿਤਸਰ ਸ਼ਹਿਰ ਦਾ ਵਪਾਰ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੇ ਵਪਾਰ ਨੂੰ ਪ੍ਰਫੁਲਿਤ ਕਰਨ ਲਈ ਰਾਜ ਸਰਕਾਰ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਸੂਬੇ ਵਿੱਚ ਵਪਾਰ ਪੱਖੀ ਮਾਹੌਲ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਅੰਮ੍ਰਿਤਸਰ ਇੱਕ ਵਾਰ ਫਿਰ ਵਾਪਰ ਦੇ ਖੇਤਰ ਵਿੱਚ ਬੁਲੰਦੀਆਂ ਨੂੰ ਛੂਹੇਗਾ। ਡਾ. ਅਜੇ ਗੁਪਤਾ ਨੇ ਕਿਹਾ ਕਿ ਵਪਾਰੀ ਵਰਗ ਸੂਬੇ ਦੇ ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ ਅਤੇ ਮਾਨ ਸਰਕਾਰ ਵਪਾਰੀ ਵਰਗ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦੇਵੇਗੀ। ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੱਛਮੀ ਦੇ ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਟ?ਰੇਡ ਕਮਿਸ਼ਨ ਲੋਕ ਸੇਵਾ, ਪਾਰਦਰਸ਼ਤਾ ਅਤੇ ਕਾਰੋਬਾਰ ਕਰਨ ਦੀ ਸੌਖ ਦੀ ਭਾਵਨਾ ਨਾਲ ਬਣਾਇਆ ਜਾਵੇਗਾ। ਇੱਕੋ ਪਲੇਟਫਾਰਮ ਦੇ ਹੇਠਾਂ ਵਪਾਰੀਆਂ ਨੂੰ ਸਹਾਇਤਾ, ਮਾਰਗਦਰਸ਼ਨ ਅਤੇ ਤੁਰੰਤ ਹੱਲ ਮਿਲਣਗੇ, ਜਿਸ ਨਾਲ ਇਹ ਯਕੀਨੀ ਹੋਵੇਗਾ ਕਿ ਸ਼ਾਸਨ ਉਨ੍ਹਾਂ ਦੇ ਵਿਰੁੱਧ ਨਹੀਂ, ਬਲਕਿ ਉਨ੍ਹਾਂ ਦੇ ਹਿੱਤ ਵਿੱਚ ਕੰਮ ਕਰੇ। ਇਸ ਮੌਕੇ ਨਗਰ ਨਿਗਮ ਅੰਮ੍ਰਿਤਸਰ ਦੇ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ, ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਦੇ ਚੇਅਰਮੈਨ ਸ੍ਰੀ ਕਰਮਜੀਤ ਸਿੰਘ ਰਿੰਟੂ ਨੇ ਵੀ ਇਸ ਮੀਟਿੰਗ ਵਿੱਚ ਕਮਿਸ਼ਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਸਥਾਨਕ ਦੁਕਾਨਦਾਰਾਂ, ਛੋਟੇ ਕਾਰੋਬਾਰੀਆਂ ਅਤੇ ਵਪਾਰੀਆਂ ਨਾਲ ਕਾਰਜਸ਼ੀਲ ਰੂਪ-ਰੇਖਾ ਅਤੇ ਜ਼ਿਲ੍ਹਾ ਪੱਧਰੀ ਤਾਲਮੇਲ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਪਾਰੀ ਵਰਗ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮੌਕੇ ਪੀ.ਐੱਸ.ਆਈ.ਡੀ.ਸੀ. ਦੇ ਚੇਅਰਮੈਨ ਸ੍ਰੀ ਜਸਕਰਨ ਬੰਦੇਸ਼ਾ ਨੇ ਵੀ ਪੰਜਾਬ ਰਾਜ ਟਰੇਡਰਜ਼ ਕਮਿਸ਼ਨ ਦਾ ਗਠਨ ਕਰਨ ਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਪਾਰੀਆਂ ਨੂੰ ਹੁਣ ਆਪਣੀ ਮੁਸ਼ਕਲਾਂ ਦੇ ਹੱਲ ਲਈ ਖੱਜਲ-ਖੁਆਰ ਨਹੀਂ ਹੋਣਾ ਪਵੇਗਾ। ਸ੍ਰੀ ਬੰਦੇਸ਼ ਨੇ ਕਿਹਾ ਕਿ ਉਨ੍ਹਾਂ ਨੇ ਬੀਤੇ ਦਿਨੀਂ ਫੋਕਲ ਪੁਆਇੰਟ ਦਾ ਦੌਰਾ ਕਰਕੇ ਓਥੋਂ ਦੀਆਂ ਮੁਸ਼ਕਲਾਂ ਨੂੰ ਜਾਣਿਆ ਹੈ ਅਤੇ ਇਨ੍ਹਾਂ ਮੁਸ਼ਕਲਾਂ ਦਾ ਹੱਲ ਵੀ ਜਲਦੀ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਟਰੇਡਰਜ਼ ਕਮੇਟੀ ਦੇ ਚੇਅਰਮੈਨ ਸ. ਗੁਰਪ੍ਰੀਤ ਸਿੰਘ ਕਟਾਰੀਆ ਨੇ ਆਏ ਅਧਿਕਾਰੀਆਂ ਅਤੇ ਵਪਾਰੀਆਂ ਦਾ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਕਰ ਅਤੇ ਆਬਕਾਰੀ ਵਿਭਾਗ ਦੇ ਏ.ਸੀ.ਐੱਸ.ਟੀ. ਅੰਮ੍ਰਿਤਸਰ-1 ਸ੍ਰੀਮਤੀ ਪ੍ਰਗਤੀ ਸੇਠੀ ਅਤੇ ਏ.ਸੀ.ਐੱਸ.ਟੀ. ਅੰਮ੍ਰਿਤਸਰ-2 ਡਾ. ਨਵਰੀਤ ਸੇਖੋਂ ਨੇ ਪੰਜਾਬ ਰਾਜ ਟਰੇਡਰਜ਼ ਕਮਿਸ਼ਨ ਦੀ ਕਾਰਜਪ੍ਰਣਾਲੀ ਅਤੇ ਵਪਾਰੀਆਂ ਦੀ ਸਹੂਲਤ ਲਈ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਜ਼ਿਲ੍ਹਾ ਪੱਧਰੀ ਮੀਟਿੰਗ ਦੌਰਾਨ ਵੱਖ-ਵੱਖ ਵਪਾਰ ਮੰਡਲਾਂ, ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਜਿਨ੍ਹਾਂ ਵਿੱਚ ਸ੍ਰੀ ਪਿਆਰੇ ਲਾਲ ਸੇਠ, ਸੁਰਿੰਦਰ ਦੁੱਗਲ, ਬਲਬੀਰ ਭਸੀਨ, ਸੰਦੀਪ ਖੋਸਲਾ, ਸ਼ਸ਼ੀ ਰੰਜਨ, ਕਮਲ ਡਾਲਮੀਆਂ, ਓ.ਪੀ. ਬਲਾਨੀ, ਹਰਿੰਦਰ ਸਿੰਘ ਨੇ ਵਪਾਰੀ ਵਰਗ ਨਾਲ ਸਬੰਧਿਤ ਵੱਖ-ਵੱਖ ਮੁਸ਼ਕਲਾਂ ਕਮਿਸ਼ਨ ਅਤੇ ਸਥਾਨਿਕ ਪ੍ਰਸ਼ਾਸਨ ਦੇ ਅੱਗੇ ਰੱਖੀਆਂ, ਜਿਨ੍ਹਾਂ ਦੇ ਹੱਲ ਦਾ ਅਧਿਕਾਰੀਆਂ ਵੱਲੋਂ ਭਰੋਸਾ ਦਿੱਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਰੋਹਿਤ ਗੁਪਤਾ, ਐੱਸ.ਡੀ.ਐੱਮ. ਸ੍ਰੀ ਅਮਨਦੀਪ ਸਿੰਘ, ਸੰਯੁਕਤ ਕਮਿਸ਼ਨਰ ਸ੍ਰੀ ਜੈ ਇੰਦਰ ਸਿੰਘ, ਡੀ.ਸੀ.ਐੱਸ.ਟੀ. ਸ੍ਰੀਮਤੀ ਰਾਜਵਿੰਦਰ ਕੌਰ, ਪੰਜਾਬ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਸੁਖਦੇਵ ਸਿੰਘ, ਆਮ ਆਦਮੀ ਪਾਰਟੀ ਦੇ ਨੁਮਾਇੰਦੇ ਸ੍ਰੀ ਅਰਵਿੰਦਰ ਸਿੰਘ ਭੱਟੀ, ਵੱਖ-ਵੱਖ ਵਪਾਰ ਸੰਗਠਨਾਂ ਦੇ ਨੁਮਾਇੰਦੇ ਰਮਿੰਦਰ ਸੋਢੀ, ਅਮਿਤ ਕੋਹਲੀ, ਸੰਜੀਵ ਭਾਟੀਆ, ਰਾਜੂ ਕਿੰਗ, ਦੀਪਕ ਮਹਿਰਾ, ਰਾਜੂ ਨਾਗਪਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਪਾਰੀ ਹਾਜ਼ਰ ਸਨ।

## ਪੰਜਾਬ ’ਚ ਗੈਂਗਸਟਰਾਂ ਤੇ ਨਸ਼ਾ ਤਸਕਰਾਂ ਦਾ ਬੋਲਬਾਲਾ: ਸੁਖਜਿੰਦਰ ਰੰਧਾਵਾ

ਚੰਡੀਗੜ੍ਹ 18 ਫਰਵਰੀ। ਕਾਂਗਰਸ ਦੇ ਸੀਨੀਅਰ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਪੰਜਾਬ ਦੀ ਮੌਜੂਦਾ ਸਥਿਤੀ ਅਤੇ ਭਾਰਤ-ਪਾਕਿਸਤਾਨ ਕ੍ਰਿਕਟ ਮੈਚ ਨੂੰ ਲੈ ਕੇ ਕਈ ਅਹਿਮ ਬਿਆਨ ਦਿੱਤੇ ਹਨ। ਉਨ੍ਹਾਂ ਨੇ ਪੰਜਾਬ ਕਾਂਗਰਸ ਪੂਰੀ ਤਰ੍ਹਾਂ ਮਜ਼ਬੂਤ ਹੈ ਅਤੇ ਸਭ ਕੁਝ ਠੀਕ ਚੱਲ ਰਿਹਾ ਹੈ। ਪੰਜਾਬ ਦੇ ਹਾਲਾਤਾਂ ’ਤੇ ਚਿੰਤਾ ਪ੍ਰਗਟ ਕਰਦਿਆਂ ਰੰਧਾਵਾ ਨੇ ਕਿਹਾ ਕਿ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਬਿਲਕੁਲ ਖਤਮ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਗੈਂਗਸਟਰਾਂ ਦਾ ਬੋਲਬਾਲਾ ਬਹੁਤ ਜ਼ਿਆਦਾ ਵਧ ਗਿਆ ਹੈ। ਨਸ਼ਿਆਂ ਦੇ ਮੁੱਦੇ ’ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਨਸ਼ਾ ਸ਼ਰੇਆਮ ਵਿਕ ਰਿਹਾ ਹੈ ਅਤੇ ਹਾਲ ਹੀ ਵਿੱਚ ਸਰਹੱਦ ਤੋਂ ਨਸ਼ਾ ਫੜਿਆ ਗਿਆ ਹੈ। ਰੰਧਾਵਾ ਨੇ ਇਸ ਲਈ ਸਿਰਫ਼ ਸੂਬਾ ਸਰਕਾਰ ਨੂੰ ਹੀ ਨਹੀਂ, ਸਗੋਂ ਕੇਂਦਰ ਸਰਕਾਰ ਨੂੰ ਵੀ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਸਵਾਲ ਚੁੱਕਿਆ ਕਿ ਪੰਜਾਬ ਅਤੇ ਜੰਮੂ-ਕਸ਼ਮੀਰ ਬੀ.ਐਸ.ਐਫ. ਦਾ ਕੰਟਰੋਲ ਹੈ, ਇਸ ਲਈ ਪਾਕਿਸਤਾਨ ਤੋਂ ਆ ਰਹੇ ਨਸ਼ੇ ਨੂੰ ਰੋਕਣਾ ਭਾਰਤ ਸਰਕਾਰ ਅਤੇ ਬੀ.ਐਸ.ਐਫ. ਦੀ ਵੀ ਵੱਡੀ ਜ਼ਿੰਮੇਵਾਰੀ ਹੈ। ਸ੍ਰੀਲੰਕਾ ਵਿੱਚ ਹੋ ਰਹੇ ਭਾਰਤ-ਪਾਕਿਸਤਾਨ ਕ੍ਰਿਕਟ ਮੈਚ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਰੰਧਾਵਾ ਨੇ ਸਖ਼ਤ ਰੁਖ਼ ਅਖਤਿਆਰ ਕੀਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਾਡੇ ਦੇਸ਼ ਦਾ ਦੁਸ਼ਮਣ ਹੈ ਅਤੇ ਉਸ ਨਾਲ ਦੁਸ਼ਮਣ ਵਰਗਾ ਹੀ ਸਲੂਕ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਮੁਤਾਬਕ ਪਾਕਿਸਤਾਨ ਨਾਲ ਸਾਡਾ ਕੋਈ ਲੈਣ-ਦੇਣ ਨਹੀਂ ਹੋਣਾ ਚਾਹੀਦਾ। ਰੰਧਾਵਾ ਨੇ ਅੱਗੇ ਕਿਹਾ ਕਿ ਸਰਹੱਦ ’ਤੇ ਰਹਿਣ ਵਾਲੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਪਾਕਿਸਤਾਨ ਕਿਸ ਤਰ੍ਹਾਂ ਭਾਰਤ ਵਿਰੁੱਧ ‘ਪ੍ਰੌਕਸੀ ਵਾਰ’ (ਛਦਮ ਯੁੱਧ) ਲੜ ਰਿਹਾ ਹੈ।

## ਕੁੱਟਮਾਰ ਕਰਨ ਦੇ ਦੋਸ਼ ’ਚ 2 ਵਿਅਕਤੀਆਂ ਖ਼ਿਲਾਫ਼ ਪਰਚਾ ਦਰਜ

ਜਲਾਲਾਬਾਦ 18 ਫਰਵਰੀ। ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੇ ਪਿੰਡ ਘੁਬਾਇਆ ਬੱਸ ਸਟੈਂਡ ’ਤੇ ਇਕ ਵਿਅਕਤੀ ਦੀ ਕੁੱਟਮਾਰ ਕਰਨ ਦੇ ਦੋਸ਼ ’ਚ 2 ਵਿਅਕਤੀਆਂ ਖ਼?ਲਾਫ਼ ਮੁਕੱਦਮਾ ਦਰਜ ਕੀਤਾ ਹੈ। ਇਸ ਸਬੰਧੀ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਜਸਵੰਤ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਹਰਜਿੰਦਰ ਸਿੰਘ ਪੁੱਤਰ ਭਗਵਾਨ ਸਿੰਘ ਵਾਸੀ ਘੁਬਾਇਆ ਵਲੋਂ ਬਿਆਨ ਦਰਜ ਕਰਵਾਏ ਗਏ ਹਨ ਕਿ ਮਿਤੀ 7 ਫਰਵਰੀ 2026 ਨੂੰ ਸ਼ਾਮ ਕਰੀਬ 9.40 ਵਜੇ ਉਹ ਬੱਸ ਸਟੈਂਡ ਘੁਬਾਇਆ ਖੜ੍ਹਾ ਸੀ। ਸੰਦੀਪ ਕੁਮਾਰ ਪੁੱਤਰ ਸ਼ਾਮ ਲਾਲ ਅਤੇ ਸੋਨੂੰ ਕੰਬੋਜ ਪੁਤਰ ਸ਼ਾਮ ਲਾਲ ਵਾਸੀਆਨ ਘੁਬਾਇਆ ਨੇ ਉਸਦੀ ਕੁੱਟਮਾਰ ਕਰਕੇ ਸੱਟਾਂ ਮਾਰੀਆਂ ਹਨ। ਇਸ ’ਤੇ ਥਾਣਾ ਸਦਰ ਦੀ ਪੁਲਸ ਨੇ ਸ਼ਿਕਾਇਤਕਰਤਾ ਹਰਜਿੰਦਰ ਸਿੰਘ ਦੇ ਬਿਆਨਾਂ ਦੇ ਆਧਾਰ ’ਤੇ ਸੰਦੀਪ ਅਤੇ ਸੋਨੂੰ ਕੰਬੋਜ ਦੇ ਖ਼?ਲਾਫ਼ ਮੁਕੱਦਮਾ ਦਰਜ ਕੀਤਾ ਗਿਆ ਹੈ।

## ਵਿਦੇਸ਼ ਭੇਜ ਕੇ ਪੀ. ਆਰ. ਕਰਵਾਉਣ ਦੀ ਆੜ ’ਚ ਠੱਗੇ 9 ਲੱਖ, ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ

ਲੁਧਿਆਣਾ 18 ਫਰਵਰੀ। ਵਿਦੇਸ਼ ਭੇਜ ਕੇ ਪੀ. ਆਰ. ਦਿਵਾਉਣ ਬਦਲੇ 9 ਲੱਖ ਰੁਪਏ ਦੀ ਧੋਖਾਦੇਹੀ ਕਰਨ ਦੇ ਦੋਸ਼ ’ਚ ਥਾਣਾ ਦੁੱਗਰੀ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ। ਪੁਲਸ ਨੇ ਗੁਰਪਾਲ ਨਗਰ ਦੇ ਰਹਿਣ ਵਾਲੇ ਭੁਪਿੰਦਰ ਸਿੰਘ ਦੇ ਬਿਆਨਾਂ ’ਤੇ ਭਗਵੰਤ ਸਿੰਘ ਅਤੇ ਯੂਅਰ ਇਮੀਗ੍ਰੇਸ਼ਨ ਦੇ ਅਰਸ਼ਦੀਪ ਸਿੰਘ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ’ਚ ਭੁਪਿੰਦਰ ਸਿੰਘ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਨੇ ਹਮਮਸ਼ਵਰਾ ਹੋ ਕੇ ਉਸ ਨੂੰ ਕੈਨੇਡਾ ਭੇਜ ਕੇ ਪੀ. ਆਰ. ਕਰਵਾ ਕੇ ਦੇਣ ਲਈ 9 ਲੱਖ ਰੁਪਏ ਲੈ ਲਏ ਪਰ ਮੁਲਜ਼ਮ ਨੇ ਨਾ ਤਾਂ ਉਸ ਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਉਸ ਦੀ ਰਾਸ਼ੀ ਵਾਪਸ ਕੀਤੀ। ਵਾਰ-ਵਾਰ ਕਹਿਣ ’ਤੇ ਮੁਲਜ਼ਮਾਂ ਨੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ।

## ਪ੍ਰੇਮੀ ਦੇ ਪਿਆਰ ’ਚ ਅੰਨ੍ਹੀ ਹੋਈ ਕਲਯੁੱਗੀ ਮਾਂ ! ਬੇਰਹਿਮੀ ਨਾਲ ਮਾਰਿਆ ਪੁੱਤ ਤੇ ਫਿਰ...

ਸਾਹਿਬਗੰਜ 18 ਫਰਵਰੀ। ਝਾਰਖੰਡ ਦੇ ਸਾਹਿਬਗੰਜ ਜ਼ਿਲ੍ਹੇ ਦੇ ਪਿੰਡ ਰਤਨਪੁਰ ਵਿੱਚ ਇੱਕ ਦਿਲ ਕੰਬਾਊ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਮਾਂ ਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਆਪਣੇ ਹੀ 15 ਸਾਲਾ ਪੁੱਤਰ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ। ਪੁਲਸ ਨੇ ਇਸ ਮਾਮਲੇ ਵਿੱਚ ਮੁਲਜ਼ਮ ਮਾਂ ਮੀਨੂੰ ਦੇਵੀ ਅਤੇ ਉਸ ਦੇ ਪ੍ਰੇਮੀ ਰੋਹਿਤ ਸਾਹ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਰੋਹਿਤ ਸਾਹ ਰਿਸ਼ਤੇ ’ਚ ਮਹਿਲਾ ਦਾ ਭਤੀਜਾ ਲੱਗਦਾ ਹੈ। ਪੁਲਸ ਅਨੁਸਾਰ ਇਹ ਘਟਨਾ 7 ਫਰਵਰੀ ਦੀ ਹੈ, ਜਦੋਂ ਮੀਨੂੰ ਦੇਵੀ ਦਾ ਪਤੀ ਹੇਮੰਤ ਸਾਹ ਕਿਸੇ ਕੰਮ ਲਈ ਘਰ ਤੋਂ ਬਾਹਰ ਗਿਆ ਹੋਇਆ ਸੀ। ਇਸ ਦੌਰਾਨ ਰੋਹਿਤ ਸਾਹ ਘਰ ਆਇਆ ਅਤੇ ਮ੍ਰਿਤਕ ਨੌਜਵਾਨ ਆਯੂਸ਼ ਨੇ ਆਪਣੀ ਮਾਂ ਨੂੰ ਰੋਹਿਤ ਨਾਲ ਇਤਰਾਜ਼ਯੋਗ ਹਾਲਤ ’ਚ ਦੇਖ ਲਿਆ। ਆਯੂਸ਼ ਵੱਲੋਂ ਰੌਲਾ ਪਾਉਣ ’ਤੇ, ਇਸ ਡਰ ਤੋਂ ਕਿ ਉਹ ਸਾਰੀ ਗੱਲ ਪਰਿਵਾਰ ਅਤੇ ਪਿੰਡ ਵਾਲਿਆਂ ਨੂੰ ਦੱਸ ਦੇਵੇਗਾ, ਦੋਵਾਂ ਨੇ ਮਿਲ ਕੇ ਆਯੂਸ਼ ਦਾ ਰੱਸੀ ਨਾਲ ਗਲਾ ਘੁੱਟ ਕੇ ਕਤਲ ਕਰ ਦਿੱਤਾ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ, ਮੁਲਜ਼ਮਾਂ ਨੇ ਲਾਸ਼ ਨੂੰ ਘਰ ਦੇ ਪਿੱਛੇ ਇੱਕ ਛੱਪੜ ਕੋਲ ਸੁੱਟ ਦਿੱਤਾ ਤਾਂ ਜੋ ਇਸ ਨੂੰ ਹਾਦਸਾ ਦਿਖਾਇਆ ਜਾ ਸਕੇ। ਜਦੋਂ ਹੇਮੰਤ ਸਾਹ ਘਰ ਵਾਪਸ ਆਇਆ ਤਾਂ ਮੀਨੂੰ ਦੇਵੀ ਨੇ ਝੂਠੀ ਕਹਾਣੀ ਸੁਣਾਈ ਕਿ ਆਯੂਸ਼ ਬਾਥਰੂਮ ਗਿਆ ਸੀ ਅਤੇ ਵਾਪਸ ਨਹੀਂ ਆਇਆ। ਪਿੰਡ ਵਾਲਿਆਂ ਦੀ ਮਦਦ ਨਾਲ ਭਾਲ ਕਰਨ ’ਤੇ ਆਯੂਸ਼ ਦੀ ਲਾਸ਼ ਛੱਪੜ ਕੋਲੋਂ ਮਿਲੀ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਜਦੋਂ ਪਰਿਵਾਰ ਅੰਤਿਮ ਸੰਸਕਾਰ ਦੀ ਤਿਆਰੀ ਕਰ ਰਿਹਾ ਸੀ ਤਾਂ ਪੁਲਸ ਨੂੰ ਮੌਤ ਦੇ ਹਾਲਾਤਾਂ ’ਤੇ ਸ਼ੱਕ ਹੋਇਆ। ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ।

## ਵਿਅਕਤੀ ਦਾ ਗੋਲੀ ਮਾਰ ਕੇ ਕਤਲ ਕਰਨ ਦੇ ਦੋਸ਼ ਹੇਠ 4 ਖ਼ਿਲਾਫ਼ ਮਾਮਲਾ ਦਰਜ

ਫਿਰੋਜ਼ਪੁਰ 18 ਫਰਵਰੀ। ਥਾਰ ਗੱਡੀ ’ਚ ਜਾ ਰਹੇ ਇਕ ਵਿਅਕਤੀ ਦਾ ਗੋਲੀ ਮਾਰ ਕੇ ਕਤਲ ਕਰਨ ਦੇ ਦੋਸ਼ ਹੇਠ ਥਾਣਾ ਘੱਲ ਖੁਰਦ ਦੀ ਪੁਲਸ ਨੇ 4 ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਦੀ ਜਾਣਕਾਰੀ ਦਿੰਦੇ ਥਾਣਾ ਘੱਲ ਖੁਰਦ ਦੇ ਐੱਸ. ਐੱਚ. ਓ. ਸਬ-ਇੰਸਪੈਕਟਰ ਸੁਖਵੀਰ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਹਰਮਨਦੀਪ ਸਿੰਘ ਪੁੱਤਰ ਦਿਲਰਾਜ ਸਿੰਘ ਵਾਸੀ ਬੋਪਾਰਾਏ ਕਲਾਂ, ਜ਼ਿਲ੍ਹਾ ਲੁਧਿਆਣਾ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨ ਦਿੱਤੇ ਸਨ।

## 1.31 ਕਰੋੜ ਔਰਤਾਂ ਦੇ ਖਾਤਿਆਂ ‘ਚ ਆਉਣਗੇ 5-5 ਹਜਾਰ ਰੁਪਏ, ਮੁੱਖ ਮੰਤਰੀ ਸਟਾਲਿਨ ਨੇ ਕਰ ‘ਤਾ ਐਲਾਨ

**ਕੌਮੀ ਪਤ੍ਰਿਕਾ**

ਚੇਨਈ 18 ਫਰਵਰੀ। ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਕਿਹਾ ਕਿ ਰਾਜ ਸਰਕਾਰ ਨੇ ਮਹਿਲਾ ਲਾਭਪਾਤਰੀ ਯੋਜਨਾ ਦੇ ਤਹਿਤ 1.31 ਕਰੋੜ ਲਾਭਪਾਤਰੀਆਂ ਦੇ ਖਾਤਿਆਂ ਵਿੱਚ 5,000 ਰੁਪਏ ਜਮ੍ਹਾ ਕਰਵਾਏ ਹਨ। ਵਿਰੋਧੀ ਪਾਰਟੀਆਂ ਇਸ ਕਦਮ ਦੀ ਆਲੋਚਨਾ ਕਰ ਰਹੀਆਂ ਹਨ, ਜੋ ਵਿਧਾਨ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਚੁੱਕਿਆ ਗਿਆ ਹੈ, ਜਿਸਦਾ ਉਨ੍ਹਾਂ ਦਾ ਕਹਿਣਾ ਹੈ ਕਿ ਇਹ “ਚੋਣ ਹਾਰਨ ਦੇ ਡਰੋਂ” ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਜੇਕਰ ਉਨ੍ਹਾਂ ਦੀ ਦ੍ਰਵਿੜ ਮੁਨੇਤਰ ਕੜਗਮ (ਡੀਐਮਕੇ) ਪਾਰਟੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸੱਤਾ ਵਿੱਚ ਆਉਂਦੀ ਹੈ, ਤਾਂ ਉਹ ਮਹੀਨਾਵਾਰ ਸਹਾਇਤਾ ਨੂੰ ਦੁੱਗਣਾ ਕਰਕੇ 2,000 ਰੁਪਏ ਕਰ ਦੇਣਗੇ। ਉਨ੍ਹਾਂ ਕਿਹਾ ਕਿ ਕਲੈਗਨਾਰ ਮਹਿਲਾ ਯੋਗਤਾ ਯੋਜਨਾ ਦੇ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ 5,000 ਰੁਪਏ ਸਿੱਧੇ ਜਮ੍ਹਾ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ, “ਤੁਹਾਨੂੰ ਅੱਜ ਸਵੇਰੇ 5,000 ਰੁਪਏ ਜਰੂਰ ਮਿਲੇ ਹੋਣਗੇ। ਮੈਂ ਇਹ ਰਕਮ ਦੇਣ ਦਾ ਫੈਸਲਾ ਕੀਤਾ ਹੈ, ਕਿਉਂਕਿ ਕੁਝ ਸਵਾਰਥੀ ਤੱਤ ਆਉਣ ਵਾਲੀਆਂ ਚੋਣਾਂ ਦਾ ਹਵਾਲਾ ਦੇ ਕੇ ਇਸ ਯੋਜਨਾ ਨੂੰ ਮੁਲਤਵੀ ਕਰਨ ਦੀ ਕੋਸ?ਿਸ ਕਰ ਰਹੇ ਹਨ।” ਉਨ੍ਹਾਂ ਨੇ ਸੋਸਲ ਮੀਡੀਆ ਪਲੇਟਫਾਰਮ ‘ਤੇ ਪੋਸਟ ਕੀਤੇ ਇੱਕ ਵੀਡੀਓ ਸੰਦੇਸ ਵਿੱਚ ਕਿਹਾ ਔਰਤਾਂ ਨੂੰ ਉਨ੍ਹਾਂ ਦੀ



ਮਾਸਿਕ ਵਿੱਤੀ ਸਹਾਇਤਾ ਤੋਂ ਵਾਂਝੇ ਕਰਨ ਦੀ ਕੋਸ?ਿਸ ਦਾ ਮੁਕਾਬਲਾ ਕਰਨ ਲਈ ਅਸੀਂ ਫਰਵਰੀ ਤੋਂ ਤਿੰਨ ਮਹੀਨਿਆਂ ਲਈ ਇਹ ਰਕਮ ਪ੍ਰਦਾਨ ਕਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਗਰਮੀਆਂ ਦੌਰਾਨ ਉਨ੍ਹਾਂ ਦੇ ਖਰਚਿਆਂ ਨੂੰ ਪੂਰਾ ਕਰਨ ਲਈ 2,000 ਰੁਪਏ ਪ੍ਰਦਾਨ ਕਰਨ ਦਾ ਫੈਸਲਾ ਕੀਤਾ ਹੈ। ਸਟਾਲਿਨ ਨੇ ਸੰਦੇਸ ਵਿੱਚ ਕਿਹਾ, “ਸਿਰਫ ਇਹ ਹੀ ਨਹੀਂ, ਇਸ ਸਾਲ ਡੀਐਮਕੇ ਦੇ ਸੱਤਾ ਵਿੱਚ ਆਉਣ ਤੋਂ ਬਾਅਦ 1,000 ਰੁਪਏ ਦੀ ਮਾਸਿਕ ਰਕਮ ਵਧਾ ਕੇ 2,000 ਰੁਪਏ ਕਰ ਦਿੱਤੀ ਜਾਵੇਗੀ।” ਭਾਰਤ ਵਿੱਚ ਚੋਣਾਂ ਜਿੱਤਣ ਲਈ ‘ਨਕਦੀ ਟ੍ਰਾਂਸਫਰ’ ( ) ਇੱਕ ਵੱਡਾ ਹਥਿਆਰ ਬਣ ਚੁੱਕਾ ਹੈ। ਤਾਜਾ ਅੰਕੜਿਆਂ ਮੁਤਾਬਕ, ਦੇਸ ਦੇ 12 ਸੂਬੇ ਲਗਭਗ 12.8 ਕਰੋੜ ਔਰਤਾਂ ਨੂੰ ਸਾਲਾਨਾ 1.9 ਲੱਖ ਕਰੋੜ ਰੁਪਏ ਸਿੱਧੇ ਬੈਂਕ ਖਾਤਿਆਂ ਵਿੱਚ ਭੇਜ ਰਹੇ ਹਨ। ਇਹ ਰੁਝਾਨ ਪਿਛਲੇ 3 ਸਾਲਾਂ ਵਿੱਚ 6 ਗੁਣਾ ਵਧਿਆ ਹੈ, ਜਿਸ ਨੇ ਰਾਜਾਂ ਦੇ ਖਜਾਨੇ ‘ਤੇ ਬੋਝ ਵਧਾ ਦਿੱਤਾ ਹੈ।

## ਸੂਬਾ ਸਰਕਾਰ ਨੇ ਪੈਨਸ਼ਨ ‘ਚ ਕੀਤਾ ਵਾਧਾ, ਹੁਣ ਖਾਤਿਆਂ ‘ਚ ਆਉਣਗੇ ਇੰਨੇ ਪਾਸੇ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 18 ਫਰਵਰੀ। ਹਰਿਆਣਾ ਸਰਕਾਰ ਨੇ ਬਜਟ ਸੈਸਨ ਤੋਂ ਪਹਿਲਾਂ ਪੈਨਸਨਰਾਂ ਨੂੰ ਇਕ ਵੱਡੀ ਰਾਹਤ ਦਿੱਤੀ ਹੈ। ਸਰਕਾਰ ਨੇ ਪੈਨਸਨਾਂ ਦੀਆਂ 13 ਸ੍ਰੇਣੀਆਂ ਵਿੱਚ 200 ਰੁਪਏ ਦਾ ਵਾਧਾ ਕੀਤਾ ਹੈ। ਹੁਣ ਰਾਜ ਦੇ ਲਗਭਗ 30 ਲੱਖ ਪੈਨਸਨਰਾਂ ਨੂੰ 3,200 ਰੁਪਏ ਤੋਂ 14,000 ਰੁਪਏ ਤੱਕ ਦੀ ਮਾਸਿਕ ਪੈਨਸਨ ਮਿਲੇਗੀ। ਮੁੱਖ ਮੰਤਰੀ ਨਾਇਬ ਸੈਣੀ ਦੇ ਨਿਰਦੇਸਾਂ ‘ਤੇ ਸਮਾਜ ਭਲਾਈ ਵਿਭਾਗ ਵੱਲੋਂ ਇਸਦਾ ਨੋਟੀਫਿਕੇਸਨ ਵੀ ਜਾਰੀ ਕੀਤਾ ਗਿਆ ਹੈ। ਦੱਸ ਦੇਈਏ ਕਿ ਹੁਣ ਤੱਕ ਪੈਨਸਨ ਦੀਆਂ 9 ਸ੍ਰੇਣੀਆਂ ਦੇ ਤਹਿਤ ਲਾਭਪਾਤਰੀਆਂ ਨੂੰ ਹਰ ਮਹੀਨੇ 3000 ਰੁਪਏ ਦਿੱਤੇ ਜਾ ਰਹੇ ਸਨ ਪਰ ਹੁਣ ਸਰਕਾਰ ਵੱਲੋਂ 200 ਰੁਪਏ ਦੇ ਵਾਧੇ ਤੋਂ ਬਾਅਦ ਹਰ ਮਹੀਨੇ 3200 ਰੁਪਏ ਦਿੱਤੇ ਜਾਣਗੇ। ਇਨ੍ਹਾਂ ਸ੍ਰੇਣੀਆਂ ਵਿੱਚ ਲਾਡਲੀ ਸਮਾਜਿਕ ਸੁਰੱਖਿਆ ਪੈਨਸਨ ਯੋਜਨਾ, ਵੱਖਰੇ ਤੌਰ ‘ਤੇ ਅਪਾਹਜ ਵਿਅਕਤੀ ਨੂੰ ਪੈਨਸਨ, ਵਿਧਵਾ ਪੈਨਸਨ ਵਰਗੀਆਂ ਯੋਜਨਾਵਾਂ ਸਾਮਲ ਹਨ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਇਹ ਵਧੀਆਂ ਹੋਈਆਂ ਪੈਨਸਨਾਂ ਦੋ ਦਿਨਾਂ ਦੇ ਅੰਦਰ ਜਾਰੀ ਕਰਨ




ਦੇ ਨਿਰਦੇਸ ਦਿੱਤੇ ਹਨ। ਜ?ਿਕਰਯੋਗ ਹੈ ਕਿ ਮੁੱਖ ਮੰਤਰੀ ਨਾਇਬ ਸੈਣੀ ਨੇ ਬੁੱਧਵਾਰ ਨੂੰ ਪੈਨਸਨਾਂ ਸੰਬੰਧੀ ਇੱਕ ਐਮਰਜੈਂਸੀ ਮੀਟਿੰਗ ਕੀਤੀ, ਜਿਸ ਵਿੱਚ ਸੇਵਾ ਵਿਭਾਗ ਦੇ ਤਿੰਨ ਸੀਨੀਅਰ ਅਧਿਕਾਰੀਆਂ ਅਤੇ ਪੈਨਸਨ ਮਾਮਲਿਆਂ ਨਾਲ ਜੁੜੇ 11 ਹੋਰ ਅਧਿਕਾਰੀਆਂ ਨੂੰ ਬੁਲਾਇਆ ਗਿਆ ਸੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਦਿੱਤੀਆਂ ਸਨ ਕਿ ਜਦੋਂ ਤੱਕ ਤਸਦੀਕ ਦਾ ਕੰਮ ਪੂਰਾ ਨਹੀਂ ਹੋ ਜਾਂਦਾ, ਉਦੋਂ ਤੱਕ ਕੋਈ ਵੀ ਪੈਨਸਨ ਰੋਕੀ ਨਹੀਂ ਜਾਵੇਗੀ। ਸਾਰਿਆਂ ਦੀ ਪੈਨਸਨ ਜਾਰੀ ਕੀਤੀ ਜਾਣੀ ਚਾਹੀਦੀ ਹੈ। ਹੁਣ ਸਿਰਫ ਇੱਕ ਦਿਨ ਬਾਅਦ ਪੈਨਸਨ ਵਿੱਚ ਵਾਧਾ ਕੀਤਾ ਗਿਆ। ਸਰਕਾਰ ਨੇ ਇਸ ਤੋਂ ਇਲਾਵਾ ਉਨ੍ਹਾਂ ਬੱਚਿਆਂ ਨੂੰ ਵੀ ਰਾਹਤ ਦਿੱਤੀ ਹੈ, ਜੋ ਸਕੂਲ ਨਾ ਜਾਣ ਵਾਲੇ ਵੱਖ-ਵੱਖ ਤੌਰ ‘ਤੇ ਅਪਾਹਜ ਬੱਚਿਆਂ ਨੂੰ ਵਿੱਤੀ ਸਹਾਇਤਾ ਲਈ 200 ਦਾ ਵਾਧਾ ਕਰਕੇ ਯੋਗ ਹਨ। ਇਸ ਵਾਧੇ ਤੋਂ ਬਾਅਦ ਹੁਣ ਇਸ ਸ੍ਰੇਣੀ ਦੇ ਲਾਭਪਾਤਰੀਆਂ ਨੂੰ 2,600 ਦਿੱਤੇ ਜਾਣਗੇ। ਪਹਿਲਾਂ ਸਰਕਾਰ ਇਸ ਸ੍ਰੇਣੀ ਦੇ ਲਾਭਪਾਤਰੀਆਂ ਨੂੰ ਪ੍ਰਤੀ ਮਹੀਨਾ 2,400 ਪ੍ਰਦਾਨ ਕਰ ਰਹੀ ਸੀ। ਹਰਿਆਣਾ ਸਰਕਾਰ ਮਾਪਿਆਂ ਤੋਂ ਬਿਨਾਂ ਰਹਿ ਰਹੇ ਬੱਚਿਆਂ ਨੂੰ ਮਹੀਨਾਵਾਰ ਪੈਨਸਨ ਵੀ ਦੇ ਰਹੀ ਹੈ। ਹੁਣ ਤੱਕ ਸਰਕਾਰ ਅਜਿਹੇ ਬੱਚਿਆਂ ਨੂੰ 2100 ਤੋਂ 4200 ਰੁਪਏ ਤੱਕ ਪੈਨਸਨ ਦੇ ਰਹੀ ਸੀ, ਪਰ ਵਾਧੇ ਤੋਂ ਬਾਅਦ ਹੁਣ ਸਰਕਾਰ ਇੱਕ ਬੱਚੇ ਨੂੰ 2300 ਰੁਪਏ ਅਤੇ ਦੋ ਬੱਚਿਆਂ ਨੂੰ 4600 ਰੁਪਏ ਹਰ ਮਹੀਨੇ ਪੈਨਸਨ ਦੇਵੇਗੀ।

## ਟੋਏ ਕਾਰਨ ਮੋਟਰਸਾਈਕਲ ਸਵਾਰ ਪਰਿਵਾਰ ਨਾਲ ਵਾਪਰਿਆ ਹਾਦਸਾ, ਔਰਤ ਗੰਭੀਰ ਜ਼ਖ਼ਮੀ

ਜੈਤੋ 18 ਫਰਵਰੀ। ਜੈਤੋ-ਬਠਿੰਡਾ ਰੋਡ ’ਤੇ ਸਥਿਤ ਪਿੰਡ ਚੰਦਭਾਨ ਦੇ ਨਜ਼ਦੀਕ ਐੱਸ. ਬੀ. ਆਈ. ਬੈਂਕ ਕੋਲ ਸੜਕ ਵਿਚਕਾਰ ਪਏ ਇਕ ਡੂੰਘੇ ਟੋਏ ਕਾਰਨ ਵਾਪਰੇ ਭਿਆਨਕ ਸੜਕ ਹਾਦਸੇ ਵਿਚ ਇਕ ਔਰਤ ਗੰਭੀਰ ਜ਼ਖ਼ਮੀ ਹੋ ਗਈ। ਜਾਣਕਾਰੀ ਮੁਤਾਬਕ ਪਿੰਡ ਘਣੀਆਂ ਦਾ ਰਹਿਣ ਵਾਲਾ ਸ਼ਮਸ਼ੇਰ ਸਿੰਘ ਆਪਣੀ ਪਤਨੀ ਮਨਜੀਤ ਕੌਰ (25 ਸਾਲ) ਅਤੇ ਬੇਟੇ ਸਮੇਤ ਮੋਟਰਸਾਈਕਲ ’ਤੇ ਸਵਾਰ ਹੋ ਕੇ ਪਿੰਡ ਭੋਖੜਾ ਵੱਲ ਜਾ ਰਿਹਾ ਸੀ। ਅਚਾਨਕ ਮੋਟਰਸਾਈਕਲ ਦਾ ਸੰਤੁਲਨ ਵਿਗੜਨ ਕਾਰਨ ਪੂਰਾ ਪਰਿਵਾਰ ਸੜਕ ’ਤੇ ਜਾ ਡਿੱਗਿਆ, ਜਿਸ ਵਿਚ ਮਨਜੀਤ ਕੌਰ ਦੇ ਗੰਭੀਰ ਸੱਟਾਂ ਵੱਜੀਆਂ ਅਤੇ ਬੱਚੇ ਨੂੰ ਮਾਮੂਲੀ ਚੋਟਾਂ ਆਈਆਂ, ਜਦਕਿ ਮੋਟਰਸਾਈਕਲ ਚਾਲਕ ਸੁਰੱਖਿਅਤ ਰਿਹਾ। ਹਾਦਸੇ ਦੀ ਸੂਚਨਾ ਮਿਲਦੇ ਹੀ ’ਚੜ੍ਹਦੀਕਲਾ ਵੈੱਲਫੇਅਰ ਸੇਵਾ ਸੋਸਾਇਟੀ ਗੰਗਸਰ ਜੈਤੋ’ ਦੇ ਮੈਂਬਰ ਮੀਤ ਸਿੰਘ ਮੀਤਾ, ਗੋਰਾ ਔਲਖ ਅਤੇ ਕੁਲਦੀਪ ਰਾਜਪੂਤ ਐਂਬੂਲੈਂਸ ਸਮੇਤ ਮੌਕੇ ’ਤੇ ਪਹੁੰਚੇ। ਉਨ੍ਹਾਂ ਤੁਰੰਤ ਜ਼ਖ਼ਮੀਆਂ ਨੂੰ ਗੋਨਿਆਣਾ ਦੇ ਸਰਕਾਰੀ ਸਿਵਲ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਮਹਿਲਾ ਦੀ ਨਾਜ਼ੁਕ ਹਾਲਤ ਨੂੰ ਵੇਖਦਿਆਂ ਪਹਿਲਾਂ ਬਠਿੰਡਾ ਸਿਵਲ ਹਸਪਤਾਲ ਅਤੇ ਫਿਰ ਏਮਜ਼ ਰੈਫਰ ਕਰ ਦਿੱਤਾ। ਹਾਲਤ ਜ਼ਿਆਦਾ ਗੰਭੀਰ ਹੋਣ ਕਾਰਨ ਪਰਿਵਾਰਕ ਮੈਂਬਰਾਂ ਨੇ ਮਨਜੀਤ ਕੌਰ ਨੂੰ ਬਠਿੰਡਾ ਦੇ ਇਕ ਨਿੱਜੀ ਹਸਪਤਾਲ ਵਿਚ ਇਲਾਜ ਲਈ ਦਾਖ਼ਲ ਕਰਵਾਇਆ ਹੈ। ਰਾਹਗੀਰਾਂ ਅਨੁਸਾਰ ਸੜਕਾਂ ਦੀ ਮਾੜੀ ਹਾਲਤ ਅਤੇ ਖ਼ਤਰਨਾਕ ਟੋਏ ਰੋਜ਼ਾਨਾ ਅਜਿਹੇ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ।

## ਪੈਰੋਲ ਤੋਂ ਵਾਪਸ ਨਾ ਪਰਤਣ ਵਾਲੇ ਦੋਸ਼ੀ ਨੂੰ ਪੁਲਸ ਨੇ ਕੀਤਾ ਗ੍ਰਿਫ਼ਤਾਰ

ਫਿਰੋਜ਼ਪੁਰ 18 ਫਰਵਰੀ। ਥਾਣਾ ਮੱਲਾਂਵਾਲਾ ਦੀ ਪੁਲਸ ਨੇ ਪੈਰੋਲ ’ਤੇ ਆਏ ਇੱਕ ਵਿਅਕਤੀ ਨੂੰ ਪੈਰੋਲ ਤੋਂ ਵਾਪਸ ਨਾ ਪਰਤਣ ਦੇ ਦੋਸ਼ ’ਚ ਬੀਤੇ ਦਿਨ ਗਸ਼ਤ ਅਤੇ ਚੈਕਿੰਗ ਦੌਰਾਨ ਮਿਲੀ ਸੂਚਨਾ ਦੇ ਆਧਾਰ ’ਤੇ ਗ੍ਰਿਫ਼ਤਾਰ ਕੀਤਾ ਹੈ। ਉਕਤ ਮਾਮਲੇ ’ਚ ਪੁਲਸ ਨੇ ਦੋਸ਼ੀ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦਿਆਂ ਥਾਣਾ ਮੱਲਾਂਵਾਲਾ ਦੇ ਏ. ਐੱਸ. ਆਈ. ਸਤਿੰਦਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸਾਥੀ ਕਰਮਚਾਰੀਆਂ ਸਮੇਤ ਬੀਤੇ ਦਿਨ ਸੂਚਨਾ ਮਿਲੀ ਸੀ ਕਿ ਪ੍ਰਦੀਪ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਪਿੰਡ ਕੋਹਾਲਾ ਪੈਰੋਲ ’ਤੇ ਆਇਆ ਸੀ। ਉਹ ਵਾਪਸ ਨਹੀਂ ਗਿਆ ਹੈ। ਜਿਸ ’ਤੇ ਪੁਲਸ ਨੇ ਪ੍ਰਦੀਪ ਸਿੰਘ ਨੂੰ ਛਾਪੇਮਾਰੀ ਕਰਕੇ ਗ੍ਰਿਫ਼ਤਾਰ ਕਰ ਲਿਆ ਹੈ। ਮਾਮਲੇ ਦੀ ਜਾਂਚ ਕਰ ਰਹੇ ਸਤਿੰਦਰਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲੇ ਵਿੱਚ ਪ੍ਰਦੀਪ ’ਤੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਰਾਜਸਥਾਨ ’ਚ ਮਿਲਾਵਟੀ ਦੁੱਧ ਦੇ ਰੈਕੇਟ ਦਾ ਪਰਦਾਫਾਸ਼: ਕਾਂਗਰਸੀ ਨੇਤਾ ’ਤੇ ਸ਼ਮੂਲੀਅਤ ਦਾ ਦੋਸ਼

**ਏਜੰਸੀਆਂ**

ਨੈਸ਼ਨਲ ਡੈਸਕ 18 ਫਰਵਰੀ। ਰਾਜਸਥਾਨ ਦੇ ਟੋਂਕ ਜ਼ਿਲ੍ਹੇ ਵਿੱਚ ਪੁਲਸ ਨੇ ਇੱਕ ਕਥਿਤ ਫੈਕਟਰੀ ’ਤੇ ਛਾਪਾ ਮਾਰਦੇ ਹੋਏ



ਵੱਡੇ ਪੱਧਰ ’ਤੇ ਮਿਲਾਵਟੀ ਦੁੱਧ ਬਣਾਉਣ ਦੇ ਕਾਰੋਬਾਰ ਦਾ ਪਰਦਾਫਾਸ਼ ਕਰ ਦਿੱਤਾ। ਪੁਲਸ ਦੀ ਇਸ ਕਾਰਵਾਈ ਦੌਰਾਨ ਲਗਭਗ 5,500 ਲੀਟਰ ਸਿੰਥੈਟਿਕ ਦੁੱਧ, ਕਈ ਵਾਹਨ ਅਤੇ ਵੱਡੀ ਮਾਤਰਾ ਵਿੱਚ ਸੋਇਆਬੀਨ ਤੇਲ, ਬਨਸਪਤੀ ਘਿਓ, ਕਾਸਟਿਕ ਸੋਡਾ ਅਤੇ ਹੋਰ ਰਸਾਇਣ ਜ਼ਬਤ ਕੀਤੇ। ਜਾਣਕਾਰੀ ਅਨੁਸਾਰ ਇਸ ਮਾਮਲੇ ਵਿੱਚ ਇੱਕ ਕਾਂਗਰਸੀ ਆਗੂ ਦੇ ਸ਼ਾਮਲ ਹੋਣ ਦੀਆਂ ਖ਼ਬਰਾਂ ਵੀ ਸਾਹਮਣੇ ਆ ਰਹੀਆਂ ਹਨ। ਪੁਲਸ ਦੇ ਅਨੁਸਾਰ ਇਸ ਯੂਨਿਟ ਵਿਚ ਰੋਜ਼ਾਨਾ ਲਗਭਗ 80,000 ਲੀਟਰ ਮਿਲਾਵਟੀ ਦੁੱਧ ਦਾ ਉਤਪਾਦਨ ਤਿਆਰ ਕੀਤਾ ਜਾਂਦਾ ਸੀ। ਤਿਆਰ ਕੀਤੇ ਜਾਣ ਵਾਲੇ ਮਾਲ ਨੂੰ ਜੈਪੁਰ, ਅਜਮੇਰ ਅਤੇ ਟੋਂਕ ਦੇ ਬਾਜ਼ਾਰਾਂ ਵਿੱਚ ਸਪਲਾਈ ਕੀਤਾ ਜਾਂਦਾ ਸੀ। ਇਸ ਦੌਰਾਨ ਕੀਤੀ ਜਾ ਰਹੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਹ ਯੂਨਿਟ ਇੱਕ ਚਿਲਿੰਗ ਪਲਾਂਟ ਲਾਇਸੈਂਸ ਅਧੀਨ ਕੰਮ ਕਰ ਰਿਹਾ ਸੀ ਪਰ ਕਥਿਤ ਤੌਰ ’ਤੇ ਲਾਇਸੈਂਸ ਦੀ ਦੁਰਵਰਤੋਂ ਕਰਕੇ ਵੱਡੇ ਪੱਧਰ ’ਤੇ ਮਿਲਾਵਟੀ ਦੁੱਧ ਪੈਦਾ ਕੀਤਾ ਜਾ ਰਿਹਾ ਸੀ। ਇਸ ਮਾਮਲੇ ਵਿੱਚ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦੋਂ ਕਿ ਮੁੱਖ ਦੋਸ਼ੀ ਇਸ ਸਮੇਂ ਫ਼ਰਾਰ ਹੈ। ਪੁਲਸ ਉਸਦੀ ਭਾਲ ਕਰ ਰਹੀ ਹੈ ਅਤੇ ਪੂਰੇ ਨੈੱਟਵਰਕ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

## ਪਾਕਿਸਤਾਨ ਤੋਂ ਮੰਗਵਾਈ 22 ਕਿੱਲੋ ਹੈਰੋਇਨ ਸਣੇ 4 ਨਸ਼ਾ ਤਸਕਰ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਫਿਰੋਜਪੁਰ 18 ਫਰਵਰੀ। ਸੀ. ਆਈ. ਏ. ਸਟਾਫ ਜੀਰਾ ਦੀ ਪੁਲਸ ਨੇ ਇੰਚਾਰਜ ਗੁਰਮੀਤ ਸਿੰਘ ਦੀ ਅਗਵਾਈ ਹੇਠ 4 ਨਸਾ ਤਸਕਰਾਂ ਨੂੰ ਗ੍ਰਿਫਤਾਰ ਕਰਦੇ ਉਨ੍ਹਾਂ ਕੋਲੋਂ 22 ਕਿੱਲੋ 295 ਗ੍ਰਾਮ ਹੈਰੋਇਨ, 25,000 ਰੁਪਏ ਦੀ ਡਰੱਗ ਮਨੀ, ਦੋ ਗਲੌਕ ਪਿਸਤੌਲ, ਮੈਗਜੀਨ, ਦੋ ਜ?ਿਦਾ 9 ਐੱਮ. ਐੱਮ. ਕਾਰਤੂਸ ਅਤੇ ਚਾਰ ਮੋਬਾਇਲ ਫੋਨ ਬਰਾਮਦ ਕੀਤੇ। ਇਹ ਨਸ਼ਾ ਤਸਕਰ ਹਰਿਆਣਾ ਨੰਬਰ ਦੀ ਕਾਰ ‘ਚ ਹੈਰੋਇਨ ਅਤੇ ਹਥਿਆਰ ਲੈ ਕੇ ਆ ਰਹੇ ਸਨ। ਇਹ ਜਾਣਕਾਰੀ ਦਿੰਦਿਆਂ ਡੀ. ਆਈ. ਜੀ. ਫਿਰੋਜਪੁਰ ਰੇਂਜ ਸਨੇਹਦੀਪ ਸਰਮਾ ਨੇ ਆਯੋਜਿਤ ਪ੍ਰੈੱਸ ਕਾਨਫਰੰਸ ‘ਚ ਦੱਸਿਆ ਕਿ ਐੱਸ. ਐੱਸ. ਪੀ. ਭੁਪਿੰਦਰ ਸਿੰਘ ਸਿੱਧੂ ਵੱਲੋਂ ਫਿਰੋਜਪੁਰ ਜ?ਿਲ੍ਹੇ ‘ਚ ਨਸਾ ਤਸਕਰਾਂ ਨੂੰ ਫੜਨ ਲਈ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਹਨ। ਜਦੋਂ ਸੀ. ਆਈ. ਏ. ਸਟਾਫ ਜੀਰਾ ਦੇ ਇੰਚਾਰਜ ਗੁਰਮੀਤ ਸਿੰਘ ਦੀ ਅਗਵਾਈ ਵਿੱਚ ਪੁਲਸ ਗਸਤ ਕਰ ਰਹੀ ਸੀ ਤਾਂ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਪ੍ਰਤਾਪ ਸਿੰਘ ਪੁੱਤਰ ਸਰਵਣ ਸਿੰਘ ਵਾਸੀ ਪਿੰਡ ਕਿਲਚਾ (ਫਿਰੋਜਪੁਰ), ਜਗਜੀਤ ਸਿੰਘ ਉਰਫ ਜੱਗਾ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਅਰਨੀਵਾਲਾ (ਜ?ਿਲ੍ਹਾ ਫਾਜ?ਿਲਕਾ), ਮਲੂਕ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਗੰਧੂ ਕਿਲਚਾ (ਜ?ਿਲ੍ਹਾ ਫਿਰੋਜਪੁਰ) ਅਤੇ ਕਿਰਨਦੀਪ ਸਿੰਘ ਉਰਫ ਦੀਪ ਪੁੱਤਰ ਸੁਰਜੀਤ ਸਿੰਘ




ਵਾਸੀ ਸਹੀਦ ਭਗਤ ਸਿੰਘ ਕਾਲੋਨੀ ਫਿਰੋਜਪੁਰ ਸਹਿਰ ਹੈਰੋਇਨ ਦੀ ਤਸਕਰੀ ਕਰਦੇ ਹਨ ਅਤੇ ਪਾਕਿਸਤਾਨ ਤੋਂ ਹੈਰੋਇਨ ਮੰਗਵਾ ਕੇ ਅੱਗੇ ਸਪਲਾਈ ਕਰਦੇ ਹਨ। ਇਨ੍ਹਾਂ ਨੇ ਡਰੋਨ ਰਾਹੀਂ ਪਾਕਿਸਤਾਨੀ ਤਸਕਰਾਂ ਤੋਂ ਹੈਰੋਇਨ ਦੀ ਵੱਡੀ ਖੇਪ ਮੰਗਵਾਈ ਹੈ ਤਾਂ ਸੀ. ਆਈ. ਏ. ਇੰਚਾਰਜ ਗੁਰਮੀਤ ਸਿੰਘ, ਏ. ਐੱਸ. ਆਈ. ਅੰਗਰੇਜ ਸਿੰਘ ਅਤੇ ਉਨ੍ਹਾਂ ਦੀ ਪੁਲਸ ਪਾਰਟੀ ਨੇ ਤੁਰੰਤ ਕਾਰਵਾਈ ਕਰਦਿਆਂ ਨਾਮਜਦ ਚਾਰ ਨਸਾ ਤਸਕਰਾਂ ਨੂੰ ਹਰਿਆਣਾ ਨੰਬਰ ਦੀ ਕਾਰ ’ਤੇ ਆਉਂਦਿਆਂ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਕੋਲੋਂ ਤਲਾਸ਼ੀ ਲੈਣ ‘ਤੇ 2 ਕਿੱਲੋ 717 ਗ੍ਰਾਮ ਹੈਰੋਇਨ, ਇੱਕ ਪਿਸਤੌਲ, ਇੱਕ ਮੈਗਜੀਨ ਅਤੇ ਇੱਕ ਮੋਬਾਇਲ ਫੋਨ ਬਰਾਮਦ ਹੋਇਆ। ਉਨ੍ਹਾਂ ਦੱਸਿਆ ਕਿ ਐੱਨ. ਡੀ. ਪੀ. ਐੱਸ. ਐਕਟ ਤਹਿਤ ਮੁਕੱਦਮਾ ਦਰਜ ਕਰਕੇ ਜਦੋਂ ਤਸਕਰਾਂ ਤੋਂ ਪੁੱਛਗਿੱਛ ਕੀਤੀ ਗਈ ਤਾਂ ਤਸਕਰ ਪ੍ਰਤਾਪ ਸਿੰਘ ਦੀ ਨਿਸ਼ਾਨਦੇਹੀ ’ਤੇ ਪੁਲਸ ਨੇ 19 ਕਿੱਲੋ 578 ਗ੍ਰਾਮ ਹੈਰੋਇਨ ਹੋਰ ਬਰਾਮਦ ਕੀਤੀ। ਸਨੇਹਦੀਪ ਸਰਮਾ ਨੇ ਦੱਸਿਆ ਕਿ ਇਸ ਨਸਾ ਤਸਕਰੀ ਗਿਰੋਹ ਤੋਂ ਕੁੱਲ 22 ਕਿੱਲੋ 295 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਬੀ. ਐੱਸ. ਐੱਫ. ਦੀ 99ਵੀਂ ਬਟਾਲੀਅਨ ਨੇ ਇਸ ਪੁਲਸ ਕਾਰਵਾਈ ‘ਚ ਫਿਰੋਜਪੁਰ ਪੁਲਸ ਨੂੰ ਪੂਰਾ ਸਹਿਯੋਗ ਦਿੱਤਾ। ਡੀ. ਆਈ. ਜੀ. ਅਤੇ ਐੱਸ. ਐੱਸ. ਪੀ. ਫਿਰੋਜਪੁਰ ਨੇ ਦੱਸਿਆ ਕਿ ਤਸਕਰ ਮਲੂਕ ਸਿੰਘ ਖ?ਿਲਾਫ ਪਹਿਲਾਂ ਵੀ 11 ਕਿੱਲੋ ਹੈਰੋਇਨ ਬਰਾਮਦਗੀ ਦਾ ਅਤੇ ਤਿੰਨ ਹੋਰ ਮੁਕੱਦਮੇ ਦਰਜ ਹਨ ਅਤੇ ਪੁਲਸ ਵੱਲੋਂ ਫੜ੍ਹੇ ਗਏ ਨਸਾ ਤਸਕਰਾਂ ਦੇ ਪਿਛਲੇ ਅਤੇ ਅਗਲੇ ਲਿੰਕ ਟਰੇਸ ਕੀਤੇ ਜਾ ਰਹੇ ਹਨ ਅਤੇ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਤਸਕਰ ਪਾਕਿਸਤਾਨ ਤੋਂ ਪਹਿਲਾਂ ਕਿੰਨੀ ਹੈਰੋਇਨ ਮੰਗਵਾ ਚੁੱਕੇ ਹਨ ਅਤੇ ਕਿੱਥੇ-ਕਿੱਥੇ ਸਪਲਾਈ ਕਰ ਚੁੱਕੇ ਹਨ ਅਤੇ ਇਸ ਗਿਰੋਹ ਦੇ ਕਿਹੜੇ ਵੱਡੇ ਨਸਾ ਤਸਕਰਾਂ ਨਾਲ ਸਬੰਧ ਹਨ?